The central government has not sorted out any issue satisfactorily whether it was reorganization of states, water sharing, Rajiv-Longowal Accord and protection to minorities. Nayyar said that Nehru was vehemently opposed to the division of Punjab. Reminiscing Longowal - Rajiv talks in Delhi, Nayyar felt proud that Akalis had lodged full confidence in him. Balwant Singh, the former Finance Minister, had proposed to the then PM Rajiv Gandhi to make him (Nayyar) the arbiter in resolving all nagging issues. Bajpai consulted him quite often on Pakistan affairs, but not on Punjab. In Sonia Gandhi's eyes, Nayyar was a staunch opponent of Mrs. Indira Gandhi. It might have been the reason that Dr. Manmohan Singh didn't accept Nayyar's offer of help in domestic and foreign policies.

On being informed about exploitation of Punjabis who got citizenship of the US, Nayyar made it clear that the purpose of Indian Missions in foreign countries is basically to provide help and not create obstacles. He promised to take up issues with the Consulate General, Home and Foreign Ministries. Nayar was informed that protests and demonstrations are integral to democracies, therefore, shouldn't be used against people of Indian origin. Nayyar faced many threats in his life. Threats came in the form of angry letters and phone calls to shoot him and his grandchildren. To questions about Mumbai Massacre on November 26, 2008, Nayyar couldn't clearly say if a specific plan to target the then ATS chief Hemant Karkare was in place or not. However, Karkar's wife Mrs. Kavita is very vocal in exposing missing links in the official narrative. Nayyar had a very successful career. He is the strongest witness to the pre and post partition politics of blood and gore. Nayyar is very concerned about the widening gulf between countries' rich and poor.

P*osted at-*
http://www.ambedkartimes.com/amrik_ singh.htmon
July 20, 2010

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਦੇਸ਼ ਦੁਆਬਾ ਦਾ 9ਵੇਂ ਵਰ੍ਹੇ ਦਾ ਪੰਜਵਾਂ ਅੰਕ

ਹਫਤਾਵਾਰੀ

ਦੇਸ਼ ਦੁਆਬਾ

VOL - 9 ISSUE - 5
May 13, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

ਛੇਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਲੇਖ (ਦੇਖੋ ਸਫਾ 16 'ਤੇ)

ਮਮਤਾ, ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ।
(ਮਦਰ ਡੇਅ ਨੂੰ ਸਮਰਪਿਤ ਲੇਖ ਦੇਖੋ ਸਫਾ 6 'ਤੇ)

ਦੁਨੀਆ ਭਰ 'ਚ 40 ਲੱਖ ਤੋਂ ਜ਼ਿਆਦਾ ਲੋਕ ਕੋਰੋਨਾ ਦੀ ਲਪੇਟ 'ਚ ਆਏ

ਵਾਸ਼ਿੰਗਟਨ (ਬਿਊਰੋ)– ਦੁਨੀਆ ਭਰ 'ਚ ਕੋਰੋਨਾ ਇਨਫੈਕਟਿਡ ਮਰੀਜ਼ਾਂ ਦੀ ਗਿਣਤੀ 40 ਲੱਖ ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਜਾਨ ਗੁਆਉਣ ਵਾਲਿਆਂ ਦੀ ਗਿਣਤੀ 2 ਲੱਖ 77 ਹਜ਼ਾਰ ਤੋਂ ਜ਼ਿਆਦਾ ਹੋ ਗਈ ਹੈ। ਅਮਰੀਕਾ ਇਸ ਮਹਾਮਾਰੀ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੈ। ਇਕੱਲੇ ਇਸ ਦੇਸ਼ ਵਿਚ 13 ਲੱਖ ਤੋਂ ਜ਼ਿਆਦਾ ਲੋਕ ਇਨਫੈਕਟਿਡ ਹਨ ਅਤੇ ਹੁਣ ਤਕ 80 ਹਜ਼ਾਰ ਤੋਂ ਜ਼ਿਆਦਾ ਲੋਕ ਜਾਨ ਗੁਆ ਚੁੱਕੇ ਹਨ।

ਇਸ ਵਿਚਾਲੇ ਮਾਹਿਰਾਂ ਨੇ ਚੌਕਸ ਕੀਤਾ ਹੈ ਕਿ ਇਨਫੈਕਟਿਡ ਮਰੀਜ਼ਾਂ ਦੀ ਗਿਣਤੀ ਹੋਰ ਵਧ ਸਕਦੀ ਹੈ ਕਿਉਂਕਿ ਕਈ ਦੇਸ਼ਾਂ ਵਿਚ ਟੈਸਟਿੰਗ ਬਹੁਤ ਸੀਮਤ ਗਿਣਤੀ ਵਿਚ ਹੋ ਰਹੀ ਹੈ। ਸਪੇਨ ਸਮੇਤ ਕੁਝ ਦੇਸ਼ਾਂ ਵਿਚ ਰੋਜ਼ਾਨਾ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿਚ ਜ਼ਰੂਰ ਕਮੀ ਆਈ ਹੈ, ਪਰ ਲਾਕਡਾਊਨ ਤੋਂ ਦਿੱਤੀ ਜਾ ਰਹੀ ਛੋਟ ਦੂਜੇ ਦੌਰ ਦੇ ਇਨਫੈਕਸ਼ਨ ਦਾ ਕਾਰਨ ਬਣ ਸਕਦੀ ਹੈ। ਚੀਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਮਹਾਮਾਰੀ ਨੇ ਦੇਸ਼ ਦੀ ਸਰਕਾਰੀ ਸਿਹਤ ਸੇਵਾ ਦੀ ਕਮਜ਼ੋਰੀ ਉਜਾਗਰ ਕਰ ਦਿੱਤੀ ਹੈ। ਜਦੋਂ ਅਮਰੀਕਾ ਸਮੇਤ ਹੋਰ ਦੇਸ਼ ਚੀਨ ਨੂੰ ਇਨਫੈਕਸ਼ਨ ਦਾ ਜ਼ਿੰਮੇਵਾਰ ਠਹਿਰਾ ਰਹੇ ਹਨ, ਅਜਿਹੇ ਸਮੇਂ ਵਿਚ ਚੀਨ ਦੇ ਨੈਸ਼ਨਲ ਸਿਹਤ ਕਮਿਸ਼ਨ ਦੇ ਡਾਇਰੈਕਟਰ ਲੀ ਬਿਨ ਦੀ ਇਹ ਗੱਲ ਹੈਰਾਨ ਕਰਨ ਵਾਲੀ ਹੈ।

ਜਰਮਨੀ 'ਚ ਮੁੜ ਤੇਜ਼ੀ ਨਾਲ ਵਧਣ ਲੱਗੇ ਇਨਫੈਕਸ਼ਨ ਦੇ ਮਾਮਲੇ

ਲਾਕਡਾਊਨ ਤੋਂ ਛੋਟ ਦਿੱਤੇ ਜਾਣ ਦੇ ਕੁਝ ਦਿਨਾਂ ਬਾਅਦ ਜਰਮਨੀ ਵਿਚ ਕੋਰੋਨਾ ਇਨਫੈਕਸ਼ਨ ਦੇ ਮਾਮਲੇ ਮੁੜ ਵਧਣ ਲੱਗੇ ਹਨ। ਪਿਛਲੇ 24 ਘੰਟੇ ਵਿਚ ਉਥੇ 667 ਨਵੇਂ ਮਾਮਲੇ ਮਿਲੇ। ਜਰਮਨੀ ਦੇ ਰਾਬਰਟ ਕੋਚ ਇੰਸਟੀਚਿਊਟ ਫਾਰ ਡਿਸੀਜ਼ ਕੰਟਰੋਲ ਨੇ ਆਪਣੀ ਨਿਯਮਿਤ ਬ੍ਰੀਫਿੰਗ 'ਚ ਦੱਸਿਆ ਕਿ ਫਿਲਹਾਲ ਦੂਜੇ ਵਿਅਕਤੀ ਨੂੰ ਇਨਫੈਕਟਿਡ ਕਰਨ ਦੀ ਦਰ ਦੇਸ਼ ਵਿਚ 1.1 ਫ਼ੀਸਦੀ ਹੋ ਗਈ ਹੈ।

ਸਪੇਨ 'ਚ ਸੱਤ ਹਫ਼ਤਿਆਂ ਬਾਅਦ ਸਭ ਤੋਂ ਘੱਟ ਮੌਤਾਂ

ਯੂਰਪ 'ਚ ਮਹਾਮਾਰੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਸਪੇਨ ਵਿਚ ਪਿਛਲੇ 24 ਘੰਟੇ ਵਿਚ 143 ਲੋਕਾਂ ਦੀ ਮੌਤ ਹੋਈ। ਦੇਸ਼ ਵਿਚ 18 ਮਾਰਚ ਤੋਂ ਬਾਅਦ ਇਹ ਪਹਿਲਾ ਮੌਕਾ ਹੈ, ਜਦੋਂ ਮ੍ਰਿਤਕਾਂ ਦੀ ਗਿਣਤੀ ਏਨੀ ਘੱਟ ਰਹੀ। ਇਕ ਦਿਨ ਪਹਿਲਾਂ ਮ੍ਰਿਤਕਾਂ ਦੀ ਗਿਣਤੀ 179 ਸੀ।

ਰੂਸ 'ਚ ਇਨਫੈਕਸ਼ਨ ਦਾ ਨਵਾਂ ਰਿਕਾਰਡ

(ਬਾਕੀ ਸਫਾ 11 'ਤੇ)

ਮੋਦੀ ਸਰਕਾਰ ਨੇ ਕੀਤਾ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਦਾ ਐਲਾਨ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਰੋਨਾ ਵਾਇਰਸ ਸੰਕ੍ਰਮਣ ਨੂੰ ਰੋਕਣ ਲਈ ਲਾਗੂ ਲਾਕਡਾਊਨ ਨਾਲ ਪ੍ਰਭਾਵਿਤ ਲੋਕਾਂ ਤੇ ਉਦਯੋਗਾਂ ਲਈ ਇਕ ਵਿਸ਼ੇਸ਼ ਆਰਥਿਕ ਪੈਕੇਜ ਦਾ ਮੰਗਲਵਾਰ ਨੂੰ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਦੇਸ਼ ਨੂੰ ਆਤਮਨਿਰਭਰ ਬਣਾਉਣ ਲਈ ਉਹ ਇਸ ਪੈਕੇਜ ਦਾ ਐਲਾਨ ਕਰ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਮੰਗਲਵਾਰ ਸ਼ਾਮ ਅੱਠ ਵਜੇ ਰਾਸ਼ਟਰ ਦੇ ਨਾਂਅ ਆਪਣੇ ਸੰਬੋਧਨ ਵਿਚ ਇਸਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਜ ਉਨ੍ਹਾਂ ਦੁਆਰਾ ਐਲਾਨੇ ਪੈਕੇਜ ਤੇ ਪਹਿਲੇ ਸਰਕਾਰ ਵੱਲੋਂ ਦਿੱਤੇ ਗਏ ਆਰਥਿਕ ਪੈਕੇਜ ਤੇ ਰਿਜ਼ਰਵ ਬੈਂਕ ਦੇ ਫ਼ੈਸਲਿਆਂ ਜ਼ਰੀਏ ਦਿੱਤੀ ਗਈ ਰਾਹਤ ਨੂੰ ਮਿਲਾ ਦਿੱਤਾ ਜਾਵੇ ਤਾਂ ਸਰਕਾਰ ਨੇ 2020 ਵਿਚ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਭਾਰਤ ਦੀ ਜੀਡੀਪੀ ਦੇ 10 ਫ਼ੀਸਦੀ ਦੇ ਬਰਾਬਰ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਕੋਰੋਨਾ ਸੰਕਟ ਦਾ ਸਾਹਮਣਾ ਕਰਦੇ ਹੋਏ ਨਵੇਂ ਸੰਕਲਪ ਨਾਲ ਮੈਂ ਅੱਜ ਇਕ ਵਿਸ਼ੇਸ਼ ਆਰਥਿਕ ਪੈਕੇਜ ਦਾ ਐਲਾਨ ਕਰ ਰਿਹਾ ਹਾਂ। ਇਹ ਆਰਥਿਕ ਪੈਕੇਜ ਆਤਮ ਨਿਰਭਰ ਭਾਰਤ ਮੁਹਿੰਮ ਦੀ ਅਹਿਮ ਕੜੀ ਦੇ ਤੌਰ 'ਤੇ ਕੰਮ ਕਰੇਗਾ। ਹੁਣੇ ਜਿਹੇ ਸਰਕਾਰ ਨੇ ਕੋਰੋਨਾ ਸੰਕਟ ਨਾਲ ਜੁੜੇ ਜੋ ਆਰਥਿਕ ਐਲਾਨ ਕੀਤੇ ਸਨ, ਜੋ ਰਿਜ਼ਰਵ ਬੈਂਕ ਦੇ ਫ਼ੈਸਲੇ ਸਨ ਤੇ ਅੱਜ ਜਿਸ ਆਰਥਿਕ ਪੈਕੇਜ ਦਾ ਐਲਾਨ ਹੋ ਰਿਹਾ ਹੈ, ਉਸ ਨੂੰ ਜੋੜ ਦੇਈਏ ਤਾਂ ਇਹ ਕਰੀਬ 20 ਲੱਖ ਕਰੋੜ ਰੁਪਏ ਦਾ ਹੈ। ਇਹ ਪੈਕੇਜ ਭਾਰਤ ਦੀ ਜੀਡੀਪੀ ਦਾ ਲਗਪਗ 10 ਫ਼ੀਸਦੀ ਹੈ।'' ਉਨ੍ਹਾਂ ਨੇ ਕਿਹਾ, "ਇਨ੍ਹਾਂ ਜ਼ਰੀਏ ਦੇਸ਼ ਦੇ ਵੱਖ-ਵੱਖ ਵਰਗਾਂ ਨੂੰ, ਆਰਥਿਕ ਵਿਵਸਥਾ ਦੀਆਂ ਕੜੀਆਂ ਨੂੰ 20 ਲੱਖ ਕਰੋੜ ਰੁਪਏ ਦੀ ਮਜ਼ਬੂਤੀ ਮਿਲੇਗੀ।''

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਵਿਸ਼ੇਸ਼ ਆਰਥਿਕ ਪੈਕੇਜ ਵਿਚ ਜ਼ਮੀਨ, ਮਜ਼ਦੂਰੀ, ਨਕਦੀ ਤੇ ਕਾਨੂੰਨ 'ਤੇ ਜ਼ੋਰ ਦਿੱਤਾ ਜਾਵੇਗਾ। ਮੋਦੀ ਨੇ ਕਿਹਾ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਬੁੱਧਵਾਰ ਨੂੰ ਵਿਸ਼ੇਸ਼ ਆਰਥਿਕ ਪੈਕੇਜ ਨਾਲ ਜੁੜੀ ਜਾਣਕਾਰੀ ਸਾਂਝਾ ਕਰੇਗੀ।

(ਹੋਰ ਜਾਣਕਾਰੀ ਦੇਖੋ ਸਫਾ 9)

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

INDIA BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..

ਕਸ਼ਮੀਰ ਸਿੰਘ ਹੀਰਾ

ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com

Raja

SWEETS & CATERING

AUTHORIZED CATERER FOR MAJOR 5-STAR HOTELS

ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE

Warmers | Chaffing Dishes
China & Silverware
Linen Rental | Waiters
Bartenders

CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

ਬਿਨਾਂ ਵੈਕਸੀਨ ਦੇ ਹੀ ਕੋਰੋਨਾ ਦਾ ਖਾਤਮਾ ਹੋ ਜਾਵੇਗਾ-ਟਰੰਪ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਸਿਹਤ ਮਾਹਿਰਾਂ ਦੇ ਉਲਟ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਬਿਨਾਂ ਕਿਸੇ ਵੈਕਸੀਨ ਦੇ ਹੀ ਕੋਰੋਨਾਵਾਇਰਸ ਖਤਮ ਹੋ ਜਾਵੇਗਾ। ਟਰੰਪ ਨੇ ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੋਰੋਨਾ ਖਤਮ ਹੋ ਜਾਵੇਗਾ ਤੇ ਆਸ ਹੈ ਕਿ ਇਕ ਸਮੇਂ ਬਾਅਦ ਇਸ ਦਾ ਸਾਡੇ ਨਾਲ ਕਦੀ ਵੀ ਸਾਹਮਣਾ ਨਹੀਂ ਹੋਵੇਗਾ। ਉਨਾਂ ਕਿਹਾ ਕਿ ਕੁਝ ਲੋਕਾਂ ਨੂੰ ਇਸ ਬਾਰੇ ਭੁਲੇਖਾ ਹੋ ਸਕਦਾ ਹੈ ਪਰ ਮੈਂ ਇਸ ਸਬੰਧੀ ਸਪਸ਼ਟ ਹਾਂ। ਅਮਰੀਕਾ ਨੇ ਕੁਝ ਦਿਨ ਪਹਿਲਾਂ ਹੀ ਕੋਰੋਨਾ ਬਾਰੇ ਵੈਕਸੀਨ ਬਣਾਉਣ ਲਈ ਯਤਨ ਤੇਜ ਕੀਤੇ ਹਨ। ਉੱਝ ਲਾਗ ਵਾਲੀਆਂ ਬਿਮਾਰੀਆਂ ਬਾਰੇ ਚੋਟੀ ਦੇ ਮਾਹਿਰ ਡਾ ਐਨਥਨੀ ਫੌਕੀ ਕਹਿ ਚੁੱਕੇ ਹਨ ਕਿ ਆਮ ਜਨਤਾ ਨੂੰ ਵੈਕਸੀਨ ਦੇਣ 'ਚ ਡੇਢ ਸਾਲ ਦਾ ਸਮਾ ਲੱਗ ਸਕਦਾ ਹੈ। ਉਨਾਂ ਕਿਹਾ ਹੈ ਕਿ ਅਸਰਦਾਇਕ ਵੈਕਸੀਨ ਤੋਂ ਬਿਨਾਂ ਕੋ-ਰੋਨਾਵਾਇਰਸ ਸਾਡਾ ਪਿੱਛਾ ਨਹੀਂ ਛਡੇਗਾ।

1568 ਹੋਰ ਮੌਤਾਂ

ਪਿਛਲੇ 24 ਘੰਟਿਆਂ ਦੌਰਾਨ ਅਮਰੀਕਾ ਵਿਚ 1568 ਕੋਰੋਨਾਪੀੜਤ ਵਿਅਕਤੀ ਦਮ ਤੋੜ ਗਏ ਹਨ। ਇਸ ਨਾਲ ਮ੍ਰਿਤਕਾਂ ਦੀ ਗਿਣਤੀ 79696 ਹੋ ਗਈ ਹੈ। ਤਕਰੀਬਨ 18000 ਨਵੇਂ ਮਰੀਜ਼ ਆਉਣ ਨਾਲ ਕੋਰੋਨਾਵਾਇਰਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 13,40,000 ਹੋ ਗਈ ਹੈ। ਕੋਰੋਨਾ ਨਾਲ ਸਭ ਤੋਂ ਵਧ ਪ੍ਰਭਾਵਿਤ ਨਿਊਯਾਰਕ ਵਿਚ 217 ਵਿਅਕਤੀਆਂ ਦੀਆਂ ਹੋਰ ਮੌਤਾਂ ਹੋਣ ਨਾਲ ਰਾਜ ਵਿਚ

ਮ੍ਰਿਤਕਾਂ ਦੀ ਗਿਣਤੀ 21271 ਹੋ ਗਈ ਹੈ।

ਭਾਰਤ ਤੇ ਅਮਰੀਕਾ ਵੈਕਸੀਨ ਤਿਆਰ ਕਰਨ 'ਚ ਜੁਟੇ

ਕੋਰੋਨਾਵਾਇਰਸ ਸਬੰਧੀ 3 ਵੈਕਸੀਨਾਂ ਉਪਰ ਭਾਰਤੀ ਤੇ ਅਮਰੀਕੀ ਕੰਪਨੀਆਂ ਮਿਲਕੇ ਕੰਮ ਕਰ ਰਹੀਆਂ ਹਨ। ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਹ ਖੁਲਾਸਾ ਕਰਦਿਆਂ ਕਿਹਾ ਹੈ ਕਿ ਅਮਰੀਕਾ ਦਾ ਭਾਰਤ ਭਰੋਸੇਮੰਦ ਹਿੱਸੇਦਾਰ ਹੈ ਤੇ ਵਾਸ਼ਿੰਗਟਨ ਨੂੰ ਲੋੜੀਂਦਾ ਸਹਿਯੋਗ ਦੇਣ ਦੇ ਸਮਰਥ ਹੈ। ਉਨਾਂ ਕਿਹਾ ਕਿ ਕੋਵਿਡ-19 ਸੰਕਟ ਦੌਰਾਨ ਸ਼ੁਰੂ ਤੋਂ ਹੀ ਦੋਨੋਂ ਦੇਸ਼ ਆਪਸ ਵਿਚ ਸਹਿਯੋਗ ਤੇ ਉਹ ਇਕ ਦੂਸਰੇ ਦੀ ਹਰ ਸੰਭਵ ਮੱਦਦ ਕਰ ਰਹੇ ਹਨ। ਅਮਰੀਕਾ ਭਾਰਤ ਨੂੰ ਕੋਰੋਨਾਵਾਇਰਸ ਨਾਲ ਲੜਨ ਲਈ 59 ਲੱਖ ਡਾਲਰ ਦੀ ਵਿੱਤੀ ਸਹਾਇਤਾ ਵੀ ਦੇ ਚੁੱਕਾ ਹੈ।

ਚੋਟੀ ਦੇ ਸਿਹਤ ਅਧਿਕਾਰੀ ਇਕਾਂਤਵਾਸ 'ਚ

ਕੋਰੋਨਾਵਾਇਰਸ ਨਾਲ ਪੀੜਤ ਵਿਅਕਤੀ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਚੋਟੀ ਦੇ ਸਿਹਤ ਅਧਿਕਾਰੀ ਤੇ ਵਾਈਟ ਹਾਊਸ ਕੋਰੋਨਾਵਾਇਰਸ ਟਾਸਕ ਫੋਰਸ ਦੇ ਮੈਂਬਰ ਇਕਾਂਤਵਾਸ ਵਿਚ ਚਲੇ ਗਏ ਹਨ। ਸਰਕਾਰੀ ਬਿਆਨ ਅਨੁਸਾਰ ਇਨਾਂ ਅਧਿਕਾਰੀਆਂ ਵਿਚ ਨੈਸ਼ਨਲ ਇੰਸਟੀਚਿਊਟ ਆਫ ਅਲਰਜੀ ਐਂਡ ਇਨਫੈਕਸੀਅਸ ਡਸੀਜ਼ ਦੇ ਡਾਇਰੈਕਟਰ ਡਾ ਐਨਥਨੀ ਫੌਕੀ ਵੀ ਸ਼ਾਮਿਲ ਹਨ। ਫੌਕੀ ਦਾ ਕੋਰੋਨਾਵਾਇਰਸ ਨਾਲ ਲੜੀ ਜਾ ਰਹੀ ਜੰਗ ਵਿਚ ਅਹਿਮ ਯੋਗਦਾਨ ਹੈ। ਉਹ ਚੋਟੀ ਦੇ ਸਿਹਤ ਮਾਹਿਰ ਹਨ।

ਅਮਰੀਕਾ ਦੇ 12 ਤੋਂ ਵਧ ਰਾਜਾਂ ਨੇ 'ਸਟੇਅ ਐਟ ਹੋਮ' ਦੇ ਹੁਕਮ ਵਾਪਿਸ ਲਏ

ਕੋਰੋਨਾਵਾਇਰਸ ਨਾਲ 1894 ਹੋਰ ਮੌਤਾਂ, ਕੁਲ ਮੌਤਾਂ 83425

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)— ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਨਾਲ 1894 ਹੋਰ ਮੌਤਾਂ ਹੋਈਆਂ ਹਨ ਜਿਨਾਂ ਨਾਲ ਮ੍ਰਿਤਕਾਂ ਦੀ ਕੁਲ ਗਿਣਤੀ 83425 ਹੋ ਗਈ ਹੈ। ਨਵੇਂ ਮਰੀਜ਼ ਆਉਣ ਦੀ ਰਫ਼ਤਾਰ ਪਹਿਲਾਂ ਵਾਂਗ ਹੀ ਜਾਰੀ ਹੈ ਤੇ 22802 ਨਵੇਂ ਮਰੀਜ਼ ਸਾਹਮਣੇ ਆਏ ਹਨ। ਮਰੀਜ਼ਾਂ ਦੀ ਕੁਲ ਗਿਣਤੀ 14,08,636 ਹੋ ਗਈ ਹੈ। ਇਹ ਇਕ ਰਾਹਤ ਦੇਣ ਵਾਲੀ ਖਬਰ ਹੈ ਕਿ ਮੌਤ ਦਰ ਨਿਰੰਤਰ ਘਟ ਰਹੀ ਹੈ ਤੇ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਧ ਰਹੀ ਹੈ। ਕੁਲ 3,80,171 ਮਰੀਜ਼ਾਂ ਵਿਚੋਂ 2,96,746 ਮਰੀਜ਼ ਠੀਕ ਹੋਏ ਹਨ ਜਿਨਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਇਸ ਤਰਾਂ ਠੀਕ ਹੋਣ ਦੀ ਦਰ 78% ਹੈ ਜਦ ਕਿ ਮੌਤ ਦਰ 22% ਹੈ। ਇਸੇ ਦੌਰਾਨ 'ਸਟੇਅ ਐਟ ਹੋਮ' ਦੇ ਹੁਕਮਾਂ ਵਿਚ ਢਿੱਲ ਦੇਣ ਦਾ ਅਮਲ ਜਾਰੀ ਹੈ ਤੇ 12 ਤੋਂ ਵਧ ਰਾਜ ਇਹ ਹੁਕਮ ਵਾਪਿਸ ਲੈ ਚੁੱਕੇ ਹਨ।

ਵੈਕਸੀਨ ਦੀ ਖੋਜ਼ ਸੰਭਵ

ਚੋਟੀ ਦੇ ਸਿਹਤ ਅਧਿਕਾਰੀ ਡਾ ਐਨਥਨੀ ਫੌਕੀ ਨੇ ਕਿਹਾ ਹੈ ਕਿ ਕੋਰੋਨਾਵਾਇਰਸ ਦੀ ਰੋਕਥਾਮ ਲਈ ਵੈਕਸੀਨ ਦੀ ਖੋਜ਼ ਸੰਭਵ ਹੈ ਪਰ ਇਹ ਖੋਜ਼ ਅਗਸਤ ਵਿਚ ਸਕੂਲ ਖੁਲਣ

ਤੋਂ ਪਹਿਲਾਂ ਸੰਭਵ ਨਹੀਂ ਹੈ। ਸੈਨੇਟ ਦੇ ਇਕ ਪੈਨਲ ਨੂੰ ਡਾ ਫੌਕੀ ਨੇ ਕਿਹਾ ਕਿ 'ਸਟੇਅ ਐਟ ਹੋਮ' ਪਾਬੰਦੀਆਂ ਵਿਚ ਢਿੱਲ ਬਹੁਤ ਹੀ ਸੋਚ ਸਮਝਕੇ ਦੇਣੀ ਪਵੇਗੀ ਐਲਰਜੀ ਤੇ ਲਾਗ ਦੀਆਂ ਬਿਮਾਰੀਆਂ ਬਾਰੇ ਕੇਂਦਰ ਦੇ ਮੁੱਖੀ ਡਾ ਫੌਕੀ ਚੋਟੀ ਦੇ ਉਨਾਂ 4 ਸਿਹਤ ਅਧਿਕਾਰੀਆਂ ਵਿਚ ਸ਼ਾਮਿਲ ਹਨ ਜਿਨਾਂ ਨੇ ਸਿਹਤ, ਸਿੱਖਿਆ ਤੇ ਲੇਬਰ ਲਈ ਅਰਥਵਿਵਸਥਾ ਖੋਲਣ ਬਾਰੇ ਦਿਸ਼ਾ-ਨਿਰਦੇਸ਼ ਤੈਅ ਕੀਤੇ ਸਨ। ਉਨਾਂ ਕਿਹਾ ਕਿ ਸੰਘੀ ਦਿਸ਼ਾ ਨਿਰਦੇਸ਼ਾਂ 'ਤੇ ਚਲਦਿਆਂ ਲੋਕਾਂ ਦੇ ਟੈਸਟ ਕਰਨ, ਮਰੀਜ਼ ਦੇ ਸੰਪਰਕ ਵਿਚ ਆਏ ਲੋਕਾਂ ਦਾ ਪਤਾ ਲਾਉਣ ਤੇ ਉਨਾਂਨੂੰ ਇਕਾਂਤਵਾਸ ਵਿਚ ਰਖਣ ਨਾਲ ਕੁਝ ਦੁੱਖ ਝਲਣਾ ਪੈ ਸਕਦਾ ਹੈ ਪਰ ਇਸ ਨਾਲ ਮੌਤਾਂ ਰੋਕੀਆਂ ਜਾ ਸਕਦੀਆਂ ਹਨ।

ਦਰਜ਼ਨ ਤੋਂ ਵਧ ਰਾਜਾਂ ਨੇ ਪਾਬੰਦੀਆਂ ਹਟਾਈਆਂ

ਦਰਜ਼ਨ ਤੋਂ ਵਧ ਰਾਜਾਂ ਦੇ ਗਵਰਨਰਾਂ ਨੇ ਅਰਥਵਿਵਸਥਾ ਉਪਰ ਲੱਗੀਆਂ ਪਾਬੰਦੀਆਂ ਹਟਾ ਲਈਆਂ ਹਨ ਤੇ ਕਾਰੋਬਾਰਾਂ ਨੂੰ ਆਮ ਵਾਂਗ ਕਰਨ ਦੇ ਯਤਨ ਹੋ ਰਹੇ ਹਨ। ਇਨਾਂ ਰਾਜਾਂ ਵਿਚ ਸਟੇਅ ਐਟ ਹੋਮ ਦੇ ਹੁਕਮ ਵਾਪਿਸ ਲੈ ਲਏ ਗਏ ਹਨ। ਹਾਲਾਂ ਕਿ ਨਿਊਯਾਰਕ ਵਰਗੇ ਰਾਜ ਜਿਥੇ ਸਭ ਤੋਂ ਵਧ ਮੌਤਾਂ ਹੋਈਆਂ ਹਨ, ਵਿਚ ਪਾਬੰਦੀਆਂ ਹਟਾਉਣ ਨੂੰ ਲੈ ਕੇ ਚੋਟੀ ਦੇ ਸਿਹਤ ਅਧਿਕਾਰੀਆਂ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਪਰ ਉਥੇ ਵੀ ਪਾਬੰਦੀਆਂ ਵਿਚ ਢਿੱਲ ਦੇਣ ਦੀ ਪ੍ਰਕ੍ਰਿਆ ਸ਼ੁਰੂ ਹੋ ਚੁੱਕੀ ਹੈ। ਅਰਕਾਨਸਸ,ਲੋਵਾ, ਨੈਬਰਸਕਾ, ਉਤਰੀ ਡਕੋਤਾ ਤੇ ਦੱਖਣੀ ਡਕੋਤਾ ਅਜਿਹੇ 5 ਰਾਜ ਹਨ ਜਿਥੇ ਨਾ ਰਾਜ ਪੱਧਰ ਤੇ ਨਾ ਸਥਾਨਕ ਪੱਧਰ ਉਪਰ ਪਾਬੰਦੀਆਂ ਲਾਈਆਂ ਗਈਆਂ ਸਨ। ਇਨਾਂ ਰਾਜਾਂ ਵਿਚ ਕਾਰੋਬਾਰੀ ਗਤੀਵਿਧੀਆਂ ਤੇ ਲੋਕਾਂ ਦੀ ਆਵਾਜਾਈ ਆਮ ਵਾਂਗ ਜਾਰੀ ਰਹੀ ਹੈ। ਜਿਨਾਂ ਰਾਜਾਂ ਵਿਚ ਪਾਬੰਦੀਆਂ ਵਾਪਿਸ ਲਈਆਂ ਗਈਆਂ ਹਨ ਉਨਾਂ ਵਿਚ ਅਲਾਬਮਾ,ਅਲਾਸਕਾ, ਫਲੋਰੀਡਾ, ਜਾਰਜੀਆ, ਇੰਡਿਆਨਾ, ਕਨਸਾਸਾ, ਮਿਸੀਸਿਪੀ, ਮਿਸੋਰੀ, ਮੋਨਟਾਨਾ, ਸਾਊਥ ਕੈਰੋਲੀਨਾ, ਟੈਨੇਸੀ, ਟੈਕਸਾਸ, ਤੇ ਉਟਾਹ ਸ਼ਾਮਿਲ ਹਨ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

ਕੰਮ ਤੇ ਆਉਣ ਵਾਲੇ ਅਮਰੀਕੀ ਰੋਜ਼ਾਨਾ ਕਰਵਾ ਸਕਣਗੇ ਟੈਸਟ- ਟਰੰਪ

ਕੋਰੋਨਾਵਾਇਰਸ ਅਜੇ ਮੁੱਢਲੇ ਪੜਾਅ 'ਚ, ਵੱਡੀ ਪੱਧਰ 'ਤੇ ਹੋਵੇਗੀ ਆਬਾਦੀ ਪ੍ਰਭਾਵਿਤ- ਮਾਹਿਰ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਖੁਲ ਰਹੇ ਰਾਜਾਂ ਵਿਚ ਵੱਡੀ ਪੱਧਰ ਉਪਰ ਟੈਸਟ ਹੋਣਗੇ। ਵਾਈਟ ਹਾਊਸ ਵਿਚ ਵੀ ਟੈਸਟਿੰਗ ਵਧਾ ਦਿੱਤੀ ਗਈ ਹੈ ਤੇ ਇਹਤਿਆਤ ਵਜੋਂ ਕਈ ਕਦਮ ਚੁੱਕੇ ਗਏ ਹਨ। ਵਾਈਟ ਹਾਊਸ ਰੋਜ ਗਾਰਡਨ ਵਿਚ ਪ੍ਰੈਸ ਕਾਨਫਰੰਸ ਦੌਰਾਨ ਜਿਥੇ ਇਕ ਵੱਡਾ ਬੈਨਰ ਲਾਇਆ ਹੋਇਆ ਸੀ ਜਿਸ ਉਪਰ ਲਿਖਿਆ ਹੋਇਆ ਸੀ 'ਅਮਰੀਕਾ ਟੈਸਟਿੰਗ ਵਿਚ ਵਿਸ਼ਵ ਦੀ ਅਗਵਾਈ ਕਰ ਰਿਹਾ ਹੈ' ਰਾਸ਼ਟਰਪਤੀ ਨੇ ਕਿਹਾ ਕਿ ਕੰਮ 'ਤੇ ਆਉਣ ਵਾਲੇ ਸਾਰੇ ਅਮਰੀਕੀ ਰੋਜ਼ਾਨਾ ਟੈਸਟ ਕਰਵਾ ਸਕਣਗੇ। ਉਨਾਂ ਕਿਹਾ ਕਿ ਇਹ ਕੰਮ ਬਹੁਤ ਛੇਤੀ ਸ਼ੁਰੂ ਹੋ ਜਾਵੇਗਾ ਹਾਲਾਂ ਕਿ ਕੁਝ ਗਵਰਨਰ ਇਸ ਨਾਲ ਸਹਿਮਤ ਨਹੀਂ ਹਨ। ਇਸ ਤੋਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਜੇਕਰ ਅਮਰੀਕਾ ਏਨੀ ਵੱਡੀ ਪੱਧਰ ਉਪਰ ਟੈਸਟ ਨਾ ਕਰਦਾ ਤਾਂ ਮਾਮਲਿਆਂ ਦੀ ਗਿਣਤੀ ਏਨੀ ਜਿਆਦਾ ਨਹੀਂ ਸੀ ਹੋਣੀ।

1000 ਤੋਂ ਵਧ ਹੋਰ ਮੌਤਾਂ

ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ 1008 ਹੋਰ ਵਿਅਕਤੀ ਮੌਤ ਦੇ ਮੂੰਹ ਵਿਚ ਜਾ ਪਏ ਹਨ ਤੇ ਮੌਤਾਂ ਦੀ ਗਿਣਤੀ 81795 ਹੋ ਗਈ ਹੈ। 18196 ਨਵੇਂ ਮਰੀਜ਼ ਹਸਪਤਾਲਾਂ ਵਿਚ ਪੁੱਜੇ ਹਨ ਤੇ ਮਰੀਜ਼ਾਂ ਦੀ ਕੁਲ ਗਿਣਤੀ 13,85,834 ਹੋ ਗਈ ਹੈ।

ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਿਚ ਸੁਧਾਰ ਹੋਇਆ ਹੈ। ਕੁਲ 3,44,020 ਮਰੀਜ਼ਾਂ ਵਿਚੋਂ 24% ਦੀ ਮੌਤ ਹੋਈ ਹੈ ਤੇ ਬਾਕੀ 76% ਸਿਹਤਯਾਬ ਹੋਏ ਹਨ। ਸਭ ਤੋਂ ਵਧ ਮੌਤਾਂ ਨਿਊਯਾਰਕ ਵਿਚ 27003 ਹੋਈਆਂ ਹਨ ਜਦ ਕਿ ਨਿ-ਊਜਰਸੀ ਦੂਸਰੇ ਸਥਾਨ 'ਤੇ ਹੈ ਜਿਥੇ ਹੁਣ ਤੱਕ 9341 ਮੌਤਾਂ ਹੋ ਚੁੱਕੀਆਂ ਹਨ।



ਕੋਰੋਨਾ ਅਜੇ ਮੁੱਢਲੇ ਪੜਾਅ 'ਚ

ਚੋਟੀ ਦੇ ਸਿਹਤ ਮਾਹਿਰ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾ ਅਜੇ ਮੁੱਢਲੇ ਪੜਾਅ 'ਚ ਹੈ ਜਿਸ ਨੇ ਮਨੁੱਖ ਦਾ ਘਰਾਂ ਵਿਚ ਰਹਿਣਾ ਮੁਸ਼ਕਿਲ ਕਰ ਦਿੱਤਾ ਹੈ ਤੇ ਜੇਕਰ ਢਿੱਲ ਵਰਤੀ ਗਈ ਤਾਂ ਇਹ ਵਿਸ਼ਵ ਦੀ 60 ਤੋਂ 70% ਫੀਸਦੀ ਆਬਾਦੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਮਿਨੀਸੋਟਾ ਯੂਨੀਵਰਸਿਟੀ ਵਿਖੇ ਲਾਗ ਦੀਆਂ ਬਿਮਾਰੀਆਂ ਬਾਰੇ ਖੋਜ਼ ਤੇ ਨੀਤੀ ਕੇਂਦਰ ਦੇ ਮੁਖੀ ਡਾ ਮਾਈਕਲ ਓਸਟਰਹੋਲਮ ਨੇ ਕਿਹਾ ਹੈ ਕਿ ਨਿਊਯਾਰਕ ਵਰਗੇ ਸ਼ਹਿਰਾਂ ਵਿਚ ਕੋਰੋਨਾਵਾਇਰਸ ਮੁੱਢਲੀ ਸਟੇਜ 'ਤੇ ਹੈ ਜਿਥੇ 5 ਵਿਅਕਤੀਆਂ ਪਿਛੇ 1 ਵਿਅਕਤੀ ਇਸ ਤੋਂ ਪੀੜਤ ਹੈ। ਬਿਮਾਰੀ ਦੇ ਫੈਲਾਅ ਤੇ ਮੌਤਾਂ ਦੀ ਅਸਲ ਸਥਿੱਤੀ ਅਜੇ ਆਉਣੀ ਹੈ।

ਯੂ ਐਸ ਟੂਡੇ ਦੇ ਸੰਪਾਦਕੀ ਬੋਰਡ ਨਾਲ ਇਕ ਮੀਟਿੰਗ ਦੌਰਾਨ ਡਾ ਓਸਟਰਹੋਲਮ ਨੇ ਕਿਹਾ ਕਿ ਕੋਰੋਨਾਵਾਇਰਸ ਹਰ ਸੰਭਵ ਹੱਦ ਤੱਕ ਲੋਕਾਂ ਨੂੰ ਆਪਣੀ ਲਪੇਟ ਵਿਚ ਲਵੇਗਾ। ਜਦੋਂ ਤੱਕ ਬਹੁਗਿਣਤੀ ਆਬਾਦੀ ਨੂੰ ਇਹ ਬਿਮਾਰ ਨਹੀਂ ਕਰ ਲੈਂਦਾ ਓਦੋਂ ਤੱਕ ਇਸ ਦੇ ਫੈਲਣ ਦੀ ਰਫ਼ਤਾਰ ਘਟਣ ਵਾਲੀ ਨਹੀਂ ਹੈ। ਮਨੁੱਖਾਂ ਵਿਚ ਮਜਬੂਤ ਰਖਿਅਕ ਪ੍ਰਣਾਲੀ ਵਿਕਸਤ ਹੋਣ ਨਾਲ ਇਸ ਦਾ ਫੈਲਾਅ ਰੁਕ ਜਾਵੇਗਾ।

ਵਾਈਟ ਹਾਊਸ ਵਿਚ ਰਾਸ਼ਟਰਪਤੀ ਤੇ ਸਟਾਫ਼ ਦੀ ਸੁਰੱਖਿਆ ਲਈ ਇਹਤਿਆਤ ਵਜੋਂ ਕਈ ਕਦਮ ਚੁੱਕੇ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)– ਅਮਰੀਕਾ ਵਿਚ ਕੋ-ਰੋਨਾਵਾਇਰਸ ਨਾਲ ਮੌਤਾਂ ਦੀ ਗਿਣਤੀ 80787 ਹੋ ਗਈ ਹੈ ਜਦ ਕਿ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਦੇ 27638 ਨਵੇਂ ਮਰੀਜ਼ ਹਸਪਤਾਲਾਂ ਵਿਚ ਦਾਖਲ ਹੋਏ ਹਨ ਜਿਨਾਂ ਨਾਲ ਮਰੀਜ਼ਾਂ ਦੀ ਕੁਲ ਗਿਣਤੀ 13,67,638 ਹੋ ਗਈ ਹੈ। ਸਭ ਤੋਂ ਵਧ ਪੀੜਤ ਨਿਊਯਾਰਕ ਵਿਚ 26812 ਤੇ ਨਿਊਜਰਸੀ ਵਿਚ 9264 ਅਮਰੀਕੀ ਦਮ ਤੋੜ ਚੁੱਕੇ ਹਨ। ਵਾਈਟ ਹਾਊਸ ਵਿਚ ਦੋ ਸਟਾਫ਼ ਮੈਂਬਰਾਂ ਨੂੰ ਕੋਰੋਨਾ ਹੋਣ ਦੀ ਪੁਸ਼ਟੀ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ, ਉਪ ਰਾਸ਼ਟਰਪਤੀ ਮਾਈਕ ਪੈਂਸ ਤੇ ਸਟਾਫ਼ ਦੇ ਰੋਜ਼ਾਨਾ ਟੈਸਟ ਲੈਣ ਸਮੇਤ ਕਈ ਕਦਮ ਚੁੱਕਣ ਦਾ ਐਲਾਨ ਕੀਤਾ ਗਿਆ ਹੈ।

ਇਸ ਦੌਰਾਨ ਵਧ ਰਹੀ ਬੇਰੁਜ਼ਗਾਰਾਂ ਦੀ ਗਿਣਤੀ ਦੇ ਦਰਮਿਆਨ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਅਦਾਰਿਆਂ ਵੱਲੋਂ ਹਟਾਏ ਗਏ ਲੱਖਾਂ ਮੁਲਾਜ਼ਮਾਂ ਵਿਚੋਂ ਬਹੁਤ ਥੋੜਿਆਂ ਨੂੰ ਦੁਬਾਰਾ ਕੰਮ 'ਤੇ ਸੱਦਣ ਦੀ ਸੰਭਾਵਨਾ ਹੈ ।

ਵਾਈਟ ਹਾਊਸ ਵਿਚ ਇਹਤਿਆਤ ਵਜੋਂ ਕਦਮ ਚੁੱਕੇ

ਵਾਈਟ ਹਾਊਸ ਦੇ ਦੋ ਮੁਲਾਜ਼ਮ ਕੋਰੋਨਾ ਪੌਜ਼ਟਿਵ ਆਉਣ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨਾਂ ਦੇ ਸਟਾਫ਼ ਦੀ ਕੋਰੋਨਾਵਾਇਰਸ ਤੋਂ ਸੁਰੱਖਿਆ ਯਕੀਨੀ ਬਣਾਉਣ ਦੇ ਮਕਸਦ ਨਾਲ ਇਹਤਿਆਤ ਵਜੋਂ ਕਈ ਕਦਮ ਚੁੱਕੇ ਹਨ। ਰਾਸ਼ਟਰਪਤੀ, ਉਪ ਰਾਸ਼ਟਰਪਤੀ ਮਾਈਕ ਪੈਂਸ ਤੇ ਉਨਾਂ ਦੇ ਨਜ਼ਦੀਕੀ ਸਟਾਫ਼ ਦਾ ਰੋਜ਼ਾਨਾ ਟੈਸਟ ਹੋਇਆ ਕਰੇਗਾ। ਵਾਈਟ ਹਾਊਸ ਵਿਚ ਆਉਣ ਵਾਲੇ ਮਹਿਮਾਨਾਂ ਦਾ ਟੈਸਟ ਹੋਵੇਗਾ, ਰੋਜ਼ਾਨਾ ਬਹੁਤ ਹੀ ਬਰੀਕੀ ਨਾਲ ਸਫ਼ਾਈ ਹੋਵੇਗੀ ਤੇ ਸੋਸ਼ਲ ਡਿਸਟੈਂਸਿੰਗ ਰਖੀ ਜਾਵੇਗੀ।

ਵਾਈਟ ਹਾਊਸ ਦੇ ਬੁਲਾਰੇ ਜੂਡ ਡੀਰ ਨੇ ਕਿਹਾ ਹੈ ਕਿ ਸਟਾਫ਼ ਦਾ ਰੋਜ਼ਾਨਾ ਬੁਖ਼ਾਰ ਵੇਖਿਆ ਜਾਵੇਗਾ ਤੇ ਉਨਾਂ ਦੇ ਲੱਛਣਾਂ ਦੇ ਪਿਛੋਕੜ ਦੀ ਜਾਂਚ ਪੜਤਾਲ ਕੀਤੀ ਜਾਵੇਗੀ। ਉਨਾਂ ਕਿਹਾ ਕਿ ਰਾਸ਼ਟਰਪਤੀ ਤੇ ਸਮੁੱਚੇ ਵਾਈਟ ਹਾਊਸ ਕੰਪਲੈਕਸ ਨੂੰ ਸੁਰੱਖਿਅਤ ਤੇ ਸਿਹਤਮੰਦ ਰਖਣ ਲਈ ਇਹਤਿਆਤੀ ਕਦਮਾਂ ਨੂੰ ਯਕੀਨੀ ਬਣਾਇਆ ਜਾਵੇਗਾ ਤੇ ਇਨਾਂ ਦੀ ਰੋਜ਼ਾਨਾ ਸਮੀਖਿਆ ਹੋਵੇਗੀ। ਇਸ ਦੌਰਾਨ ਉੱਪ ਰਾਸ਼ਟਰਪਤੀ ਦੇ ਦਫਤਰ ਨੇ ਉਸ ਮੀਡੀਆ ਰਿਪੋਰਟ ਦਾ ਖੰਡਨ ਕੀਤਾ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਮਾਈਕ ਪੈਂਸ ਇਕਾਂਤਵਾਸ ਵਿਚ ਰਹਿ ਰਹੇ ਹਨ।

ਥੋੜੇ ਲੋਕਾਂ ਨੂੰ ਦੁਬਾਰਾ ਕੰਮ 'ਤੇ ਸੱਦਣ ਦੀ ਸੰਭਾਵਨਾ

ਮਾਰਚ ਮਹੀਨੇ ਵਿਚ ਰੈਸਟੋਰੈਂਟ ਤੇ ਹੋਰ ਕਾਰੋਬਾਰਾਂ ਦੇ ਮਾਲਕਾਂ ਨੇ ਆਸ ਪ੍ਰਗਟਾਈ ਸੀ ਕਿ ਕੋਰੋਨਾ ਮਹਾਮਾਰੀ ਤੋਂ ਬਾਅਦ ਹਟਾਏ ਗਏ ਸਾਰੇ ਮੁਲਾਜ਼ਮਾਂ ਨੂੰ ਕੰਮ 'ਤੇ ਬੁਲਾ ਲਿਆ ਜਾਵੇਗਾ ਪਰ ਹੁਣ ਮਹਾਮਾਰੀ ਨੂੰ ਨਿਯੰਤਰਣ ਕਰਨ ਵਿਚ ਹੋ ਰਹੀ ਦੇਰੀ ਨੂੰ ਵੇਖਦਿਆਂ ਹੋਇਆਂ ਉਨਾਂ ਦਾ ਕਹਿਣਾ ਹੈ ਕਿ ਜੇਕਰ 75% ਮੁਲਾਜ਼ਮਾਂ ਨੂੰ ਵੀ ਦੁਬਾਰਾ ਕੰਮ 'ਤੇ ਸੱਦ ਲਿਆ ਜਾਵੇ ਤਾਂ ਇਹ ਅਸਧਾਰਨ ਕਦਮ ਹੋਵੇਗਾ।

ਸਟੀਕਹਾਊਸ ਰੈਸਟੋਰੈਂਟ ਲੜੀ ਦੀ ਮਾਲਕਣ ਬ੍ਰਿਟਨੀ ਰੂਬੀ ਮਿਲਰ ਦਾ ਕਹਿਣਾ ਹੈ ਕਿ ਇਸ ਸਾਲ ਦੇ ਆਖੀਰ ਵਿਚ ਰੈਸਟੋਰੈਂਟਾਂ ਦੇ ਚਲਣ ਦੀ ਸੰਭਾਵਨਾ ਹੋ ਸਕਦੀ ਹੈ। ਮੋਟੇ ਤੌਰ 'ਤੇ ਉਸ ਦੇ ਇਕ ਤਿਹਾਈ 600 ਮੁਲਾਜ਼ਮਾਂ ਨੂੰ ਕੰਮ ਛੱਡਣਾ ਪਿਆ ਹੈ।

ਇਹ ਵੀ ਰਿਪੋਰਟ ਹੈ ਕਿ ਸੰਘੀ ਸਰਕਾਰ ਦੁਆਰਾ ਮੱਦਦ ਦੇ ਬਾਵਜੂਦ ਛੋਟੇ ਕਾਰੋਬਾਰਾਂ ਦੇ ਦੁਬਾਰਾ ਚਲਣ ਦੀ ਸੰਭਾਵਨਾ ਨਜਰ ਨਹੀਂ ਆ ਰਹੀ।

ਕੋਰੋਨਾ ਬਿਮਾਰੀ ਕਾਰਨ ਕੌਮਾਂਤਰੀ ਸੈਰ-ਸਪਾਟਾ 80 ਫ਼ੀਸਦੀ ਘਟਿਆ

ਸੰਯੁਕਤ ਰਾਸ਼ਟਰ– ਸੰਯੁਕਤ ਰਾਸ਼ਟਰ ਦੀ ਸੰਸਥਾ ਵਿਸ਼ਵ ਸੈਰ-ਸਪਾਟਾ ਸੰਗਠਨ (ਯੂਐੱਨਡਬਲਯੂਟੀਓ) ਦਾ ਕਹਿਣਾ ਹੈ ਕਿ ਕੋਰੋਨਾ ਮਹਾਮਾਰੀ ਨਾਲ ਪੈਦਾ ਹੋਏ ਹਾਲਾਤ ਕਾਰਨ 2020 'ਚ ਕੌਮਾਂਤਰੀ ਪੱਧਰ 'ਤੇ ਸੈਰ-ਸਪਾਟਾ ਦੇ ਸੈਕਟਰ 'ਚ 80 ਫ਼ੀਸਦੀ ਤਕ ਦੀ ਗਿਰਾਵਟ ਆ ਸਕਦੀ ਹੈ। ਇਸ ਨਾਲ ਇਸ ਖੇਤਰ 'ਚ ਕੰਮ ਕਰਨ ਵਾਲੇ ਲੱਖਾਂ ਲੋਕਾਂ ਦੇ ਰੁਜ਼ਗਾਰ 'ਤੇ ਖ਼ਤਰਾ ਮੰਡਰਾਉਣ ਲੱਗਾ ਹੈ। ਉਪਰੋਕਤ ਮੁਲਾਂਕਣ ਸਾਂਝਾ ਕਰਦਿਆਂ ਕਿਹਾ ਕਿ ਯੂਐੱਨਡਬਲਯੂਟੀਓ ਦੇ ਜਨਰਲ ਸਕੱਤਰ ਜੁਰਬ ਪੋਲੀਲਿਕਾਸ਼ਵਿਲੀ ਨੇ ਕਿਹਾ ਕਿ

ਕੌਮਾਂਤਰੀ ਸੈਰ-ਸਪਾਟਾ ਖੇਤਰ ਲਈ ਹੁਣ ਤਕ ਦਾ ਸਭ ਤੋਂ ਵੱਡਾ ਸੰਕਟ ਹੈ। ਯੂ ਐੱਨ ਡਬਲਯੂ ਟੀ ਓ ਅਨੁਸਾਰ, ਇਸ ਮਹਾਮਾਰੀ ਕਾਰਨ ਸੈਰ-ਸਪਾਟਾ ਦੇ ਖੇਤਰ 'ਚ 1.2 ਲੱਖ ਕਰੋੜ ਡਾਲਰ ਦਾ ਨੁਕਸਾਨ ਹੋਣ ਦਾ ਖ਼ਦਸ਼ਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਮਹਾਮਾਰੀ ਕਾਰਨ ਇਸ ਸਾਲ ਸੈਰ-ਸਪਾਟਾ ਉਦਯੋਗ ਦਾ ਉੱਭਰ ਸਕਣਾ ਅਤਿਅੰਤ ਮੁਸ਼ਕਲ ਹੈ। ਯਾਤਰਾ ਪਾਬੰਦੀ ਸਮੇਤ ਲਾਕਡਾਊਨ 'ਚ ਅਨੇਕ ਤਰ੍ਹਾਂ ਦੀਆਂ ਬਿਮਾਰੀਆਂ ਕਾਰਨ ਲੋਕਾਂ ਦੀ ਆਵਾਜਾਈ 'ਚ ਭਾਰੀ ਗਿਰਾਵਟ ਦਾ ਦੌਰ ਜਾਰੀ ਹੈ।

ਨਿਊਯਾਰਕ 'ਚ ਜੂਨ ਤਕ ਲਾਕਡਾਊਨ ਤੋਂ ਛੋਟ ਮਿਲਣ ਦੀ ਉਮੀਦ ਨਹੀਂ

ਨਿਊਯਾਰਕ (ਬਿਊਰੋ)– ਅਮਰੀਕਾ 'ਚ ਕੋਰੋਨਾ ਦੀ ਮਹਾਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਨਿਊਯਾਰਕ ਸਿਟੀ 'ਚ ਜੂਨ ਤਕ ਲਾਕਡਾਊਨ ਤੋਂ ਛੋਟ ਮਿਲਣ ਦੀ ਉਮੀਦ ਨਹੀਂ ਹੈ। ਨਿਊਯਾਰਕ ਦੇ ਮੇਅਰ ਬਿਲ ਡੇ ਬਲਾਸੀਓ ਨੇ ਕਿਹਾ ਕਿ ਸ਼ਹਿਰ ਦੇ ਹਸਪਤਾਲਾਂ 'ਚ ਰੋਜ਼ਾਨਾ ਭਰਤੀ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ 'ਚ ਗਿਰਾਵਟ ਆਈ ਹੈ, ਪਰ ਸ਼ਹਿਰ 'ਚ ਕੰਮਕਾਜ ਨੂੰ ਇਜਾਜ਼ਤ ਦੇਣ ਲਈ ਫਿਲਹਾਲ ਹਾਲਾਤ ਬਹੁਤ ਸਾਜ਼ਗਾਰ ਨਹੀਂ ਹਨ। ਓਧਰ ਨਿਊਯਾਰਕ ਸੂਬੇ ਦੀ ਗੱਲ ਕਰੀਏ ਤਾਂ ਉਸ ਤੇ ਦਿੰਨ ਖੇਤਰਾਂ ਨੂੰ 15 ਮਈ ਤੋਂ ਫਿਰ ਖੋਲ੍ਹਣ ਦੀ ਤਿਆਰੀ ਹੈ।

ਮੇਅਰ ਬਲਾਸੀਓ ਨੇ ਕਿਹਾ ਕਿ ਜਿੱਥੋਂ ਤਕ ਨਿਊਯਾਰਕ ਸ਼ਹਿਰ ਨੂੰ ਫਿਰ ਤੋਂ ਖੋਲ੍ਹਣ ਦੀ ਗੱਲ ਹੈ ਤਾਂ ਫਿਲਹਾਲ ਮੈਂ ਇਸ ਲਈ ਤਿਆਰ ਹਾਂ। ਜੇਕਰ ਮਰੀਜ਼ਾਂ ਦੇ ਠੀਕ ਹੋਣ ਦੀ ਤਰੱਕੀ ਇਸੇ ਤਰ੍ਹਾਂ ਜਾਰੀ ਰਹੀ ਤਾਂ ਜੂਨ ਤਕ ਕੁਝ ਬਦਲਾਅ ਦਿਖਾਈ ਪੈ ਸਕਦੇ ਹਨ। ਮਈ ਦੇ ਅਖੀਰ ਜਾਂ ਜੂਨ ਦੇ ਸ਼ੁਰੂਆਤ ਤਕ ਮਾਹੌਲ 'ਚ ਸੁਧਾਰ ਦਿਖਾਈ ਦੇਣਾ ਸ਼ੁਰੂ ਹੋਵੇਗਾ। ਇਸ ਦੌਰਾਨ ਗਵਰਨਰ ਐਂਡਰਿਊ ਕੁਓਮੋ ਨੇ ਸੂਬੇ ਦੇ ਤਿੰਨ ਖੇਤਰਾਂ ਫਿੰਗਰ ਲੇਕ, ਸਦਰਨ ਟਿਅਰ ਤੇ ਮੋਹਾਕ ਵੈਲੀ ਰੀਜਨ ਨੂੰ 15 ਮਈ ਤੋਂ ਫਿਰ ਤੋਂ ਖੋਲ੍ਹਣ ਦਾ ਐਲਾਨ ਕੀਤਾ। ਲਾਕਡਾਊਨ ਤੋਂ ਛੋਟ ਦੇ ਪਹਿਲੇ ਗੇੜ ਤਹਿਤ ਇੱਥੇ ਕੰਸਟ੍ਰਕਸ਼ਨ, ਮੈਨੂਫੈਕਚਰਿੰਗ, ਹੋਸਲੇਨ ਸਪਲਾਈ ਚੇਨ ਦੇ ਨਾਲ ਹੀ ਖੇਤੀ, ਜੰਗਲਾਤ ਤੇ ਮੱਛੀ ਪਾਲਣ ਨੂੰ ਇਜਾਜ਼ਤ ਦਿੱਤੀ ਜਾਵੇਗੀ। ਅਮਰੀਕਾ 'ਚ ਨਿਊਯਾਰਕ ਸੂਬਾ ਮਹਾਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਰਿਹਾ ਹੈ। ਬਿਮਾਰੀ ਨਾਲ ਹੁਣ ਤਕ ਇੱਥੇ 26 ਹਜ਼ਾਰ ਤੋਂ ਵੱਧ ਲੋਕਾਂ ਦੀ ਜਿੱਥੇ ਮੌਤ ਹੋ ਚੁੱਕੀ ਹੈ ਉੱਥੇ ਸਾਢੇ ਤਿੰਨ ਲੱਖ ਤੋਂ ਵੱਧ ਲੋਕ ਇਨਫੈਕਟਿਜ ਹਨ। ਨਿਊਯਾਰਕ ਸ਼ਹਿਰ ਦੀ ਗੱਲ ਕਰੀਏ ਤਾਂ ਕੋਰੋਨਾ ਨਾਲ ਇਕੱਲੇ ਇੱਥੇ ਕਰੀਬ 15 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ। ਪੂਰੇ ਅਮਰੀਕਾ ਦੀ ਗੱਲ ਕਰੀਏ ਤਾਂ ਅਮਰੀਕਾ 'ਚ ਕਰੀਬ 14 ਲੱਖ ਲੋਕ ਇਨਫੈਕਟਿਡ ਮਰੀਜ਼ ਹਨ ਤੇ ਕਰੀਬ 82 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਪੁਤਿਨ ਦੇ ਬੁਲਾਰੇ ਕੋਰੋਨਾ ਪਾਜ਼ੇਟਿਵ

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਤਰਜਮਾਨ ਦੀਮਿਤਰੀ ਪੇਸਕੋਵ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਕੋਰੋਨਾ ਟੈਸਟ ਪਾਜ਼ੇਟਿਵ ਆਇਆ ਹੈ। ਫਿਲਹਾਲ ਉਨ੍ਹਾਂ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਪੇਸਕੋਵ ਨੇ ਕਿਹਾ ਕਿ ਹਾਂ ਮੈਂ ਬਿਮਾਰ ਹਾਂ। ਮੇਰਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਓਧਰ ਰੂਸ ਦੇ ਇਕ ਹਸਪਤਾਲ ਦੇ ਆਈਸੀਯੂ 'ਚ ਅੱਗ ਲੱਗਣ ਨਾਲ ਪੰਜ ਕੋਰੋਨਾ ਮਰੀਜ਼ਾਂ ਦੀ ਸੜ ਕੇ ਮੌਤ ਹੋ ਗਈ। ਸਿਹਤ ਮੰਤਰਾਲੇ ਨੇ ਸੇਂਟ ਪੀਟਰਸਬਰਗ ਦੇ ਹਸਪਤਾਲ 'ਚ ਹੋਈ ਇਸ ਘਟਨਾ ਦੀ ਪੁਸ਼ਟੀ ਤਾਂ ਕੀਤੀ ਹੈ, ਪਰ ਇਹ ਨਹੀਂ ਦੱਸਿਆ ਕਿ ਘਟਨਾ 'ਚ ਕਿੰਨੇ ਲੋਕਾਂ ਦੀ ਮੌਤ ਹੋਈ ਹੈ। ਅੱਗ ਦੀ ਚਪੇਟ 'ਚ ਆਏ 150 ਮਰੀਜ਼ਾਂ ਤੇ ਤੀਮਾਰਦਾਰਾਂ ਨੂੰ ਬਾਹਰ ਕੱਢਿਆ ਗਿਆ ਹੈ। ਸੂਤਰਾਂ ਮੁਤਾਬਕ ਵੈਂਟੀਲੇਟਰ 'ਤੇ ਪਏ ਵਧੇਰੇ ਦਬਾਅ ਕਾਰਨ ਅੱਗ ਲੱਗੀ। ਸ਼ਨਿਚਰਵਾਰ ਨੂੰ ਵੀ ਮਾਸਕੋ ਦੇ ਇਕ ਹਸਪਤਾਲ 'ਚ ਅੱਗ ਲੱਗ ਗਈ ਸੀ। ਜਿਸ ਦੀ ਚਪੇਟ 'ਚ ਆ ਕੇ ਇਕ ਕੋਰੋਨਾ ਮਰੀਜ਼ ਦੀ ਮੌਤ ਹੋ ਗਈ ਸੀ। ਉੱਥੇ ਹੀ ਸੋਮਵਾਰ ਨੂੰ ਇਕ ਨਿੱਜੀ ਹਸਪਤਾਲ 'ਚ ਅੱਗ ਲੱਗਣ ਨਾਲ ਨੌ ਬਜ਼ੁਰਗ ਮਰੀਜ਼ਾਂ ਦੀ ਮੌਤ ਹੋ ਗਈ ਸੀ। ਹਸਪਤਾਲ ਦੇ ਮਾਲਿਕ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਸੇ ਦੌਰਾਨ ਰੂਸ 'ਚ ਪਿਛਲੇ 24 ਘੰਟਿਆਂ 'ਚ 10, 899 ਨਵੇਂ ਮਾਮਲੇ ਸਾਹਮਣੇ ਆਏ ਹਨ। ਇਸ ਤਰ੍ਹਾਂ ਇੱਥੇ ਇਨਫੈਕਟਿਡ ਮਰੀਜ਼ਾਂ ਦੀ ਗਿਣਤੀ 232, 243 ਹੋ ਗਈ ਹੈ। 107 ਹੋਰ ਲੋਕਾਂ ਦੀ ਮੌਤ ਵੀ ਹੋਈ ਹੈ। ਜਿਸ ਬਾਅਦ ਮ੍ਰਿਤਕਾਂ ਦੀ ਗਿਣਤੀ 2, 116 ਹੋ ਗਈ ਹੈ।

ਫਿਰ ਵਧੀ ਸਪੇਨ 'ਚ ਮਿਤਕਾਂ ਦੀ ਗਿਣਤੀ

15 ਮਈ ਤੋਂ 24 ਮਈ ਤਕ ਸਪੇਨ 'ਚ ਆਉਣ ਵਾਲੇ ਲੋਕਾਂ ਨੂੰ ਦੋ ਹਫ਼ਤੇ ਤਕ ਕੁਆਰੰਟਾਈਨ 'ਚ ਰਹਿਣਾ ਪਵੇਗਾ। ਕੁਆਰੰਟਾਈਨ 'ਚ ਰਹਿਣ ਵਾਲੇ ਲੋਕਾਂ ਨੂੰ ਸਿਰਫ਼ ਖਾਣ-ਪੀਣ ਦੇ ਸਾਮਾਨ ਦੇ ਹਸਪਤਾਲ ਜਾਣ ਦੀ ਇਜਾਜ਼ਤ ਹੋਵੇਗੀ। ਇਹ ਨਿਯਮ ਸਥਾਈ ਨਾਗਰਿਕਾਂ ਸਮੇਤ ਸਮੇਤ ਹਰ ਤਰ੍ਹਾਂ ਦੇ ਯਾਤਰੀਆਂ 'ਤੇ ਲਾਗੂ ਹੋਵੇਗਾ। ਓਧਰ, ਸਪੇਨ 'ਚ ਮ੍ਰਿਤਕਾਂ ਦੀ ਗਿਣਤੀ ਇਕ ਵਾਰ ਫਿਰ ਵਧ ਗਈ ਹੈ। ਪਿਛਲੇ 24 ਘੰਟਿਆਂ 'ਚ ਇੱਥੇ 176 ਲੋਕਾਂ ਦੀ ਜਾਨ ਗਈ ਹੈ। ਜਦਕਿ ਇਕ ਦਿਨ ਪਹਿਲਾਂ ਇਹ ਗਿਣਤੀ 123 ਸੀ।

**ਨਾਈਟ ਕਲੱਬ ਗਏ ਲੋਕਾਂ ਦਾ

ਕੋਰੋਨਾ ਵਾਇਰਸ ਨਾਲ ਅਮਰੀਕੀ ਅਰਥਚਾਰੇ 'ਤੇ ਪਈ ਵੱਡੀ ਮਾਰ

ਵਾਸ਼ਿੰਗਟਨ (ਬਿਊਰੋ)– ਕੋਰੋਨਾ ਵਾਇਰਸ ਨਾਲ ਦੁਨੀਆ 'ਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਅਮਰੀਕਾ ਦੇ ਅਰਥਚਾਰੇ 'ਤੇ ਵੀ ਮਹਾਮਾਰੀ ਦੀ ਵੱਡੀ ਮਾਰ ਪਈ ਹੈ। ਬੀਤੇ ਦੋ ਮਹੀਨਿਆਂ ਵਿਚ 3.3 ਕਰੋੜ ਤੋਂ ਜ਼ਿਆਦਾ ਅਮਰੀਕੀ ਨੌਕਰੀ ਗੁਆ ਚੁੱਕੇ ਹਨ। ਪੂਰਾ ਟ੍ਰੈਵਲ ਅਤੇ ਸੈਰਸਪਾਟਾ ਉਦਯੋਗ ਤਬਾਹ ਹੋ ਚੁੱਕਾ ਹੈ। ਦੇਸ਼ ਵਿਚ ਉਦਯੋਗ-ਧੰਦੇ ਠੱਪ ਪਏ ਹਨ ਅਤੇ ਦਫ਼ਤਰ ਵੀ ਬੰਦ ਹਨ। ਬੇਰੁਜ਼ਗਾਰੀ ਦਰ ਹੁਣ ਤਕ ਦੇ ਰਿਕਾਰਡ ਪੱਧਰ 'ਤੇ ਪੁੱਜ ਗਈ ਹੈ। ਹਾਲਾਂਕਿ ਟਰੰਪ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਅਮਰੀਕੀ ਅਰਥਚਾਰੇ ਦੇ ਉਭਰਨ ਦੀ ਉਮੀਦ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਨਕਾਰਾਤਮਕ ਪ੍ਰਭਾਵ ਦੇ ਬਾਵਜੂਦ ਦੁਨੀਆ ਦੀ ਸਭ ਤੋਂ ਵੱਡੀ ਅਰਥ-ਵਿਵਸਥਾ ਵਿਚ ਉਛਾਲ ਆਵੇਗਾ ਅਤੇ ਸਾਲ 2021 ਚੰਗਾ ਸਾਬਿਤ ਹੋਵੇਗਾ। ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਹੁਣ ਤਕ ਕਰੀਬ 13 ਲੱਖ 70 ਹਜ਼ਾਰ ਲੋਕ ਪ੍ਰਭਾਵਿਤ ਹੋ ਚੁੱਕੇ ਹਨ ਅਤੇ 81 ਹਜ਼ਾਰ ਦੀ ਮੌਤ ਹੋ ਗਈ ਹੈ।

ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਅਤੇ ਵਿਸ਼ਵ ਬੈਂਕ ਨੇ ਅਮਰੀਕਾ ਲਈ ਨਕਾਰਾਤਮਕ ਵਿਕਾਸ ਦਰ ਦਾ ਅਨੁਮਾਨ ਲਗਾਇਆ ਹੈ। ਹਾਲਾਂਕਿ ਅਮਰੀਕਾ ਦੇ ਕਈ ਰਾਜਾਂ ਵਿਚ ਹੁਣ ਪਾਬੰਦੀਆਂ ਵਿਚ ਢਿੱਲ ਦੇ ਕੇ ਉਦਯੋਗ-ਧੰਦਿਆਂ ਨੂੰ ਹੌਲੀ-ਹੌਲੀ ਖੋਲ੍ਹਿਆ ਜਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਇਹ ਕਹਿ ਚੁੱਕੇ ਹਨ ਕਿ ਅਸੀਂ ਜ਼ਿੰਦਗੀਆਂ ਨੂੰ ਬਚਾਉਣ ਲਈ ਸਭ ਤੋਂ ਵੱਡੇ ਅਰਥਚਾਰੇ ਨੂੰ ਬੰਦ ਕਰ ਦਿੱਤਾ ਸੀ। ਹੁਣ ਅਸੀਂ ਹੌਲੀ-ਹੌਲੀ ਅਰਥਚਾਰੇ ਨੂੰ ਪਟੜੀ 'ਤੇ ਲਿਆ ਰਹੇ ਹਾਂ। ਅਮਰੀਕੀ ਵਿੱਤ ਮੰਤਰੀ ਸਟੀਵਨ ਨਿਊਚਿਨ ਨੇ ਐਤਵਾਰ ਨੂੰ ਫੋਕਸ ਨਿਊਜ਼ ਨੂੰ ਕਿਹਾ ਕਿ ਅਸੀਂ ਅਰਥਚਾਰੇ ਦੇ ਪੁਨਰ-ਨਿਰਮਾਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ। ਸਾਨੂੰ

ਉਮੀਦ ਹੈ ਕਿ ਸਾਡੇ ਲਈ ਤੀਜੀ ਤਿਮਾਹੀ ਬਿਹਤਰ ਹੋਵੇਗੀ। ਚੌਥੀ ਤਿਮਾਹੀ ਹੋਰ ਬਿਹਤਰ ਹੋਵੇਗੀ ਅਤੇ ਅਗਲਾ ਸਾਲ ਚੰਗਾ ਹੋਣ ਜਾ ਰਿਹਾ ਹੈ। ਉਨ੍ਹਾਂ ਇਹ ਮੰਨਿਆ ਕਿ ਅਰਥਚਾਰਾ ਬੁਰੇ ਦੌਰ ਵਿੱਚੋਂ ਲੰਘ ਰਿਹਾ ਹੈ। ਇਸ ਤੋਂ ਪਹਿਲੇ ਵ੍ਹਾਈਟ ਹਾਊਸ ਦੇ ਸੀਨੀਅਰ ਆਰਥਿਕ ਸਲਾਹਕਾਰ ਕੇਵਿਨ ਹੈਸੇਟ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੇ ਫਲਸਰੂਪ ਅਰਥਚਾਰੇ ਨੂੰ ਬਹੁਤ ਵੱਡਾ ਝਟਕਾ ਲੱਗਾ ਹੈ। ਉਨ੍ਹਾਂ ਸੀਐੱਨਐੱਨ ਨੂੰ ਕਿਹਾ ਕਿ ਅਸੀਂ ਜਿਸ ਮਜ਼ਬੂਤ ਅਰਥਚਾਰੇ ਨੂੰ ਹਮੇਸ਼ਾ ਤੋਂ ਦੇਖਦੇ ਰਹੇ ਉਸ ਨੂੰ ਸਭ ਤੋਂ ਵੱਡਾ ਨਕਾਰਾਤਮਕ ਝਟਕਾ ਲੱਗਾ ਹੈ। ਉਮੀਦ ਹੈ ਕਿ ਅਸੀਂ ਇਸ ਤੋਂ ਆਉਣ ਵਾਲੇ ਸਮੇਂ ਵਿਚ ਉਭਰ ਜਾਵਾਂਗੇ।

ਐਮਾਜ਼ੋਨ ਦੇ 600 ਮੁਲਾਜ਼ਮ ਕੋਰੋਨਾ ਪ੍ਰਭਾਵਿਤ

ਅਮਰੀਕਾ ਦੇ ਐਮਾਜ਼ੋਨ ਦੇ ਕਰੀਬ 600 ਮੁਲਾਜ਼ਮ ਵੀ ਕੋਰੋਨਾ ਵਾਇਰਸ ਦੀ ਲਪੇਟ ਵਿਚ ਆ ਗਏ ਹਨ। ਇਨ੍ਹਾਂ ਵਿੱਚੋਂ ਛੇ ਦੀ ਮੌਤ ਹੋ ਚੁੱਕੀ ਹੈ। ਇਹ ਜਾਣਕਾਰੀ ਦੁਨੀਆ ਦੀ ਇਸ ਦਿੱਗਜ ਕੰਪਨੀ ਦੇ ਇਕ ਮੁਲਾਜ਼ਮ ਨੇ ਦਿੱਤੀ। ਕੰਪਨੀ ਨੇ ਹਾਲਾਂਕਿ ਛੇ ਦੀ ਮੌਤ ਹੋਣ ਦੀ ਗੱਲ ਮੰਨੀ ਹੈ।

ਨੈਸ਼ਨਲ ਗਾਰਡ ਮੁਖੀ ਦੋਚਿਤੀ 'ਚ ਫਸੇ

ਅਮਰੀਕੀ ਨੈਸ਼ਨਲ ਗਾਰਡ ਦੇ ਮੁਖੀ ਜਨਰਲ ਜੋਸਫ ਲੈਂਗਿਲ ਕੋਰੋਨਾ ਵਾਇਰਸ ਨੂੰ ਲੈ ਕੇ ਹੋਏ ਟੈਸਟ ਦੇ ਨਤੀਜੇ ਕਾਰਨ ਦੋਚਿਤੀ ਵਿਚ ਫੱਸ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨਿਚਰਵਾਰ ਨੂੰ ਉਨ੍ਹਾਂ ਦਾ ਇਕ ਟੈਸਟ ਪਾਜ਼ੇਟਿਵ ਆਇਆ ਜਦਕਿ ਇਸੇ ਦਿਨ ਇਕ ਹੋਰ ਟੈਸਟ ਨੈਗੇਟਿਵ ਆ ਗਿਆ। ਹੁਣ ਉਨ੍ਹਾਂ ਦਾ ਦੁਬਾਰਾ ਟੈਸਟ ਹੋਵੇਗਾ।

ਟਰੰਪ ਦੇ ਤੌਰ-ਤਰੀਕੇ ਤੋਂ ਰਿਪਬਲਿਕਨ ਚਿੰਤਤ

ਕੋਰੋਨਾ ਮਹਾਮਾਰੀ ਨਾਲ ਟਰੰਪ ਜਿਸ ਤਰ੍ਹਾਂ ਨਿਪਟ ਰਹੇ ਹਨ ਉਸ ਨਾਲ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਦੇ ਕਈ ਆਗੂ ਚਿੰਤਤ ਹੋ ਗਏ ਹਨ। ਉਨ੍ਹਾਂ ਵਿਚ ਇਸ ਗੱਲ ਨੂੰ ਲੈ ਕੇ ਚਿੰਤਾ ਵੱਧ ਗਈ ਹੈ ਕਿ ਪਾਰਟੀ ਸੰਸਦ ਦੇ ਉਪਰਲੇ ਸਦਨ ਸੈਨੇਟ ਵਿਚ ਬਹੁਮਤ ਗੁਆ ਸਕਦੀ ਹੈ।

ਵਾਸ਼ਿੰਗਟਨ ਪੋਸਟ ਅਖ਼ਬਾਰ ਨੇ ਰਿਪਬਲਿਕਨ ਰਣਨੀਤੀਕਾਰਾਂ ਦੇ ਹਵਾਲੇ ਨਾਲ ਕਿਹਾ ਕਿ ਮੌਜੂਦਾ ਸਿਆਸੀ ਹਾਲਾਤ ਪਾਰਟੀ ਦੇ ਪੱਖ ਵਿਚ ਨਹੀਂ ਹਨ। ਸੈਨੇਟ ਵਿਚ ਇਸ ਸਮੇਂ ਰਿਪਬਲਿਕਨ ਪਾਰਟੀ ਦੇ 53 ਮੈਂਬਰ ਹਨ ਜਦਕਿ 47 ਸੀਟਾਂ 'ਤੇ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦਾ ਕਬਜ਼ਾ ਹੈ। ਅਮਰੀਕਾ ਵਿਚ ਇਸ ਸਾਲ ਨਵੰਬਰ ਵਿਚ ਰਾਸ਼ਟਰਪਤੀ ਚੋਣ ਹੋਣ ਵਾਲੀ ਹੈ।

ਠੰਡਾ ਮਈ ਮਹੀਨਾ- ਇਸ ਸਾਲ ਸਖ਼ਤ ਗਰਮੀ ਤੋਂ ਮਿਲ ਸਕਦੀ ਹੈ ਰਾਹਤ

ਨਵੀਂ ਦਿੱਲੀ– ਮਈ ਦਾ ਮਹੀਨਾ ਲਗਭਗ ਅੱਧਾ ਲੰਘ ਚੁੱਕਾ ਹੈ ਤੇ ਗਰਮ ਹਵਾਵਾਂ ਦਾ ਦੂਰ-ਦੂਰ ਤਕ ਕੋਈ ਅਤਾ-ਪਤਾ ਨਹੀਂ ਨਹੀਂ। ਇਹੀ ਨਹੀਂ, ਰਹਿ-ਰਹਿ ਕੇ ਬਾਰਿਸ਼ ਵੀ ਹੋ ਰਹੀ ਹੈ ਜਿਸ ਕਾਰਨ ਤਾਪਮਾਨ ਹੋਰ ਡਿੱਗਦਾ ਜਾ ਰਿਹਾ ਹੈ। ਮੌਸਮ ਵਿਗਿਆਨੀਆਂ ਦੀ ਮੰਨੀਏ ਤਾਂ ਇਸ ਸਾਲ ਗਰਮੀ ਗ਼ੈਰ-ਸਧਾਰਨ ਹੋਣ ਵਾਲੀ ਹੈ। ਦੇਸ਼ ਦੇ ਉੱਤਰ, ਮੱਧ ਤੇ ਪੂਰਬੀ ਖੇਤਰਾਂ ਵਿਚ ਮਾਰਚ ਮਹੀਨੇ ਤਕ ਸਰਦੀ ਚਲੇ ਜਾਂਦੀ ਹੈ ਤੇ ਗਰਮੀ ਦੀ ਸ਼ੁਰੂਆਤ ਹੋ ਜਾਂਦੀ ਹੈ। ਅਪ੍ਰੈਲ ਆਉਂਦੇ-ਆਉਂਦੇ ਗਰਮੀ ਆਪਣੇ ਆਉਣ ਦਾ ਅਹਿਸਾਸ ਕਰਵਾਉਣ ਲੱਗਦੀ ਹੈ ਤੇ ਮਈ ਮਹੀਨੇ ਵਿਚ ਤਾਂ ਗਰਮ ਹਵਾਵਾਂ ਝੁਲਸਾਉਣ ਲੱਗਦੀਆਂ ਹਨ। ਉੱਤਰੀ ਖੇਤਰਾਂ ਤੋਂ ਇਲਾਵਾ ਪੂਰਬ ਦੇ ਮੈਦਾਨੀ ਖੇਤਰ, ਮੱਧ ਭਾਰਤ ਦੇ ਵਿਦਰਭ ਤੇ ਮਰਾਠਵਾੜਾ ਖੇਤਰ, ਗੁਜਰਾਤ, ਆਂਧਰ ਪ੍ਰਦੇਸ਼ ਤੇ ਤੇਲੰਗਾਨਾ ਦੇ ਦੱਖਣੀ ਹਿੱਸੇ ਬੇਹੱਦ ਗਰਮੀ ਵਾਲੇ ਖੇਤਰ ਹਨ ਤੇ ਇਸ ਵੇਲੇ ਤਕ ਇਨ੍ਹਾਂ ਖੇਤਰਾਂ ਵਿਚ ਪਾਰਾ ਲਗਪਗ ਡਿਗਰੀ ਸੈਲਸੀਅਸ ਤਕ ਪੁੱਜ ਜਾਂਦਾ ਹੈ।

ਰਾਜਸਥਾਨ ਵਿਚ ਤਾਂ ਤਾਪਮਾਨ 50 ਡਿਗਰੀ ਸੈਲਸੀਅਸ ਤਕ ਪੁੱਜ ਜਾਂਦਾ ਹੈ। ਭਾਰਤੀ ਮੌਸਮ ਵਿਭਾਗ (ਆਈਐੱਮਡੀ) ਨੇ ਇਸ ਸਾਲ ਆਮ ਨਾਲੋਂ ਜ਼ਿਆਦਾ ਤਾਪਮਾਨ ਦਾ ਅਨੁਮਾਨ ਲਾਇਆ ਸੀ ਪਰ ਹੁਣ ਤਕ ਤਾਪਮਾਨ ਆਮ ਪੱਧਰ ਤਕ ਵੀ ਨਹੀਂ ਪੁੱਜ ਸਕਿਆ। ਉਲਟਾ ਪਹਿਲੀ ਮਾਰਚ ਤੋਂ 11 ਮਈ ਦੌਰਾਨ ਔਸਤ ਤੋਂ 25 ਫ਼ੀਸਦੀ ਜ਼ਿਆਦਾ ਬਾਰਿਸ਼ ਹੀ ਹੋਈ ਹੈ। ਆਈਐੱਮਡੀ ਦੇ ਪੁਣੇ ਸਥਿਤ ਲਾਂਗ ਰੇਂਜ ਫੋਰ ਕਾਸਟ ਇਕਾਈ ਦੇ ਸੀਨੀਅਰ ਵਿਗਿਆਨੀ ਓਪੀ ਸ਼੍ਰੀਜੀਤ ਕਹਿੰਦੇ ਹਨ ਕਿ ਮਾਰਚ 'ਚ ਔਸਤ 47 ਫ਼ੀਸਦੀ ਤੇ ਅਪ੍ਰੈਲ ਵਿਚ ਅੱਠ ਫ਼ੀਸਦੀ ਜ਼ਿਆਦਾ ਬਾਰਿਸ਼ ਹੋਈ।

ਆਈਐੱਮਡੀ ਦੇ ਡਾਇਰੈਕਟਰ ਜਨਰਲ ਮ੍ਰਿਤੂੰਜੈ ਮਹਾਪਾਤਰਾ ਇਸ ਨੂੰ ਆਮ ਘਟਨਾ ਨਹੀਂ ਮੰਨਦੇ। ਮੌਸਮ ਦੀ ਜਾਣਕਾਰੀ ਦੇਣ ਵਾਲੀ ਨਿੱਜੀ ਖੇਤਰ ਦੀ ਏਜੰਸੀ ਸਕਾਈਮੈਟ ਵੈਦਰ ਦੇ ਉਪ ਮੁਖੀ ਮਹੇਸ਼ ਪਾਲਾਵਤ ਨੇ ਕਿਹਾ ਕਿ ਅਪ੍ਰੈਲ ਵਿਚ ਸਿਰਫ਼ ਦੋ ਹੀ ਮੌਕੇ ਅਜਿਹੇ ਆਏ ਜਦੋਂ ਗਰਮ ਹਵਾਵਾਂ ਚੱਲੀਆਂ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ 16 ਮਈ ਤੋਂ ਬਾਅਦ ਤਾਪਮਾਨ ਵਧ ਸਕਦਾ ਹੈ। ਆਮ ਨਾਲੋਂ ਜਦੋਂ 5-6 ਡਿਗਰੀ ਜ਼ਿਆਦਾ ਤਾਪਮਾਨ ਨਾਲ ਹਵਾਵਾਂ ਚੱਲਦੀਆਂ ਹਨ ਤਾਂ ਉਸ ਨੂੰ ਮੌਸਮ ਵਿਭਾਗ ਲੂ ਦੀ ਸ਼੍ਰੇਣੀ ਵਿਚ ਰੱਖਦਾ ਹੈ। ਜਦੋਂ ਤਾਪਮਾਨ ਆਮ ਨਾਲੋਂ ਸੱਤ ਡਿਗਰੀ ਉੱਪਰ ਪੁੱਜ ਜਾਂਦਾ ਹੈ ਉਦੋਂ ਮੌਸਮ ਵਿਭਾਗ ਉਸ ਨੂੰ ਪ੍ਰਚੰਡ ਗਰਮੀ ਕਰਾਰ ਦਿੰਦਾ ਹੈ।

ਆਈਐੱਮਡੀ ਦੇ ਰਾਸ਼ਟਰੀ ਮੌਸਮ ਪੇਸ਼ੀਨਗੋਈ ਕੇਂਦਰ ਦੀ ਮੁਖੀ ਸਤੀ ਦੇਵੀ ਨੇ ਕਿਹਾ ਕਿ ਗੁਜਰਾਤ ਵਿਚ ਅਪ੍ਰੈਲ ਦੇ ਮਹੀਨੇ ਵਿਚ ਇਕ ਵਾਰ ਗਰਮ ਹਵਾਵਾਂ ਚੱਲੀਆਂ ਪਰ ਉਸ ਦਾ ਦਾਇਰਾ ਬਹੁਤਾ ਵੱਡਾ ਨਹੀਂ ਸੀ। ਇਸ ਮਹੀਨੇ ਰਾਜਸਥਾਨ ਵਿਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉਪਰ ਪੁੱਜ ਗਿਆ ਪਰ ਗੜਬੜ ਵਾਲੀਆਂ ਪੱਛਮੀ ਪੌਣਾਂ ਕਾਰਨ ਬਾਰਿਸ਼ ਹੋ ਗਈ ਤੇ ਪਾਰਾ ਮੁੜ ਲੁੜਕ ਗਿਆ।

AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables

ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।


Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

ਦੇਸ਼ ਦੁਆਬਾ

ਬੇਮੁਖ ਲੋਕਾਂ ਨੂੰ ਸੁਨੇਹਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

-ਸੀ. ਐਲ. ਚੁੰਬਰ
ਕੌਮੀ ਉਡਾਰੀਆਂ (ਜਲੰਧਰ)
14 ਜਨਵਰੀ 1986 'ਚੋਂ ਧੰਨਵਾਦ ਸਹਿਤ

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਮਮਤਾ, ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ

ਨੀਨਾ ਧੀਰ ਜੈਤੋ
neenamoga@gmail.com

ਅੱਜ 8 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ। ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਂਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਂਦੇ ਹਨ। ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ?' ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ। ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹਠੇ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ,ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆ ਤੋ ਪਿਆਰਾ ਤੇ ਬਹੁ-ਮੁਲਾ ਰਿਸਤਾ ਹੈ।

ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ ਪਿਉ ਦੀ ਸੇਵਾ ਨਾਂ ਕਰੇ ਨਿਕੱਮੀ ਨਿੱਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ?

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ। ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੌਰ 'ਚੋਂ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਂਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ। ਸਾਨੂੰ ਬਜੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਏ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ- ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾ ਦਾ ਵੀ ਅਸੀ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੋਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀ' ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋ ਹੀ ਕੀਤੀ ਜਾਣੀ ਚਾਹੀਦੀ ਹੈ।

ਡਾ.ਭੀਮ ਰਾਓ ਅੰਬੇਦਕਰ ਜੀ ਨੂੰ ਯਾਦ ਕਰਦਿਆਂ ਆਜ਼ਾਦ ਜਲੰਧਰੀ ਦੀਆਂ ਕੁਝ ਰਚਨਾਵਾਂ



ਆਜ਼ਾਦ ਜਲੰਧਰੀ 1-408-438-2888

ਚੌਦਾਂ ਅਪ੍ਰੈਲ ਸੰਨ 1891 ਨੂੰ
ਭੀਮ ਰਾਓ ਆਇਆ ਹੈਸੀ ਰਿਸ਼ਮਾਂ ਖਿਲਾਰਦਾ।

ਭੀਮਾ ਬਾਈ ਮਾਈ ਜੀ ਦੇ ਵਿਹੜੇ ਵਿਚ ਰੌਣਕਾਂ ਨੇ
ਉਚਾ ਕੀਤਾ ਨਾਮ ਪਿਤਾ ਰਾਮ ਜੀ ਮਹਾਰ ਦਾ।

ਸੋਹਣਾ ਜਿਹਾ ਮੁੱਖ ਦੁੱਖ ਦੂਰ ਹੁੰਦੇ ਵਿਹੰਦਿਆਂ ਹੀ
ਦਲਿਤਾਂ ਦੇ ਘਰ ਆਇਆ ਰੂਪ ਕਰਤਾਰ ਦਾ।

ਮਹੂ ਦੀਆਂ ਗਲੀਆਂ ਦੇ ਕੱਖ ਭੀ ਸੀ ਨੱਚ ਉਠੇ
ਚੌਹੀਂ ਪਾਸੀਂ ਹੜ੍ਹ ਆਇਆ ਪ੍ਰੇਮ ਤੇ ਪਿਆਰ ਦਾ।

ਕਿਸੇ ਨੂੰ ਕੀ ਪਤਾ ਸੀ ਕਿਹ ਲਾਲ ਭੀਮਾ ਬਾਈ ਮਾਂ ਦਾ
ਸਦੀਆਂ ਦੀ ਸੁੱਤੀ ਹੋਈ ਕੌਮ ਨੂੰ ਜਗਾਵੇਗਾ।

ਦੇਊਗਾ ਦਿਲਾਸੇ ਹਾਸੇ ਵੰਡੂਗਾ ਇਹ ਦਲਿਤਾਂ ਨੂੰ
ਦੇਸ਼ ਦਾ ਕਾਨੂੰਨ ਹੱਥੀਂ ਆਪਣੀ ਬਣਾਏਗਾ।

ਤ੍ਰੇਤੇ ਜੁੱਗ ਵਿਚ ਸੁਆਮੀ ਸਿਰੀ ਵਾਲਮੀਕ ਜੀ ਨੇ
ਹਿੰਮਾਂ ਨਾ ਰੁੱਖ ਇਤਿਹਾਸ ਦਾ ਸੀ ਮੋੜਿਆ।

ਗੁਰੂ ਰਵਿਦਾਸ ਨਾਮਦੇਵ ਤੇ ਕਬੀਰ ਜੀ ਨੇ
ਵਰਨਾਂ ਦੇ ਮਹਿਲ ਨੂੰ ਸੀ ਫੜ ਕੇ ਝੰਜੋੜਿਆ।

ਊਚ-ਨੀਚ, ਜਾਤ-ਪਾਤ ਵਾਲਾ ਮਜ਼ਬੂਤ ਪੰਜਾ
ਭੀਮ ਰਾਓ ਸਾਹਿਬ ਨੇ ਸੀ ਫੜਕੇ ਮਰੋੜਿਆ।

ਵੱਡਿਆਂ ਵਡੇਰਿਆਂ ਦੀ ਕੀਤੀ ਕੁਰਬਾਨੀਆਂਦੀ
ਲੜੀ ਤਾਈਂ ਭੀਮ ਰਾਓ ਸਾਹਿਬ ਨੇ ਜੀ ਜੋੜਿਆ।

ਲੱਖਾਂ ਤੇ ਕਰੋੜਾਂ ਬਾਵਾ ਸਾਹਿਬ ਦੇ ਮੁਰੀਦ ਹੋ ਗਏ
ਦਿੱਤੀ ਜਾ ਗਵਾਹੀਇਤਿਹਾਸ ਦਿਆਂ ਪੱਠਿਆਂ।

ਬੜੇ ਬੜੇ ਦੇਸ਼ ਦਿਆਂ ਲੀਡਰਾਂਸਲਾਮ ਕੀਤਾ
ਵਰਨਾਂ ਦੇ ਬਾਨੀਆਂ ਨੇ ਸਿੱਕਾ ਅਹੁਦਾ ਮੱਲਿਆ।

ਜਨਮ ਦਿਹਾੜਾ ਬਾਵਾ ਸਾਹਿਬ ਭੀਮ ਰਾਓ ਜੀਦਾ
ਖੁਸ਼ੀਆਂ ਮਨਾਈਏ ਆਓ ਸੰਗਤੇ ਪਿਆਰੀਏ

ਔਹਦੀ ਕੁਰਬਾਨੀ ਤੇਜ ਤਪ ਤੇ ਤਿਆਗ ਅਹੁਦਾ
ਪਰਉਪਕਾਰ ਅਹੁਦੇ ਬੈਠ ਕੇ ਬਿਚਾਰੀਏ।

ਯਾਦ ਨੇ ਕਿਹ ਭੁੱਲ ਗਏ ਨੇ ਔਹਦੇ ਕਾਰਨਾਮੇ ਸਾਨੂੰ
ਆਪਣੇ ਦਿਲਾਂ 'ਚ ਬਹਿ ਕੇ ਆਪਾਂ ਝਾਤੀ ਮਾਰੀਏ।

ਲੋੜ ਇਤਫਾਕ ਦੀ ਏ ਅੱਜ ਸਾਡੀ ਕੌਮ ਤਾਈਂ
ਝੱਖੜਾਂ ਦੇ ਵਿਚ ਫਸੀ ਬੇੜੀ ਨੂੰ ਉਬਾਰੀਏ।

ਪੜ੍ਹੋ, ਲਿਖੋ ਮਿਲਕੇ ਸੰਘਰਸ਼ ਕਰੋ ਨੌਜਵਾਨੋ
ਬਚਨ ਅਮੁੱਲੇ ਬਾਵਾ ਸਾਹਿਬ ਦੇ ਕਮਾਲ ਨੇ।

ਅਸੀਂ ਭੀ ਜੇ ਇਕ ਹੋ ਕੇ ਵਧਾਂਗੇ ਆਜ਼ਾਦ ਅੱਗੇ
ਪੈਰ-ਪੈਰ ਉਤੇ ਬਾਵਾ ਸਾਹਿਬ ਸਾਡੇ ਨਾਲ ਨੇ।

ਜੈ ਭੀਮ! ਜੈ ਭਾਰਤ!!

ਗਜ਼ਲ

ਦਲਿਤਾਂ ਦੇ ਐ ਮਸੀਹਾ ਮੇਰਾ ਸਲਾਮ ਤੈਨੂੰ
ਕਰਦੇ ਨੇ ਯਾਦ ਲੋਕੀ ਸੁਬਹ ਤੇ ਸ਼ਾਮ ਤੈਨੂੰ।

ਤੇਰਾ ਜਨਮ ਦਿਨ ਹੈ ਬਾਵਾ ਮੌਸਮ ਦਾ ਹੈ ਤਕਾਜ਼ਾ
ਅੱਜ ਦੇਣ ਆਏ ਖਾਦਿਮ ਸ਼ਰਧਾ ਦੇ ਜਾਮ ਤੈਨੂੰ।

ਤਕਰੀਰ ਦੇ ਐ ਸ਼ਾਹਾ, ਤਹਿਰੀਰ ਦੇ ਐ ਧਨੀਆ
ਦੱਸ ਕੀ ਸੁਣਾਏ ਸ਼ਾਇਰ ਆਪਣਾ ਕਲਾਮ ਤੈਨੂੰ।

ਸ਼ਰਧਾਂਜਲੀ ਸਮਝ ਕੇ ਚੰਦ ਸ਼ੇਅਰ ਇਹਤਗਮਨ
ਅੱਜ ਭੇਂਟ ਕਰ ਰਿਹਾ ਏ ਤੇਰਾ ਗੁਲਾਮ ਤੈਨੂੰ।

ਸੰਸਾਰ ਵਿਚ ਕਿਸੇ ਨੂੰ ਸ਼ਾਇਦ ਨਸੀਬ ਹੋਵੇ
ਮਿਲਿਆ ਮੁਦੱਬਰਾਂ ਵਿਚ ਜਿਹੜਾ ਮੁਕਾਮ ਤੈਨੂੰ।

ਵਰਨਾਂ ਦੇ ਕੰਡਿਆਂ ਤੇ ਚਲਦਾ ਰਿਹਾ ਹਮੇਸ਼ਾ
ਮਿਲਿਆ ਨਾ ਜ਼ਿੰਦਗੀ ਭਰ ਕਿਧਰੇ ਆਰਾਮ ਤੈਨੂੰ।

'ਆਜ਼ਾਦ' ਕਹਿ ਰਹੇ ਨੇ ਆਸਾਰ ਅੱਜ ਸਮੇਂ ਦੇ
ਪੂਜਣਗੇ ਰੱਬ ਸਮਝਕੇ ਲੋਕੀ ਤਮਾਮ ਤੈਨੂੰ।।

ਗਜ਼ਲ

ਤੈਂ ਖੂਹ ਐਸੇ ਬਾਵਾ ਜੀ ਹਿੰਮਤਾਂ ਦੇ ਗੇੜੇ
ਫਸਲ ਆਸ ਦੀ ਜੰਮ ਪਈ ਦਲਿਤਾਂ ਦੇ ਵਿਹੜੇ।

ਰਗਾਂ ਵਿਚ ਲਹੂ ਸਰਦ ਗਰਮਾ ਗਏ ਸਨ
ਤੈਂ ਮਰਦਾਨਗੀ ਦੇ ਜਦੋਂ ਸਾਜ਼ ਛੇੜੇ।

ਲਗਾਤਾਰ ਚਲਦਾ ਰਿਹਾ ਉਮਰ ਸਾਰੀ
ਮਨੂੰਵਾਦੀਆਂ ਤੈਂ ਬਖੀਏ ਉਧੇੜੇ।

ਤੇਰੇ ਕਦਮ ਬਿੜਕੇ ਨਾ ਰਾਹ ਵਿਚ ਕਿਤੇ ਭੀ
ਤੂੰ ਲੈ

ਕੋਰੋਨਾਵਾਇਰਸ ਵਾਈਟ ਹਾਊਸ ਦੇ ਅੰਦਰੂਨੀ ਘੇਰੇ ਵਿਚ ਪੁੱਜਾ

ਉਪ ਰਾਸ਼ਟਰਪਤੀ ਦੀ ਬੁਲਾਰਨ ਵੀ ਕੋਰੋਨਾ ਪੀੜਤ ਨਿਕਲੀ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)– ਅਮਰੀਕਾ ਵਿਚ ਕੋਰੋਨਾ ਮਹਾਮਾਰੀ ਨਾਲ ਪਿਛਲੇ 24 ਘੰਟਿਆਂ ਦੌਰਾਨ 1409 ਵਿਅਕਤੀ ਮੌਤ ਦੇ ਮੂੰਹ ਵਿਚ ਜਾ ਪਏ ਹਨ ਤੇ ਮੌਤਾਂ ਦੀ ਕੁਲ ਗਿਣਤੀ 78616 ਹੋ ਗਈ ਹੈ। ਨਵੇਂ ਮਰੀਜ਼ਾਂ ਦੇ ਆਉਣ ਦੀ ਰਫ਼ਤਾਰ ਵੀ ਪਹਿਲਾਂ ਵਾਂਗ ਜਾਰੀ ਹੈ ਤੇ 29531 ਨਵੇਂ ਮਰੀਜ਼ ਹਸਪਤਾਲਾਂ ਵਿਚ ਪੁੱਜੇ ਹਨ। ਕੋਰੋਨਾਪੀੜਤ ਅਮਰੀਕਨਾਂ ਦੀ ਕੁਲ ਗਿਣਤੀ 13,22,154 ਹੋ ਗਈ ਹੈ। ਇਸੇ ਦੌਰਾਨ ਕੋਰੋਨਾਵਾਇਰਸ ਵਾਈਟ ਹਾਊਸ ਦੇ ਅੰਦਰੂਨੀ ਘੇਰੇ ਵਿਚ ਵੀ ਪੁੱਜ ਗਿਆ ਹੈ। ਬੀਤੇ ਦਿਨ ਰਾਸ਼ਟਰਪਤੀ ਦੇ ਇਕ ਨਿੱਜੀ ਮੁਲਾਜ਼ਮ ਦੇ ਕੋਰੋਨਾ ਪੀੜਤ ਹੋਣ ਉਪਰੰਤ ਉਪ ਰਾਸ਼ਟਰਪਤੀ ਦੀ ਸਪੋਕਸਵੋਮੈਨ ਕੋਰੋਨਾ ਪੀੜਤ ਨਿਕਲੀ ਹੈ। ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਸਮੇਤ ਅਹਿਮ ਵਿਅਕਤੀਆਂ ਨੂੰ ਸੁਰੱਖਿਆ ਘੇਰਾ ਦੇਣ ਵਾਲੀ ਅਮਰੀਕਾ ਦੀ ਖੁਫ਼ੀਆ ਸੇਵਾ ਦੇ 11 ਮੁਲਾਜ਼ਮ ਵੀ ਕੋਰੋਨਾ ਤੋਂ ਪੀੜਤ ਨਿਕਲੇ ਹਨ। ਇਸ ਨਾਲ ਵਾਈਟ ਹਾਊਸ ਵਿਚ ਸਹਿਮ ਦਾ ਮਾਹੌਲ ਬਣ ਗਿਆ ਹੈ ਤੇ ਕੋਈ ਵੀ ਇਕ ਦੂਸਰੇ ਨਾਲ ਗੱਲ ਕਰਨ ਤੋਂ ਟਾਲਾ ਵਟ ਰਿਹਾ ਹੈ।

ਖੁਫ਼ੀਆ ਸੇਵਾ ਦੇ 11 ਮੁਲਾਜ਼ਮ ਕੋਰੋਨਾ ਤੋਂ ਪੀੜਤ

ਅਮਰੀਕਾ ਦੀ ਖੁਫ਼ੀਆ ਸੇਵਾ ਦੇ ਘਟੋ ਘੱਟ 11 ਮੁਲਾਜ਼ਮ ਕੋਰੋਨਾ ਨਾਲ ਪੀੜਤ ਨਿਕਲੇ ਹਨ ਜਦ ਕਿ 60 ਹੋਰਨਾਂ ਨੂੰ ਏਕਾਂਤਵਾਸ ਵਿਚ ਭੇਜ ਦਿੱਤਾ ਗਿਆ ਹੈ। ਇਹ ਪ੍ਰਗਟਾਵਾ ਇਸ ਮਸਲੇ ਨਾਲ ਜੁੜੇ ਇਕ ਵਿਅਕਤੀ ਨੇ ਕੀਤਾ ਹੈ। ਇਹ ਵਿਅਕਤੀ ਜੋ ਜਨਤਿਕ ਤੌਰ 'ਤੇ ਬਿਆਨਜਾਰੀ ਕਰਨ ਲਈ ਅਧਿਕਾਰਤ ਨਹੀਂ ਹੈ, ਨੇ ਇਹ ਦੱਸਣ ਤੋਂ ਨਾਂਹ ਕਰ ਦਿੱਤੀ ਕਿ ਖੁਫ਼ੀਆ ਸੇਵਾ ਦੇ ਪੀੜਤ ਏਜੰਟ ਕਿੰਨੇ ਹੋਰ ਆਮ ਨਾਗਰਿਕਾਂ ਦੇ ਸੰਪਰਕ ਵਿਚ ਸਨ। ਬਿਮਾਰ ਮੁਲਾਜ਼ਮਾਂ ਨੂੰ ਕਿਥੇ ਰੱਖਿਆ ਗਿਆ ਹੈ ਇਸ ਬਾਰੇ ਵੀ ਪਤਾ ਨਹੀਂ ਲੱਗ ਸਕਿਆ। ਇਹ ਖੁਫ਼ੀਆ ਸੇਵਾ ਰਾਸ਼ਟਰਪਤੀ, ਉਪ ਰਾਸ਼ਟਰ-ਪਤੀ, ਉਨਾਂ ਦੇ ਪਰਿਵਾਰਾਂ ਤੇ ਬਾਹਰਲੇ ਦੇਸ਼ਾਂ ਦੇ ਮੁੱਖੀਆਂ ਨੂੰ ਅਮਰੀਕਾ ਆਉਣ 'ਤੇ ਰਖਿਆ ਪ੍ਰਦਾਨ ਕਰਦੀ ਹਨ। ਇਸ ਸੇਵਾ ਦੇ 3000 ਏਜੰਟਾਂ ਸਮੇਤ 7600 ਮੁਲਾਜ਼ਮ ਹਨ। ਸਭ ਤੋਂ ਪਹਿਲਾਂ ਯਾਹੂ ਨਿਊਜ਼ ਨੇ ਖੁਲਾਸਾ ਕੀਤਾ ਸੀ ਕਿ ਕੋਰੋਨਾਵਾਇਰਸ ਮਹਾਮਾਰੀ ਵਾਇਟ ਹਾਊਸ ਦੇ ਅੰਦਰੂਨੀ ਦਾਇਰੇ ਵਿਚ ਪੁੱਜ ਗਈ ਹੈ। ਬੀਤੇ ਦਿਨ ਵਾਈਟ ਹਾਊਸ ਨੇ ਦੱਸਿਆ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਕ ਨਿੱਜੀ ਸੇਵਾਦਾਰ ਦਾ ਟੈਸਟ ਪੌਜ਼ਟਿਵ ਆਇਆ ਹੈ। ਰਾਸ਼ਟਰਪਤੀ ਟਰੰਪ ਦੇ ਹਾਲ ਹੀ ਵਿਚ ਦੋ ਟੈਸਟ ਕੀਤੇ ਗਏ ਹਨ ਜੋ ਨੈਗੇਟਿਵ ਆਏ ਹਨ।

ਉਪ ਰਾਸ਼ਟਰਪਤੀ ਦੀ ਬੁਲਾਰਨ ਵੀ ਪੀੜਤ

ਉਪ ਰਾਸ਼ਟਰਪਤੀ ਮਾਈਕ ਪੈਂਸ ਦੀ ਸੋਪਕਸਵੋਮੈਨ ਕੇਟੀ ਮਿਲਰ ਵੀ ਕੋਰੋਨਾ ਪੀੜਤ ਪਾਈ ਗਈ ਹੈ। ਸ਼ੁਰੂ ਵਿਚ ਕੇਵਲ ਏਨਾ ਹੀ ਦੱਸਿਆ ਗਿਆ ਸੀ ਕਿ ਉਪ ਰਾਸ਼ਟਰਪਤੀ ਦੇ ਇਕ ਸਟਾਫ਼ ਮੈਂਬਰ ਦਾ ਟੈਸਟ ਪੌਜ਼ੇਟਿਵ ਆਇਆ ਹੈ ਪਰ ਦੇਰ ਸ਼ਾਮ ਪਤਾ ਲੱਗਾ ਕਿ ਇਹ ਕੇਟੀ ਮਿਲਰ ਹੈ। ਕੇਟੀ ਮਿਲਰ ਰਾਸ਼ਟਰਪਤੀ ਟਰੰਪ ਦੇ ਚੋਟੀ ਦੇ ਅਧਿਕਾਰੀ ਸਟੀਫਨ ਮਿਲਰ ਦੀ ਪਤਨੀ ਹੈ। ਇਸ ਨਾਲ ਵਾਈਟ ਹਾਊਸ ਦੀ ਚਿੰਤਾ ਵਿਚ ਹੋਰ ਵਾਧਾ ਹੋ ਗਿਆ ਹੈ। ਕੇਟੀ ਮਿਲਰ ਨੇ ਹਾਲ ਵਿਚ ਟਰੰਪ ਵੱਲੋਂ ਆਯੋਜਿਤ ਪ੍ਰਾਰਥਨਾ ਸਭਾ ਵਿਚ ਹਿੱਸਾ ਲਿਆ ਸੀ ਜਿਸ ਵਿਚ ਰਾਸ਼ਟਰਪਤੀ ਤੋਂ ਇਲਾਵਾ ਉਨਾਂ ਦੀਆਂ ਪਤਨੀਆਂ, ਉਪ ਰਾਸ਼ਟਰਪਤੀ ਤੇ ਹੋਰ ਸਟਾਫ਼ ਮੈਂਬਰਾਂ ਸਮੇਤ ਅਨੇਕਾਂ ਵਿਅਕਤੀਆਂ ਨੇ ਹਿੱਸਾ ਲਿਆ ਸੀ। ਕੇਟੀ ਮਿਲਰ ਕੋਰੋਨਾ ਵਾਇਰਸ ਨਾਲ ਪੀੜਤ ਹੋਣ ਉਪਰੰਤ ਉਪ ਰਾਸ਼ਟਰਪਤੀ ਦਾ ਡੇਸ ਮੋਇਨਸ ਲੋਵਾ ਦਾ ਦੌਰਾ ਰੱਦ ਕਰਨਾ ਪਿਆ ਹੈ।

ਪੰਜਾਬ ਬੁੱਧਿਸਟ ਸੁਸਾਇਟੀ ਵੱਲੋਂ ਮਜ਼ਦੂਰ ਭਲਾਈ ਦੇ ਕਾਨੂੰਨਾਂ ਵਿਚ ਸੋਧ ਕਰਨ ਦੀ ਸਿਫਾਰਸ਼ ਦੀ ਨਿੰਦਾ

ਜਲੰਧਰ (ਬਿਊਰੋ)– ਕਰੋਨਾ ਬਿਮਾਰੀ ਦੇ ਅਸਰ ਹੇਠ ਸਾਰੇ ਦੇਸ਼ਾਂ ਦੀ ਅਰਥ-ਵਿਵਸਥਾ ਉਪਰ ਮਾੜਾ ਅਸਰ ਪਿਆ ਹੈ ਪਰ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਗਰੀਬ ਮਜ਼ਦੂਰਾਂ ਨੂੰ ਪੂਰੀ ਤਨਖਾਹ ਦਿੱਤੀ ਹੈ ਅਤੇ ਉਹਨਾਂ ਦਾ ਸ਼ੋਸ਼ਣ ਨਹੀਂ ਕੀਤਾ, ਪਰ ਭਾਰਤ ਸਰਕਾਰ ਵੱਲੋਂ ਦੇਸ਼ ਦੀ ਅਰਥ ਵਿਵਸਥਾ ਨੂੰ ਪੈਰੀ ਖੜ੍ਹਾ ਕਰਨ ਲਈ ਮਜ਼ਦੂਰਾਂ ਦੀ ਭਲਾਈ ਦੇ ਸਾਰੇ ਕਾਨੂੰਨ ਬਦਲੇ ਜਾ ਰਹੇ ਹਨ, ਜਿਸ ਨਾਲ ਮਜ਼ਦੂਰਾਂ ਅਤੇ ਕਾਮਿਆਂ ਦਾ ਸ਼ੋਸ਼ਣ ਵੱਧ ਜਾਵੇਗਾ।

ਲੇਬਰ ਕਾਨੂੰਨਾਂ ਵਿਚ ਸੁਧਾਰ ਦੀ ਗੱਲ ਕਰਨ ਦੇ ਬਹਾਨੇ ਮਜ਼ਦੂਰਾਂ ਦੀ ਸੁਰੱਖਿਆ ਕਾਨੂੰਨ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਕੋਲੋਂ 8 ਘੰਟੇ ਦੀ ਥਾਂ 12 ਘੰਟੇ ਕੰਮ ਲੈਣਾ ਜ਼ਰੂਰੀ ਬਣਾਇਆ ਜਾ ਰਿਹਾ ਹੈ।

ਸ਼ਾਪ ਅਤੇ ਐਸਟੈਬਲਿਸ਼ਮੈਂਟ ਐਕਟ ਵਿਚ ਕੰਮ ਲੈਣ ਦੇ ਘੰਟੇ 18 ਤੱਕ ਕੀਤੇ ਜਾ ਰਹੇ ਹਨ। ਲੇਬਰ ਡਿਸਪਿਊਟ ਐਕਟ 1947 ਨੂੰ ਅਤੇ ਲੇਬਰ ਯੂਨੀਅਨ ਨੂੰ ਖਤਮ ਕੀਤਾ ਜਾ ਰਿਹਾ ਹੈ। ਘੱਟੋ ਘੱਟ ਤਨਖਾਹ, ਬੋਨਸ ਪੇਮੈਂਟ ਅਤੇ ਤਨਖਾਹ ਦੇ ਭੁਗਤਾਨ ਕਾਨੂੰਨ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਕਰਕੇ ਉਤਰ ਪ੍ਰਦੇਸ਼ ਸਰਕਾਰ ਨੇ 38 ਕਾਨੂੰਨਾਂ ਵਿਚੋਂ 35 ਕਾਨੂੰਨਾਂ ਨੂੰ ਤਿੰਨ ਸਾਲ ਤੱਕ ਮੁਲਤਵੀ ਕਰਨ ਦੀ ਸਿਫਾਰਸ਼ ਕੇਂਦਰ ਸਰਕਾਰ ਕੋਲ ਭੇਜ ਦਿੱਤੀ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਕਰਨਾਟਕ, ਗੁਜਰਾਤ ਅਤੇ ਕਈ ਹੋਰ ਸੂਬਿਆਂ ਦੀਆਂ ਸਰਕਾਰਾਂ ਵੀ ਲੇਬਰ ਭਲਾਈ ਕਾਨੂੰਨਾਂ ਨੂੰ ਮੁਲਤਵੀ ਕਰਕੇ ਪੂੰਜੀਪਤੀਆਂ ਦੇ ਹੱਥ ਮਜ਼ਬੂਤ ਕਰ ਰਹੀਆਂ ਹਨ, ਜਿਸ ਨਾਲ ਮਜ਼ਦੂਰਾਂ ਅਤੇ ਕਾਮਿਆਂ ਦਾ ਸ਼ੋਸ਼ਣ ਵੱਧ ਜਾਵੇਗਾ। ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਇਸ ਮਜ਼ਦੂਰ ਮਾਰੂ ਨੀਤੀ ਦੀ ਸਖਤ ਨਿਖੇਧੀ ਕੀਤੀ ਹੈ।

ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਇਸ ਸਮੇਂ ਮਜ਼ਦੂਰਾਂ ਅਤੇ ਕਾਮਿਆਂ ਕੋਲ ਕੰਮ ਨਹੀਂ, ਪੈਸਾ ਨਹੀਂ ਅਤੇ ਖਾਣ ਲਈ ਅਨਾਜ ਨਹੀਂ ਹੈ ਤੇ ਸਰਕਾਰ ਵੱਲੋਂ ਉਹਨਾਂ ਦੀ ਮਦਦ ਕਰਨ ਦੀ ਥਾਂ ਲੋਕ ਮਾਰੂ ਅਤੇ ਮਜ਼ਦੂਰ ਮਾਰੂ ਕਾਨੂੰਨ ਲਾਗੂ ਕਰਨ ਦੀ ਤਿਆਰੀ ਦੀ ਸਖਤ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ।

ਉਹਨਾਂ ਕਿਹਾ ਕਿ ਫੈਕਟਰੀ ਅਤੇ ਉਦਯੋਗ ਮਾਲਕਾਂ ਦੀ ਵੀ ਮਦਦ ਹੋਣੀ ਚਾਹੀਦੀ ਹੈ ਪਰ ਇਸ ਸਮੇਂ ਮਜ਼ਦੂਰਾਂ ਅਤੇ ਕਾਮਿਆਂ ਦਾ ਸ਼ੋਸ਼ਣ ਕਿਸੇ ਵੀ ਹਾਲਤ ਵਿਚ ਮਨਜ਼ੂਰ ਨਹੀਂ ਕੀਤਾ ਜਾਣਾ ਚਾਹੀਦਾ।

Law Office of
NIRWAN & ASSOCIATES

www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq 916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

7 ਮਈ ਨੂੰ ਦੇਸ ਵਿਦੇਸ਼ ਵਿੱਚ ਤਥਾਗਤ ਗੋਤਮ ਬੁੱਧ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਡਾ ਅੰਬੇਡਕਰ ਮਿਸਨ ਸੁਸਾਇਟੀ ਯੂਰਪ ਦੇ ਪਰਧਾਨ ਸੋਹਨ ਲਾਲ ਸਾਪਲਾ ਪਰਿਵਾਰ ਨੇ ਵੀ ਆਪਣੇ ਘਰ ਖੰਨਾ ਵਿਖੇ ਤਥਾਗਤ ਗੋਤਮ ਬੁੱਧ ਜੀ ਦਾ ਜਨਮ ਦਿਨ ਬੱਚੀਆਂ ਨਾਲ ਮਨਾਇਆ।

ਬੁੱਧ ਜੈਅੰਤੀ ਮੌਕੇ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਕੱਚਾ ਰਾਸ਼ਨ

ਜਲੰਧਰ (ਬਿਊਰੋ)– ਕਰੋਨਾ ਵਾਇਰਸ ਦੀ ਨਾਮੁਰਾਦ ਮਹਾਮਾਰੀ ਨੂੰ ਮੁਖ ਰਖਦੇ ਹੋਏ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੁਆਰਾ ਸੋਸ਼ਲ ਡਿਸਟਨਸਿੰਗ ਦਾ ਪੂਰਨ ਖਿਆਲ ਰਖਕੇ ਅੰਬੇਡਕਰ ਭਵਨ ਜਲੰਧਰ ਵਿਖੇ ਬੁੱਧ ਜੈਅੰਤੀ ਬਹੁਤ ਹੀ ਸ਼ਰਧਾ ਪੂਰਵਕ ਮਨਾਈ ਗਈ। ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਪੰਚਸ਼ੀਲ ਗ੍ਰਹਿਣ ਕਰਵਾਏ। ਪ੍ਰਵਾਸੀ ਭਾਰਤੀ ਸ਼੍ਰੀਮਤੀ ਸੁਜਾਤਾ ਸੱਲਣ ਅਤੇ ਉਨ੍ਹਾਂ ਦੇ ਪਤੀ ਸ਼੍ਰੀ ਮੋਹਿੰਦਰ ਸੱਲਣ ਦੇ ਸਹਿਯੋਗ ਨਾਲ ਇਸ ਮੌਕੇ ਲੋੜਵੰਦ ਪਰਿਵਾਰਾਂ ਨੂੰ ਹੁਣ ਦੂਜੇ ਚਰਨ

ਵਿਚ ਕੱਚਾ ਰਾਸ਼ਨ ਵੰਡਿਆ ਗਿਆ। ਇਹ ਜਾਣਕਾਰੀ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ। ਮੈਡਮ ਕਲਿਆਣ ਨੇ ਕਿਹਾ ਕਿ ਸ਼੍ਰੀਮਤੀ ਸੁਜਾਤਾ ਸੱਲਣ ਅਤੇ ਸ਼੍ਰੀ ਮੋਹਿੰਦਰ ਸੱਲਣ ਸਮਰਪਿਤ ਅੰਬੇਡਕਰਵਾਦੀ ਅਤੇ ਬੁੱਧਿਸਟ ਹਨ ਜਿਨ੍ਹਾਂ ਨੇ ਪਹਿਲਾਂ ਵੀ ਕਈ ਵਾਰ ਅੰਬੇਡਕਰ ਭਵਨ ਵਿਖੇ ਫ੍ਰੀ ਮੈਡੀਕਲ ਕੈਂਪ ਲਗਾ ਕੇ ਅਤੇ ਫ਼ਰੀ ਦਵਾਈਆਂ ਵੰਡ ਕੇ ਸਮਾਜ ਦੀ ਸੇਵਾ ਕੀਤੀ ਹੈ। ਸ਼੍ਰੀਮਤੀ ਸੁਜਾਤਾ ਸੱਲਣ ਉਘੇ ਅੰਬੇਡਕਰਵਾਦੀ, ਲੇਖਕ ਅਤੇ ਚਿੰਤਕ ਸ਼੍ਰੀ ਲਾਹੌਰੀ ਰਾਮ ਬਾਲੀ ਦੀ ਬੇਟੀ ਹੈ ਲ ਇਸ ਮੌਕੇ ਐਲ ਆਰ ਬਾਲੀ, ਬਲਦੇਵ ਰਾਜ ਭਾਰਦਵਾਜ, ਹਰਭਜਨ, ਜਸਵਿੰਦਰ ਵਰਿਆਣਾ, ਹਰੀ ਰਾਮ ਓਐਸਡੀ ਅਤੇ ਪਰਮਜੀਤ ਕੁਮਾਰ

ਰੰਧਾਵਾ ਮਸੰਦਾਂ 'ਚ 50 ਲੋੜਵੰਦ ਪਰਿਵਾਰਾਂ ਨੂੰ ਵੰਡੀਆਂ ਰਾਸ਼ਨ ਕਿੱਟਾਂ

ਜਲੰਧਰ (ਬਿਊਰੋ)–– ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨ ਐਂਡ ਵੈਲਫੇਅਰ ਟਰੱਸਟ ਰੰਧਾਵਾਂ ਮਸੰਦਾਂ ਵੱਲੋਂ ਲਾਕਡਾਊਨ ਦੇ ਚਲਦਿਆ ਘਰਾਂ 'ਚ ਬੰਦ ਬੈਠੇ ਜ਼ਰੂਰਤਮੰਦ 50 ਪਰਿਵਾਰਾਂ ਨੂੰ ਟਰੱਸਟ ਦੇ ਐਨ. ਆਰ. ਆਈ. ਮੈਂਬਰਾਂ ਜੁਗਿੰਦਰ ਪਾਲ (ਇਟਲੀ), ਵਿਨੋਦ ਮਾਹੀ (ਇਟਲੀ), ਅਨੀਤਾ ਰਾਣੀ (ਇਟਲੀ), ਪਵਨ ਕੁਮਾਰ (ਯੂ.ਐੱਸ. ਏ.), ਸੁਰਿੰਦਰ ਕੁਮਾਰ ਮਾਹੀ (ਯੂ.ਐੱਸ. ਏ.) ਦੇ ਸਹਿਯੋਗ ਨਾਲ ਘਰੇਲੂ ਵਰਤੋਂ ਦੇ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ।

ਇਸ ਮੌਕੇ ਟਰੱਸਟ ਦੇ ਪ੍ਰਧਾਨ ਤਿਲਕ ਰਾਜ ਅਤੇ ਸਕੱਤਰ ਰਣਜੀਤ ਮਾਹੀ ਨੇ ਦੱਸਿਆ ਕਿ ਇਸ ਮੁਸੀਬਤ ਦੀ ਘੜੀ 'ਚ ਲੋੜਵੰਦਾਂ ਦੀ ਮਦਦ ਕਰਨਾ ਸਾਡੇ ਟਰੱਸਟ ਦਾ ਮੁੱਖ ਟੀਚਾ ਹੈ। ਇਸ ਤੋਂ ਇਲਾਵਾ ਵੀ ਸਾਡਾ ਟਰੱਸਟ ਸਮੇਂ-ਸਮੇਂ ਸਿਰ ਪੜਾਈ ਕਰਨ ਵਾਲੇ ਬੱਚਿਆਂ ਅਤੇ ਲੋੜਵੰਦਾਂ ਦੀ ਮਦਦ ਕਰਦਾ ਰਹਿੰਦਾ ਹੈ। ਇਹ ਜੋ ਰਾਸ਼ਨ ਵੰਡ ਸਮਾਗਮ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਜੀ ਦੇ ਜਨਮ ਦਿਨ ਨੂੰ ਮੁੱਖ ਰੱਖਦੇ ਹੋਏ ਇਸ ਵਾਰ ਮਿਸ਼ਨਰੀ ਮੇਲਾ ਕਰੋਨਾ ਵਾਇਰਸ ਦੇ ਚਲਦਿਆ ਸਰਕਾਰ ਦੀਆਂ ਹਿਦਾਇਤਾਂ ਕਾਰਨ ਨਹੀਂ ਕਰਵਾਇਆ ਗਿਆ, ਇਸ ਮਿਸ਼ਨਰੀ ਮੇਲੇ 'ਤੇ ਹੋਣ ਵਾਲੇ ਖਰਚ ਨੂੰ ਸਾਡੇ ਟਰੱਸਟ ਵੱਲੋਂ ਲੋੜਵੰਦ ਪਰਿਵਾਰਾਂ ਲਈ ਘਰੇਲੂ ਵਰਤੋਂ ਦੇ ਸਾਮਾਨ, ਮਾਸਕ, ਸੈਨੀਟੇਜ਼ਰ ਵੰਡ ਕੇ ਲੋਕਾਂ ਦੀ ਭਲਾਈ ਲਈ ਵਰਤਿਆ ਗਿਆ।

ਇਸ ਮੌਕੇ ਟਰੱਸਟ ਦੇ ਮੈਂਬਰ ਅਮ੍ਰਿਤ ਲਾਲ, ਹਨੀਸ਼ ਮੱਲ, ਬੱਬਲੂ, ਮੰਗੀ, ਰੋਹਿਨ ਮਾਹੀ, ਸੁਨੀਲ ਮਾਹੀ, ਹਰਮਨ, ਜੱਸਾ,ਅਮਨ ਮਾਹੀ, ਕੀਮਤੀ ਮਾਹੀ ਅਤੇ ਅੰਬੇਡਕਰ ਟਾਈਗਰ ਫੋਰਸ ਦੇ ਪ੍ਰਧਾਨ ਰਮਨ ਮਾਹੀ ਸਰਪੰਚ ਮਹਿੰਦਰਪਾਲ ਸਿੰਘ, ਲੰਬਰਦਾਰ ਬੀਰਚੰਦ ਸੁਰੀਲਾ, ਪੰਚ ਰਜਿੰਦਰ ਕੁਮਾਰ ਟੀਟੂ, ਪੰਚ ਗੁਰਮੀਤ ਆਦਿ ਹਾਜ਼ਰ ਸਨ।

ਜਿਸ ਜਗ੍ਹਾਂ ਰਾਸ਼ਨ ਵੰਡਿਆਂ ਗਿਆ ਉਸ ਜਗ੍ਹਾ ਸੈਨੇਟਾਈਜ਼ਰ ਅਤੇ ਸੋਸ਼ਲ ਡਿਸਟੈਂਸ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਜਲਦ ਹੀ ਅਗਲੀ ਲੜੀ 'ਚ 50 ਹੋਰ ਲੋੜਵੰਦ ਪਰਿਵਾਰਾਂ ਨੂੰ ਟਰੱਸਟ ਵੱਲੋਂ ਰਾਸ਼ਨ ਮੁਹੱਈਆ ਕਰਵਾਇਆ ਜਾਵੇਗਾ।

ਸਾਡੀ ਮਾਨਸਿਕਤਾ ਇਹੋ ਜਿਹੀ ਬਣ ਗਈ ਕਿ ਅਸੀਂ ਹਰ ਆਪਣੇ ਹਿਸਾਬ ਨਾਲ ਦਿਨਾਂ ਦੀ ਚੋਣ ਕਰਕੇ ਭੈਣ, ਭਰਾ, ਮਾਂ, ਬਾਪ, ਦੋਸਤ ਆਦਿ ਰਿਸ਼ਤਿਆਂ ਨੂੰ ਸਾਲ ਦਾ ਇੱਕ ਇੱਕ ਦਿਨ ਦੇ ਕੇ ਸੋਸ਼ਲ ਮੀਡੀਆ ਤੇ ਬਾਕੀ ਮੀਡੀਆ ਤੇ ਮੁਬਾਰਕਾਂ ਦੇਣ ਲੱਗ ਪਏ । ਰਿਸ਼ਤਿਆਂ ਦਾ ਪਿਆਰ , ਨਿੱਘ ਅਸੀਂ ਕਮੈਂਟਾ ਵਿੱਚੋਂ ਲੱਭ ਰਹੇ ਹਾਂ ਉਹ ਵੀ ਸਿਰਫ ਸਾਲ ਦਾ ਇੱਕ ਦਿਨ ਦੇ ਕੇ। ਮੈਨੂੰ ਅਫਸੋਸ ਹੈ ਭਾਰਤ ਦੇਸ਼ ਦੇ ਉਸ ਸਿਸਟਮ ਤੋਂ ਜਿਹੜਾ ਸਾਸ਼ਨ, ਪ੍ਰਸਾਸ਼ਨ, ਰਾਜਨੀਤਕ ਪਾਰਟੀਆਂ ਤੇ ਧਾਰਮਿਕ ਪਹਿਰੇਦਾਰ ਤੇ ਜੋ 72 ਸਾਲਾਂ ਬਾਅਦ ਵੀ ਔਰਤ ਦਾ ਸਤਿਕਾਰ ਰੋਟੀ ਪੜਾਈ ਤੱਕ ਵੀ ਸਹੀ ਨਹੀਂ ਦੇ ਸਕਿਆ। ਹਰ ਰੋਜ਼ ਬੱਚੀਆਂ ਨਾਲ ਹੋ ਰਹੇ ਸਲੂਕ ਦੀ ਤਸਵੀਰ ਸਾਨੂੰ ਭੁੱਬੀ ਰੁਆਉਂਦੀ, ਘਾਹ ਦੀਆਂ ਬਣੀਆਂ ਰੋਟੀਆਂ ਫੋਟੋ ਨਾਲ ਅਖਬਾਰਾਂ ਤੇ ਦਿਸਦੀਆਂ। ਹੋਰ ਬਹੁਤ ਕੁੱਝ ਜੋ ਸਾਡੀਆਂ ਅੱਖਾਂ ਵੇਖਦੀਆਂ ਤੇ ਦਿੱਲਾਂ ਨੂੰ ਝੰਜੋੜਦੀਆਂ। ਅੱਜ ਕਰੋਨਾ ਦੀ ਆੜ ਵਿੱਚ ਭਾਰਤ ਸਰਕਾਰ ਤੇ ਰਾਜਾਂ ਦੀਆਂ ਸਰਕਾਰਾਂ ਨੇ ਆਪਣੀਆਂ ਮਨਮਾਨੀਆਂ ਨਾਲ ਆਪਣੇ ਆਪਣੇ ਢਿੱਡ ਭਰਨ ਦੀ ਦੇਖੀ। ਛੋਟੇ ਬੱਚੇ ਨੌਜਵਾਨ ਤੇ ਬਜੁਰਗ ਜੋ ਰੋਟੀ ਰੋਜ਼ੀ ਲਈ ਆਪਣੇ ਘਰ ਛੱਡ ਦੂਸਰੇ ਰਾਜਾਂ ਵਿੱਚ ਗਏ ਸੀ ਅੱਜ ਦੇ ਹਾਲਾਤਾਂ ਵਿੱਚ ਕਈ ਸੌ ਕਿਲੋਮੀਟਰ ਪੈਦਲ ਆਪਣੇ ਘਰਾਂ ਨੂੰ ਭੁੱਖੇ ਪਿਆਸੇ ਪਰਤ ਰਹੇ ਹਨ ਤੇ ਕਈਆਂ ਦੀਆਂ ਜਾਨਾਂ ਵੀ ਚਲੀਆਂ ਗਈਆਂ । ਇਹ ਸੱਭ ਬਹੁਤ ਦੁੱਖੀ ਕਰ ਰਿਹਾ । ਦੇਸ਼ ਨੂੰ ਲਾਹਨਤਾਂ ਪਾਉਂਦੀਆਂ ਉਨ੍ਹਾਂ ਤਸਵੀਰਾਂ ਵਿੱਚੋਂ ਇੱਕ ਇਹ ਤਸਵੀਰ ਅੱਜ ਮਾਂ ਦਿਵਸ ਤੇ ਸਾਡੇ ਲਈ ਸਾਡੇ ਵੱਲੋਂ ਚੁਣੀਆਂ ਸਰਕਾਰਾਂ ਦੇ ਘਟੀਆ ਫੈਸਲਿਆਂ ਤੋਂ ਕੁੱਝ ਸਿੱਖਣ ਲਈ।

– ਅਸ਼ੋਕ ਕੁਮਾਰ

ਵਿਸ਼ਵ ਭਰ ਦੀਆਂ ਅਖਬਾਰਾਂ ਆਰਥਿਕ ਸੰਕਟ 'ਚ ਘਿਰੀਆਂ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)– ਕਰੋਨਾ ਵਾਇਰਸ ਨੇ ਜਿੱਥੇ ਵਿਸ਼ਵ ਦੇ ਆਰਥਿਕ ਭੰਡਾਰੇ ਨੂੰ ਭੂੰਡ ਵਾਂਗ ਚਿੰਬੜ ਕੇ ਇਕ ਤਰ੍ਹਾਂ ਸੁਕਾ ਦਿੱਤਾ ਹੈ ਉਥੇ ਪੂਰੀ ਦੁਨੀਆਂ ਨੂੰ ਕਿਸੇ ਵੇਲੇ ਇਕ ਦੂਜੇ ਨਾਲ ਜੋੜ ਕੇ ਰੱਖਣ ਅਤੇ ਆਰਥਿਕ ਕਮਾਈ ਨਾਲ ਆਕੜ ਕੇ ਚੱਲਣ ਵਾਲੀਆਂ ਅਖਬਾਰਾਂ ਅੱਜ ਦੇ ਆਧੁਨਿਕ ਯੁਗ ਵਿਚ ਕੁੱਬੀਆਂ ਹੋ ਗਈਆਂ ਹਨ। ਇੰਟਰਨੈਟ, ਸੋਸ਼ਲ ਮੀਡੀਆ ਅਤੇ ਆਨ ਲਾਈਨ ਐਡੀਸ਼ਨਾਂ ਨੇ ਅਖਬਾਰਾਂ ਦੀ ਰੀੜ ਦੀ ਹੱਡੀ ਕਹੇ ਜਾਂਦੇ 'ਇਸ਼ਤਿਹਾਰ' ਆਪਣੇ ਨਾਂਅ ਕਰ ਲਏ ਹਨ।

ਇਲੈਕਟ੍ਰਾਨਿਕ ਮੀਡੀਆ ਵੀ ਐਨਾ ਤੇਜ਼ ਅਤੇ ਮੁਕਾਬਲੇ ਬਾਜੀ ਵਾਲਾ ਹੋ ਗਿਆ ਹੈ ਕਿ ਇਕ ਦੂਜੇ ਦੀ ਪਿੱਠ ਲਾਉਣ ਲਈ ਖੁੱਲ੍ਹੀ ਕੈਂਚੀ ਅਤੇ ਧੱਕਾ ਦੇ ਕੇ ਚੂਨੇ ਵਾਲੀ ਲਾਈਨ ਤੋਂ ਬਾਹਰ ਸੁੱਟਣ ਨੂੰ ਆਪਣੇ ਨੰਬਰਾਂ ਵਿਚ ਸ਼ਾਮਿਲ ਕਰਨ ਲੱਗਿਆ ਹੈ। ਕਰੋਨਾ ਦੇ ਚਲਦਿਆਂ ਭਾਰਤ ਦੇ ਵਿਚ ਹਾਕਰਾਂ ਨੇ ਅਖਬਾਰਾਂ ਦੀ ਵੰਡ-ਵੰਡਾਈ ਘੱਟ ਕੀਤੀ ਜਾਂ ਫਿਰ ਲਾਕ ਡਾਊਨ ਦੌਰਾਨ ਸਮਾਂ ਸੀਮਾ ਤੈਅ ਹੋਣ ਕਰਕੇ ਇਸ ਨੂੰ ਥਾਂ-ਥਾਂ ਪਹੁੰਚਾਉਣਾ ਔਖਾ ਹੋ ਗਿਆ। ਜਿਸ ਕਰਕੇ ਲੋਕਾਂ ਦਾ ਅਖਬਾਰ ਪੜ੍ਹਨ ਦਾ ਸੁਆਦ ਵੀ ਕਾਗਜ਼ਾਂ ਤੋਂ ਟੁੱਟ ਕੇ ਟੀ.ਵੀ. ਚੈਨਲਾਂ, ਸੋਸ਼ਲ ਸਾਈਟਾਂ ਜਾਂ ਟੀ.ਵੀ ਐਪਲੀਕੇਸ਼ਨਾਂ ਵੱਲ ਰੁਖਸਤ ਕਰ ਗਿਆ। ਹੁਣ ਭਾਵੇਂ ਪੂਰਾ ਲਾਕ ਡਾਊਨ ਹੱਟ ਵੀ ਜਾਵੇ ਪਰ ਕਹਿੰਦੇ ਨੇ ਜਿਹੜਾ ਗਾਹਕ ਇਕ ਵਾਰ ਗਿਆ ਉਹ ਗਿਆ ਬਹੁਤ ਘੱਟ ਮੌਕਾ ਹੁੰਦਾ ਹੈ ਜਦੋਂ ਉਹ ਦੁਬਾਰਾ ਉਸੇ ਭਾਅ ਸੌਦਾ ਲੈਣ ਆਵੇ।

ਗੱਲ ਕਰਾਂਗੇ ਵਿਦੇਸ਼ੀ ਵਸਦੇ ਪੰਜਾਬੀ ਮੀਡੀਆ ਅਤੇ ਮੀਡੀਆ ਕਰਮੀਆਂ ਦੀ। ਵਿਦੇਸ਼ਾਂ ਦੇ ਵਿਚ ਕੁਝ ਵੱਡੇ ਅਦਾਰੇ ਹਨ ਜਿਨ੍ਹਾਂ ਦੇ ਸਹਿਯੋਗੀ ਬਿਜਨਸ ਅਜਿਹੇ ਮੀਡੀਆ ਪਲੇਟਫਾਰਮ ਚਲਾਉਣ ਵਾਸਤੇ ਸਹਾਇਤਾ ਰਾਸ਼ੀ ਪ੍ਰਦਾਨ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਕਈ ਸ਼ੌਕੀਆਂ ਤੌਰ 'ਤੇ, ਮੀਡੀਆ ਨਾਲ ਪੁਰਾਣਾ ਰਿਸ਼ਤਾ ਰੱਖਣ ਵਾਲੇ ਜਾਂ ਫਿਰ ਪੰਜਾਬੀ ਮਾਂ ਬੋਲੀ ਦੇ ਵਿਕਾਸ ਵਿਚ ਵਿਦੇਸ਼ੀ ਰਹਿੰਦਿਆ ਆਪਣਾ ਯੋਗਦਾਨ ਪਾਉਣ ਵਾਸਤੇ ਅਜਿਹੇ ਕਾਰਜ ਕਰ ਰਹੇ ਹਨ। ਅੱਜ ਲੋੜ ਹੈ ਅਜਿਹੇ ਅਦਾਰੇ ਚਲਾਉਣ ਲਈ ਕਮਿਊਨਿਟੀ ਸਾਰਿਆਂ ਦੀ ਮੌਕੇ-ਮੌਕੇ ਇਸ਼ਤਿਹਾਰੀ ਸਹਿਯੋਗ ਨਾਲ ਸਹਾਇਤਾ ਕਰੇ।

ਨਿਊਜ਼ੀਲੈਂਡ ਦੇ ਰਾਸ਼ਟਰੀ ਪ੍ਰਿੰਟ ਅਖਬਾਰ ਕਾਫੀ ਸਮੇਂ ਤੋਂ ਘੱਟਦੇ ਚਲੇ ਜਾ ਰਹੇ ਹਨ। ਇਹ ਹੁਣ ਆਨ ਲਾਈਨ ਐਡੀਸ਼ਨ ਪੜ੍ਹਾਉਣ ਵਾਸਤੇ ਹਫਤੇ ਦੇ ਢਾਈ ਡਾਲਰ ਚੰਦਾ ਮੰਗਦੇ ਵੇਖੇ ਗਏ ਅਤੇ ਇਸ ਵੇਲੇ ਕੁਝ ਸਮੇਂ ਤੱਕ ਇਕ ਡਾਲਰ ਤੱਕ ਮੰਗ ਰਹੇ ਹਨ। ਇਸ ਗੱਲ ਦਾ ਵੀ ਵਾਸਤਾ ਪਾ ਰਹੇ ਹਨ ਕਿ ਜੇਕਰ ਤੁਸੀਂ ਸੱਚੀ ਪੱਤਰਕਾਰਤਾ ਨੂੰ ਪਿਆਰ ਕਰਦੇ ਹੋ ਤਾਂ ਸਹਿਯੋਗ ਦਿਓ। ਜੇਕਰ ਰਾਸ਼ਟਰੀ ਅਖਬਾਰਾਂ ਦਾ ਇਹ ਹਾਲ ਹੋ ਗਿਆ ਹੈ ਤਾਂ ਵਿਦੇਸ਼ਾਂ ਦੇ ਵਿਚ ਜੇਕਰ ਕੋਈ ਪੰਜਾਬੀ ਮੀਡੀਆ ਅਦਾਰਾ ਚਲਾ ਰਿਹਾ ਹੈ ਤਾਂ ਉਨ੍ਹਾਂ ਦਾ ਸਹਿਯੋਗ ਕਰਨਾ ਬਣਦਾ ਹੈ। 24 ਘੰਟੇ ਰੇਡੀਓ, ਅਖਬਾਰਾਂ, ਟੀ.ਵੀ. ਪ੍ਰੋਗਰਾਮਾਂ ਲਈ ਬੁਲਾਰੇ, ਐਡੀਟਿੰਗ, ਸਮਾਂ, ਸਟਾਫ ਅਤੇ ਹੋਰ ਕੁਝ ਆਧੁਨਿਕਤਾ ਬਣਾਈ ਰੱਖਣ ਲਈ ਕਰਨਾ ਪੈਂਦਾ ਹੈ।

ਸੱਚ ਜਾਣਿਓ ਆਉਣ ਵਾਲੇ ਸਮੇਂ ਵਿਚ ਪੰਜਾਬੀ ਲਿਖਣ, ਟਾਈਪ ਕਰਨ ਵਾਲੇ, ਪਰੂਫ ਰੀਡਿੰਗ ਕਰਨ ਵਾਲੇ, ਸਟੈਨੋ, ਟਾਈਪਿਸਟ ਅਤੇ ਡਿਕਟੇਸ਼ਨ ਲੈਣ ਵਾਲੇ ਨਹੀਂ ਲੱਭਣੇ। ਸੋ ਪੰਜਾਬੀਓ ਜਿੱਥੇ ਤੁਸੀਂ ਵੱਖ-ਵੱਖ ਕਾਰਜਾਂ ਵਿਚ ਵੱਡੇ ਸਹਿਯੋਗ ਕਰਦੇ ਹੋ ਤਾਂ ਆਪਣੇ-ਆਪਣੇ ਦੇਸ਼ ਅੰਦਰ ਚੱਲਦੇ ਪੰਜਾਬੀ ਅਖਬਾਰਾਂ ਨਾਲ ਸਾਂਝ ਬਣਾਈ ਰੱਖੋ ਅਤੇ ਸਹਾਇਤਾ ਵੀ ਕਰੋ ਤਾਂ ਕਿ ਅਖਬਾਰਾਂ ਚੱਲਦੀਆਂ ਰਹਿਣ।

BERKSHIRE HATHAWAY
BH HS BERKSHIRE HATHAWAY HOMESERVICES
Home Services

Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

ਆਖ਼ਰ ਲੀਹ 'ਤੇ ਆਈ ਰੇਲ

ਨਵੀਂ ਦਿੱਲੀ– ਕਰੋਨਾਵਾਇਰਸ ਨਾਲ ਨਜਿੱਠਣ ਲਈ ਕੀਤੇ ਗਏ ਲੌਕਡਾਊਨ ਕਾਰਨ ਤਕਰੀਬਨ 50 ਦਿਨ ਤੱਕ ਮੁਸਾਫ਼ਰ ਰੇਲ ਗੱਡੀਆਂ ਬੰਦ ਰਹਿਣ ਤੋਂ ਬਾਅਦ ਅੱਜ ਦੇਸ਼ ਦੇ ਚੋਣਵੇਂ ਸ਼ਹਿਰਾਂ ਤੋਂ ਰੇਲ ਗੱਡੀਆਂ ਆਪੋ-ਆਪਣੀ ਮੰਜ਼ਿਲ ਲਈ ਰਵਾਨਾ ਹੋਣ ਨਾਲ ਲੋਕਾਂ ਨੂੰ ਕੁਝ ਰਾਹਤ ਮਿਲੀ ਹੈ। ਨਵੀਂ ਦਿੱਲੀ ਤੋਂ ਚੱਲਣ ਵਾਲੀਆਂ ਤਿੰਨ ਵਿਸ਼ੇਸ਼ ਏਅਰ ਕੰਡੀਸ਼ਨਡ ਰੇਲ ਗੱਡੀਆਂ 'ਚੋਂ ਪਹਿਲੀ ਰੇਲ ਗੱਡੀ ਸ਼ਾਮ ਚਾਰ ਵਜੇ ਛੱਤੀਸਗੜ੍ਹ ਦੇ ਬਿਲਾਸਪੁਰ ਲਈ ਰਵਾਨਾ ਹੋਈ ਜਦਕਿ ਅਸਾਮ ਦੇ ਡਿਬਰੂਗੜ੍ਹ ਜਾਣ ਵਾਲੀ ਰੇਲ ਗੱਡੀ ਸ਼ਾਮ 4.45 ਵਜੇ ਚੱਲੀ। ਨਵੀਂ ਦਿੱਲੀ ਤੋਂ ਕਰਨਾਟਕ ਦੇ ਬੰਗਲੂਰੂ ਲਈ ਰੇਲ ਗੱਡੀ ਰਾਤ 9.15 ਵਜੇ ਰਵਾਨਾ ਹੋਈ। ਮੁਸਾਫਰਾਂ ਨੂੰ ਸਟੇਸ਼ਨ 'ਚ ਸਿਰਫ਼ ਪਹਾੜਗੰਜ ਵੱਲੋਂ ਹੀ ਦਾਖਲ ਹੋਣ ਦਿੱਤਾ ਗਿਆ। ਰੇਲਵੇ ਪੁਲੀਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਹਰ ਮੁਸਾਫ਼ਰ ਦੀ ਥਰਮਲ ਸਕਰੀਨਿੰਗ ਕੀਤੀ ਜਾ ਰਹੀ ਹੈ। ਰੇਲਵੇ ਸਟੇਸ਼ਨ ਦੇ ਦਾਖਲੇ 'ਤੇ ਸੈਨੇਟਾਈਜ਼ਰ ਮਸ਼ੀਨ ਵੀ ਲਗਾਈ ਗਈ ਹੈ ਤਾਂ ਜੋ ਇੱਥੇ ਆਉਣ ਵਾਲੇ ਵਿਅਕਤੀ ਪਹਿਲਾਂ ਆਪਣੇ ਹੱਥ ਸਾਫ਼ ਕਰ ਸਕਣ। ਇਸੇ ਤਰ੍ਹਾਂ ਮੁੰਬਈ ਸੈਂਟਰਲ ਰੇਲਵੇ ਸਟੇਸ਼ਨ ਤੋਂ ਵਿਸ਼ੇਸ਼ ਰੇਲ ਗੱਡੀ ਦਿੱਲੀ ਲਈ ਰਵਾਨਾ ਹੋਈ, ਜਿਸ 'ਚ 1107 ਮੁਸਾਫ਼ਰ ਸਵਾਰ ਸਨ।

ਇੱਕ ਗੱਡੀ ਗੁਜਰਾਤ ਦੇ ਅਹਿਮਦਾਬਾਦ ਤੋਂ ਨਵੀਂ ਦਿੱਲੀ ਲਈ ਰਵਾਨਾ ਹੋਈ ਰੇਲ ਗੱਡੀ 'ਚ ਇੱਕ ਹਜ਼ਾਰ ਮੁਸਾਫ਼ਰ ਸਵਾਰ ਸਨ। ਇਹ ਰੇਲ ਗੱਡੀ ਭਲਕੇ ਸਵੇਰੇ 8 ਵਜੇ ਨਵੀਂ ਦਿੱਲੀ ਪਹੁੰਚੇਗੀ। ਰੇਲਵੇ ਨੇ ਦੱਸਿਆ ਕਿ ਦਿੱਲੀ ਲਈ ਪਟਨਾ, ਬੰਗਲੂਰੂ ਤੇ ਹਾਵੜਾ ਤੋਂ ਵੀ ਰੇਲ ਗੱਡੀਆਂ ਰਵਾਨਾ ਹੋਈਆਂ ਹਨ। ਇਸੇ ਤਰ੍ਹਾਂ ਕਰਨਾਟਕ ਤੇ ਤਾਮਿਲਨਾਡੂ ਤੋਂ 2342 ਮੁਸਾਫ਼ਰਾਂ ਨੂੰ ਲੈ ਕੇ ਚੱਲੀਆਂ ਦੋ ਵਿਸ਼ੇਸ਼ ਰੇਲ ਗੱਡੀਆਂ ਅੱਜ ਪੱਛਮੀ ਬੰਗਾਲ ਦੇ ਬਾਂਕੁਰਾ ਤੇ ਹਾਵੜਾ ਰੇਲਵੇ ਸਟੇਸ਼ਨ 'ਤੇ ਪਹੁੰਚ ਗਈਆਂ ਹਨ।

ਭਾਜਪਾ ਦੇ ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਨੇ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਖੜ੍ਹੇ ਕੀਤੇ ਸਵਾਲ

ਪੁੱਛਿਆ : ਮੋਦੀ ਸਰਕਾਰ ਵਲੋਂ ਭੇਜਿਆ 70 ਹਜ਼ਾਰ ਟਨ ਅਨਾਜ ਕਿੱਥੇ ਗਾਇਬ ਹੋਇਆ?

ਫਗਵਾੜਾ (ਬੀ. ਕੇ. ਰੱਤੂ)– ਕੋਵਿਡ-19 ਕੋਰੋਨਾ ਆਫਤ ਵਿਚ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵਲੋਂ ਪੰਜਾਬ ਨੂੰ ਕਿਸੇ ਕਿਸਮ ਦੀ ਸਹਾਇਤਾ ਨਾ ਦੇਣ ਦੀ ਗੱਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਹਨਾਂ ਦੇ ਕਈ ਸੀਨੀਅਰ ਮੰਤਰੀ ਲਗਾਤਾਰ ਕਹਿ ਰਹੇ ਹਨ। ਸਿਰਫ ਇਹ ਹੀ ਨਹੀਂ, ਪਿਛਲੇ ਸਮੇਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਪਹਿਲਾਂ ਅਪੀਲ ਕੀਤੀ ਕਿ ਉਹ ਜੈਕਾਰੇ ਅਤੇ ਜੈਘੋਸ਼ ਰਾਹੀਂ ਕੇਂਦਰ ਦੇ ਕੰਨਾਂ ਤੱਕ ਪੰਜਾਬ ਦੀ ਆਵਾਜ਼ ਪਹੁੰਚਾਉਣ ਅਤੇ ਫਿਰ ਮਜ਼ਦੂਰ ਦਿਵਸ ਮੌਕੇ ਕਾਂਗਰਸੀਆਂ ਨੇ ਘਰਾਂ ਦੀਆਂ ਛੱਤਾਂ 'ਤੇ ਰਾਸ਼ਟਰੀ ਝੰਡਾ ਲਹਿਰਾਉਂਦੇ ਹੋਏ ਕੇਂਦਰ ਸਰਕਾਰ ਪ੍ਰਤੀ ਰੋਸ ਦਾ ਇਜ਼ਹਾਰ ਕੀਤਾ। ਪਰ ਹੁਣ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਵੱਲੋਂ ਆਪਣੇ ਟਵਿੱਟਰ ਹੈਂਡਲ ਉੱਤੇ ਇੱਕ ਪੋਸਟ ਪਾ ਕੇ ਕੀਤੀ ਗਈ ਟਿੱਪਣੀ ਨੇ ਕੈਪਟਨ ਸਰਕਾਰ ਨੂੰ ਹੀ ਸਵਾਲਾਂ ਦੇ ਘੇਰੇ ਵਿਚ ਲਿਆ ਦਿੱਤਾ ਹੈ। ਰਾਮ ਵਿਲਾਸ ਪਾਸਵਾਨ ਨੇ ਆਪਣੇ ਟਵੀਟ ਵਿਚ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਦੀ ਯੋਜਨਾ ਦੇ ਕਾਰਨ ਅਨਾਜ ਤਾਲਾਬੰਦੀ ਵਿਚ ਵੀ ਦੇਸ਼ ਦੇ ਹਰ ਕੋਨੇ ਵਿਚ ਪਹੁੰਚ ਰਿਹਾ ਹੈ। ਉਨ੍ਹਾਂ ਅੱਗੇ ਲਿਖਿਆ ਹੈ ਕਿ ਪੀ.ਐਮ.ਜੀ.ਕੇ.ਵਾਈ (ਪ੍ਰਧਾਨ ਮੰਤਰੀ ਗ੍ਰਾਮੀਣ ਕਲਿਆਣ ਯੋਜਨਾ) ਵਿੱਚ ਅਪ੍ਰੈਲ ਲਈ ਪੰਜਾਬ ਨੂੰ ਜਾਰੀ ਕੀਤੇ ਗਏ 70,725 ਟਨ ਅਨਾਜ ਵਿਚੋਂ ਸਿਰਫ 1.38 ਲੱਖ ਲਾਭਪਾਤਰੀਆਂ ਨੂੰ 688 ਟਨ ਦੀ ਵੰਡ ਹੋਈ ਹੈ। ਸੀ.ਐਮ (ਕੈਪਟਨ ਅਮਰਿੰਦਰ) ਨੂੰ ਬੇਨਤੀ ਹੈ ਕਿ ਵੰਡ ਵਿੱਚ ਤੇਜ਼ੀ ਲਿਆਂਦੀ ਜਾਵੇ।

ਕੇਂਦਰੀ ਮੰਤਰੀ ਪਾਸਵਾਨ ਦੇ ਟਵੀਟ ਵਿੱਚ ਕੀਤੇ ਇਸ ਖੁਲਾਸੇ ਤੋਂ ਬਾਅਦ ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਨੇ ਵੀ ਟਵੀਟ ਕਰਕੇ ਕੈਪਟਨ ਸਰਕਾਰ ਨੂੰ ਪੁੱਛਿਆ ਹੈ ਕਿ 'ਕਿੱਥੇ ਗਾਇਬ ਹੋ ਗਿਆ, ਕੇਂਦਰ ਤੋਂ ਗਰੀਬਾਂ ਲਈ ਆਇਆ ਰਾਸ਼ਨ?' ਰਾਜੇਸ਼ ਬਾਘਾ ਨੇ ਅੱਜ ਇਥੇ ਇਸ ਸਬੰਧੀ ਗੱਲਬਾਤ ਦੌਰਾਨ ਕਿਹਾ ਕਿ ਕੇਂਦਰ ਵਿੱਚ ਇੱਕ ਜ਼ਿੰਮੇਵਾਰ ਮੰਤਰੀ ਵੱਲੋਂ ਟਵੀਟਰ 'ਤੇ ਕੀਤੇ ਖੁਲਾਸੇ ਨੇ ਨਾ ਸਿਰਫ ਕੈਪਟਨ ਸਰਕਾਰ ਦੀ ਕਾਰਗੁਜਾਰੀ 'ਤੇ ਵੱਡਾ ਸਵਾਲੀਆ ਨਿਸ਼ਾਨ ਲਗਾਇਆ ਬਲਕਿ ਖੁਦ ਮੁੱਖ ਮੰਤਰੀ ਦੀ ਗੈਰ ਜਿੰਮੇਦਾਰਾਨਾ ਗਲਤ ਬਿਆਨਬਾਜੀ ਦਾ ਵੀ ਪਰਦਾ ਫਾਸ਼ ਹੋਇਆ ਹੈ।

ਉਨ੍ਹਾਂ ਕਿਹਾ ਕਿ 688 ਟਨ ਵੰਡਣ ਤੋਂ ਬਾਅਦ ਬਾਕੀ 70 ਹਜ਼ਾਰ 37 ਟਨ ਅਨਾਜ ਆਖਿਰ ਕਿੱਥੇ ਗਾਇਬ ਹਇਆ, ਜਨਤਾ ਨੂੰ ਇਹ ਜਾਨਣ ਦਾ ਪੂਰਾ ਅਧਿਕਾਰ ਹੈ।

ਸੰਕਟ ਵਿਚਕਾਰ ਚੋਣ ਮੁਹਿੰਮ ਲਈ ਟ੍ਰੰਪ ਅਤੇ ਬਿਡੇਨ ਨੇ ਇੱਕਠਾ ਕੀਤਾ ਕਰੋੜਾਂ ਡਾਲਰ ਦਾ ਚੰਦਾ

ਵਾਸ਼ਿੰਗਟਨ (ਬਿਊਰੋ)– ਕੋਰੋਨਾ ਸੰਕਟ ਦੇ ਵਿਚਕਾਰ ਅਮਰੀਕਾ ਵਿਚ ਸਿਆਸੀ ਪਾਰਟੀਆਂ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਤਿਆਰੀਆਂ ਕਰ ਰਹੀਆਂ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਪ੍ਰੈਲ ਵਿਚ ਆਪਣੀ ਚੋਣ ਮੁਹਿੰਮ ਲਈ ਰਿਕਾਰਡ 6.17 ਕਰੋੜ ਯੂਐੱਸ ਡਾਲਰ ਇਕੱਠੇ ਕੀਤੇ ਹਨ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਡੈਮੋਕਰੇਟਿਕ ਜੋ ਬਿਡੇਨ (Joe Biden) ਨੇ 6.05 ਕਰੋੜ ਡਾਲਰ ਇਕੱਠੇ ਕੀਤੇ ਹਨ। ਦੱਸ ਦਈਏ ਕਿ 3 ਨਵੰਬਰ ਨੂੰ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ, ਜਿਸ ਲਈ ਦੋਵੇਂ ਉਮੀਦਵਾਰ ਵਰਚੁਅਲ ਮਾਧਿਅਮ ਰਾਹੀਂ ਫੰਡ ਇਕੱਠੇ ਕਰ ਰਹੇ ਹਨ। ਦੱਸ ਦਈਏ ਕਿ ਕੋਰੋਨਾ ਸੰਕਟ ਦੇ ਕਾਰਨ ਅਮਰੀਕੀ ਆਰਥਿਕਤਾ ਡਿੱਗ ਗਈ ਹੈ, ਜਿਸ ਕਾਰਨ 3.3 ਕਰੋੜ ਤੋਂ ਵੱਧ ਲੋਕਾਂ ਦੀਆਂ ਨੌਕਰੀਆਂ

ਖਤਮ ਹੋ ਗਈਆਂ ਹਨ। ਕਾਰੋਬਾਰ ਠੱਪ ਹੋ ਗਏ ਹਨ ਅਤੇ ਯਾਤਰਾ ਅਤੇ ਸੈਰ-ਸਪਾਟਾ ਉਦਯੋਗ ਤਬਾਹਕੁੰਨ ਹੋ ਚੁੱਕਾ ਹੈ। ਆਲਮ ਇਹ ਹੈ ਕਿ ਆਈਐੱਮਐੱਫ ਅਤੇ ਵਿਸ਼ਵ ਬੈਂਕ ਨੇ ਅਮਰੀਕਾ ਲਈ ਨਕਾਰਾਤਮਕ ਵਿਕਾਸ ਦਰ ਦੀ ਭਵਿੱਖਬਾਣੀ ਕੀਤੀ ਹੈ। ਅਮਰੀਕਾ ਵਿਚ ਕੋਰੋਨਾ ਵਿਚ 13 ਲੱਖ 70 ਹਜ਼ਾਰ ਤੋਂ ਵੱਧ ਲੋਕ ਸੰਕਰਮਿਤ ਹੋਏ ਹਨ ਜਦਕਿ 81 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ। ਰਾਸ਼ਟਰਪਤੀ ਟਰੰਪ ਚੋਣਾਂ ਵਿਚ ਦੁਬਾਰਾ ਚੁਣੇ ਜਾਣ ਲਈ ਸੰਘਰਸ਼ ਕਰ ਰਹੇ ਹਨ ਜਦੋਂਕਿ ਸਾਬਕਾ ਉਪ ਰਾਸ਼ਟਰਪਤੀ ਬਿਡੇਨ ਰਾਸ਼ਟਰਪਤੀ ਚੁਣੇ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਬਿਡੇਨ (77) ਨੂੰ ਅਗਸਤ ਵਿਚ ਵਿਸਕਾਨਸਿਨ ਵਿਚ ਡੈਮੋਕਰੇਟਿਕ ਨੈਸ਼ਨਲ ਕਨਵੈਨਸ਼ਨ ਵਲੋਂ ਰਸਮੀ ਤੌਰ 'ਤੇ ਨਾਮਜ਼ਦ ਕੀਤੇ ਜਾਣ ਦੀ ਸੰਭਾਵਨਾ ਹੈ। ਰਿਪਬਲੀਕਨ ਨੈਸ਼ਨਲ ਕਮੇਟੀ (ਆਰਐੱਨਸੀ) ਨੇ ਦੱਸਿਆ ਹੈ ਕਿ ਟਰੰਪ ਦੇ ਰਾਸ਼ਟਰਪਤੀ ਚੋਣ ਮੁਹਿੰਮ ਲਈ ਅਪ੍ਰੈਲ ਵਿੱਚ 6.17 ਕਰੋੜ ਡਾਲਰ ਦੀ ਰਕਮ ਇਕੱਠੀ ਕੀਤੀ ਗਈ ਹੈ। ਹੁਣ ਤੱਕ, ਟਰੰਪ ਦੀ ਮੁਹਿੰਮ ਲਈ 74.2 ਕਰੋੜ ਡਾਲਰ ਤੋਂ ਵੱਧ ਇਕੱਠੇ ਕੀਤੇ ਜਾ ਚੁੱਕੇ ਹਨ। ਇਹ ਓਬਾਮਾ ਦੀ ਦੂਜੀ ਚੋਣ ਮੁਹਿੰਮ ਲਈ ਇਸ ਵਾਰ ਇਕੱਠੇ ਕੀਤੇ 288 ਕਰੋੜ ਡਾਲਰ ਤੋਂ ਕਿਤੇ ਵੱਧ ਹੈ। ਰਿਪਬਲੀਕਨ ਸੰਯੁਕਤ ਵੈਲਥ ਕੁਲੈਕਸ਼ਨ ਕਮੇਟੀ ਕੋਲ ਇਸ ਸਮੇਂ 25.5 ਕਰੋੜ ਡਾਲਰ ਹਨ। ਉਥੇ ਹੀ ਬਿਡੇਨ ਦੀ ਮੁਹਿੰਮ ਲਈ ਪ੍ਰਤੀ ਵਿਅਕਤੀ ਔਸਤਨ ਆਨਲਾਈਨ ਚੰਦਾ 32.63 ਡਲਰ ਹੈ, ਜੋ ਉਨ੍ਹਾਂ ਦੀ ਜ਼ਮੀਨੀ ਪਕੜ ਨੂੰ ਦਰਸਾਉਂਦਾ ਹੈ। ਬਿਡੇਨ ਦੀ ਮੁਹਿੰਮ ਲਈ ਅਪ੍ਰੈਲ ਵਿਚ 6.05 ਕਰੋੜ ਡਾਲਰ ਇਕੱਠੇ ਕੀਤੇ ਗਏ ਹਨ।

ਲਾਕਡਾਊਨ-4 ਪੂਰੀ ਤਰ੍ਹਾਂ ਨਵੇਂ ਰੰਗ-ਰੂਪ ਵਾਲਾ ਹੋਵੇਗਾ, ਨਵੇਂ ਨਿਯਮਾਂ ਵਾਲਾ ਹੋਵੇਗਾ- ਮੋਦੀ

ਨਵੀਂ ਦਿੱਲੀ – ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦੇਸ਼ ਨੂੰ ਸੰਬੋਧਨ ਕਰਦਿਆਂ 20 ਲੱਖ ਕਰੋੜ ਰੁਪਏ ਦਾ ਐਲਾਨ ਕੀਤਾ ਹੈ। ਇਸ ਤੋਂ ਇਕ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਮੋਦੀ ਨੇ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਕੋਰੋਨਾ ਵਾਇਰਸ ਅਤੇ ਲਾਕਡਾਊਨ ਦੇ ਮਸਲੇ 'ਤੇ ਚਰਚਾ ਕੀਤੀ ਸੀ। ਪੀਐੱਮ ਨੇ ਕਿਹਾ ਸੀ ਕਿ ਭਾਵੇਂ ਅਸੀਂ ਲਾਕਡਾਊਨ ਨੂੰ ਲੜੀਬੱਧ ਢੰਗ ਨਾਲ ਹਟਾਉਣ 'ਤੇ ਗ਼ੌਰ ਕਰ ਰਹੇ ਹਾਂ ਪਰ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਤਕ ਅਸੀਂ ਵਾਇਰਸ 'ਤੇ ਕਾਰਗਰ ਕੋਈ ਵੈਕਸੀਨ ਜਾਂ ਉਪਾਅ ਨਹੀਂ ਲੱਭ ਲੈਂਦੇ, ਉਦੋਂ ਤਕ ਵਾਇਰਸ ਨਾਲ ਲੜਨ ਲਈ ਸਾਡੇ ਕੋਲ ਸਭ ਤੋਂ ਵੱਡਾ ਹਥਿਆਰ ਸਮਾਜਿਕ ਦੂਰੀ ਹੀ ਹੈ।

– ਪੀਐੱਮ ਮੋਦੀ ਨੇ ਕਿਹਾ, ਲਾਕਡਾਊਨ ਦਾ ਚੌਥਾ ਗੇੜ, ਲਾਕਡਾਊਨ 4, ਪੂਰੀ ਤਰ੍ਹਾਂ ਨਵੇਂ ਰੰਗਰੂਪ ਵਾਲਾ ਹੋਵੇ, ਨਵੇਂ ਨਿਯਮਾਂ ਵਾਲਾ ਹੋਵੇ। ਰਾਜਾਂ ਤੋਂ ਸਾਨੂੰ ਜੋ ਸੁਝਾਅ ਮਿਲ ਰਹੇ ਹਨ, ਉਨ੍ਹਾਂ ਦੇ ਆਧਾਰ 'ਤੇ ਲਾਕਡਾਊਨ4 ਨਾਲ ਜੁੜੀ ਜਾਣਕਾਰੀ ਵੀ ਤੁਹਾਨੂੰ 18 ਮਈ ਤੋਂ ਪਹਿਲਾਂ ਦਿੱਤੀ ਜਾਵੇਗੀ। ਪੀਐੱਮ ਮੋਦੀ ਨੇ ਕਿਹਾ, ਇਹ ਸੰਕਟ ਇੰਨਾ ਵੱਡਾ ਹੈ, ਕਿ ਵੱਡੇ ਤੋਂ ਵੱਡਾ ਪ੍ਰਬੰਧ ਹਿੱਲ ਗਿਆ ਹੈ। ਪਰ ਇਨ੍ਹਾਂ ਹਾਲਾਤ 'ਚ ਅਸੀਂ, ਦੇਸ਼ ਨੇ ਸਾਡੇ ਗ਼ਰੀਬ ਭਾਈ-ਭੈਣਾਂ ਦੀ ਸੰਘਰਸ਼ ਸ਼ਕਤੀ, ਉਨ੍ਹਾਂ ਦੀ ਸੰਜਮ-ਸ਼ਕਤੀ ਦਾ ਵੀ ਦਰਸ਼ਨ ਕੀਤਾ। ਅੱਜ ਤੋਂ ਹਰ ਭਾਰਤਵਾਸੀ ਨੂੰ ਆਪਣੇ ਲੋਕਲ ਲਈ 'ਵੋਕਲ' ਬਣਨਾ ਹੈ, ਨਾ ਸਿਰਫ਼ ਲੋਕਲ ਪ੍ਰੋਡਕਟ ਖਰੀਦਣੇ ਹਨ, ਬਲਕੇ ਉਨ੍ਹਾਂ ਦਾ ਮਾਣ ਨਾਲ ਪ੍ਰਚਾਰ ਵੀ ਕਰਨਾ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡਾ ਦੇਸ਼ ਅਜਿਹਾ ਕਰ ਸਕਦਾ ਹੈ।

– ਉਨ੍ਹਾਂ ਕਿਹਾ ਕਿ ਹੁਣ ਰਿਫਾਰਮ ਦੇ ਉਸ ਦਾਇਰੇ ਨੂੰ ਵਿਆਪਕ ਕਰਨਾ ਹੈ, ਨਵੀ ਉਚਾਈ ਦੇਣੀ ਹੈ। ਇਹ ਰਿਫਾਰਮ ਖੇਤੀ ਨਾਲ ਜੁੜੀ ਪੂਰੀ ਸਪਲਾਈ ਚੇਨ 'ਚ ਹੋਣਗੇ, ਤਾਂਕਿ ਕਿਸਾਨ ਵੀ ਮਜ਼ਬੂਤ ਹੋਵੇ ਅਤੇ ਭਵਿੱਖ 'ਚ ਕੋਰੋਨਾ ਵਰਗੀ ਕਿਸੇ ਦੂਜੇ ਸੰਕਟ 'ਚ ਖੇਤੀ 'ਤੇ ਘੱਟ ਤੋਂ ਘੱਟ ਅਸਰ ਹੋਵੇ। ਸਾਥੀਓ, ਆਤਮ ਨਿਰਭਰਤਾ, ਆਤਮ ਬਲ ਅਤੇ ਆਤਮ ਵਿਸ਼ਵਾਸ ਨਾਲ ਹੀ ਸੰਭਵ ਹੈ। ਆਤਮਨਿਰਭਰਤਾ, ਗਲੋਬਲ ਸਪਲਾਈ ਚੇਨ 'ਚ ਸਖ਼ਤ ਮੁਕਾਬਲੇ ਲਈ ਵੀ ਦੇਸ਼ ਨੂੰ ਤਿਆਰੀ ਕਰਦੀ ਹੈ।

– ਮੋਦੀ ਨੇ ਕਿਹਾ ਕਿ ਇਹ ਆਰਥਿਕ ਪੈਕੇਜ ਦੇਸਦ ਦੇ ਉਨ੍ਹਾਂ ਮਜ਼ਦੂਰਾਂ ਲਈ ਹੈ, ਦੇਸ਼ ਦੇ ਉਸ ਕਿਸਾਲ ਲਈ ਹੈ ਜੋ ਹਰ ਸਥਿਤੀ, ਹਰ ਮੌਸਮ 'ਚ ਦੇਸ਼ਵਾਸੀਆਂ ਲਈ ਦਿਨ-ਰਾਤ ਮਿਹਨਤ ਕਰ ਰਿਹਾ ਹੈ। ਇਹ ਆਰਥਿਕ ਪੈਕੇਜ ਸਾਡੇ ਦੇਸ਼ ਦੇ ਮੱਧ ਵਰਗ ਲਈ ਹੈ, ਜੋ ਇਮਾਨਦਾਰੀ ਨਾਲ ਟੈਕਸ ਦਿੰਦਾ ਹੈ, ਦੇਸ਼ ਦੇ ਵਿਕਾਸ 'ਚ ਆਪਣਾ ਯੋਗਦਾਨ ਪਾਉਂਦਾ ਹੈ। ਤੁਸੀਂ ਵੀ ਅਨੁਭਵ ਕੀਤਾ ਹੈ ਕਿ ਬੀਤੇ 6 ਸਾਲਾਂ 'ਚ ਜੋ ਰਿਫਾਰਮ ਹੋਏ, ਉਨ੍ਹਾਂ ਕਾਰਨ ਅੱਜ ਸੰਕਟ ਦੇ ਇਸ ਸਮੇਂ ਵੀ ਭਾਰਤ ਦੇ ਪ੍ਰਬੰਧ ਜ਼ਿਆਦਾ ਮਜ਼ਬੂਤ, ਜ਼ਿਆਦਾ ਸਮਰੱਥ ਨਜ਼ਰ ਆਏ ਹਨ।

– ਮੋਦੀ ਨੇ ਕਿਹਾ ਕਿ ਆਤਮਨਿਰਭਰ ਭਾਰਤ ਦੇ ਸੰਕਲਪ ਨੂੰ ਸਿੱਧ ਕਰਨ ਲਈ, ਇਸ ਪੈਕੇਜ 'ਚ ਲੈਂਡ, ਲੇਬਰ, ਲਿਕਵਡਿਟੀ ਅਤੇ ਕਾਨੂੰਨ ਸਾਰਿਆਂ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਆਰਥਿਕ ਪੈਕੇਜ ਸਾਡੇ ਕੁਟੀਰ ਉਦਯੋਗ, ਗ੍ਰਹਿ ਉਦਯੋਗ, ਸਾਡੇ ਲਘੂ-ਉਦਯੋਗ, ਸਾਡੇ ਐੱਮਐੱਸਐੱਮਈ ਲਈ ਹੈ, ਜੋ ਕਰੋੜਾਂ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਹੈ, ਜੋ ਆਤਮਨਿਰਭਰ ਭਾਰਤ ਦੇ ਸਾਡੇ ਸੰਕਲਪ ਦਾ ਮਜ਼ਬੂਤ ਆਧਾਰ ਹੈ।

– ਪੀਐੱਮ ਮੋਦੀ ਨੇ ਕਿਹਾ, ਇਨ੍ਹਾਂ ਸਭ ਦੇ ਜ਼ਰੀਏ ਦੇਸ਼ ਦੇ ਵੱਖ-ਵੱਖ ਵਰਗਾਂ ਨੂੰ, ਆਰਥਿਕ ਪ੍ਰਬੰਧ ਦੀਆਂ ਕੜੀਆਂ ਨੂੰ, 20 ਲੱਖ ਰੁਪਏ ਦਾ ਸੰਬਲ ਮਿਲੇਗਾ, ਸਪੋਰਟ ਮਿਲੇਗੀ। 20 ਲੱਖ ਕਰੋੜ ਰੁਪਏ ਦਾ ਇਹ ਪੈਕੇਜ 2020 'ਚ ਦੇਸ਼ ਦੀ ਵਿਕਾਸ ਯਾਤਰਾ ਨੂੰ, ਆਤਮਨਿਰਭਰ ਭਾਰਤ ਮੁਹਿੰਮ ਨੂੰ ਇਕ ਨਵੀਂ ਰਫ਼ਤਾਰ ਦੇਵੇਗਾ।

– ਪੀਐੱਮ ਮੋਦੀ ਨੇ ਕਿਹਾ, ਕੋਰੋਨਾ ਸੰਕਟ ਦਾ ਸਾਹਮਣਾ ਕਰਦੇ ਹੋਏ, ਨਵੇਂ ਸੰਕਲਪ ਦੇ ਨਾਲ ਅੱਜ ਇਕ ਵਿਸ਼ੇਸ਼ ਆਰਥਿਕ ਪੈਕੇਜ ਦਾ ਐਲਾਨ ਕਰ ਰਿਹਾ ਹਾਂ। ਇਹ ਆਰਥਿਕ ਪੈਕੇਜ, 'ਆਤਮ ਨਿਰਭਰ ਭਾਰਤ ਅਭਿਆਨ' ਦੀ ਅਹਿਮ ਕੜੀ ਦੇ ਤੌਰ 'ਤੇ ਕੰਮ ਕਰੇਗਾ। ਹਾਲ 'ਚ ਸਰਕਾਰ ਨੇ ਕੋਰੋਨਾ ਸੰਕਟ ਨਾਲ ਜੁੜੇ ਜੋ ਆਰਥਿਕ ਐਲਾਨ ਕੀਤੇ ਸਨ, ਜੋ ਰਿਜ਼ਰਵ ਬੈਂਕ ਦੇ ਫ਼ੈਸਲੇ ਸਨ, ਅੱਜ ਅੱਜ ਜਿਸ ਆਰਥਿਕ ਪੈਕੇਜ ਦਾ ਐਲਾਨ ਹੋ ਰਿਹਾ ਹੈ, ਉਸ ਨੂੰ ਜੋੜ ਦੇਈਏ ਤਾਂ ਇਹ ਕਰੀਬ-ਕਰੀਬ 20 ਲੱਖ ਕਰੋੜ ਰੁਪਏ ਦਾ ਹੈ। ਇਹ ਪੈਕੇਜ ਭਾਰਤ ਦੀ ਜੀਡੀਪੀ ਦਾ ਕਰੀਬ-ਕਰੀਬ 10 ਫ਼ੀਸਦੀ ਹੈ।

ਪੀਐੱਮ ਮੋਦੀ ਨੇ ਕਿਹਾ, ਤੀਜਾ ਪਿੱਲਰ ਸਾਡਾ ਸਿਸਟਮ

ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਨੇ ਪਿੰਡ ਪੱਧਰ ਤੇ 100 ਲੋੜਵੰਦਾਂ ਨੂੰ ਕੀਤੀ ਰਾਸ਼ਨ ਦੀ ਵੰਡ

ਫਗਵਾੜਾ (ਬੀ. ਕੇ. ਰੱਤੂ)– ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਗ੍ਰੇਟ ਬ੍ਰਿਟੇਨ ਅਤੇ ਪੰਜਾਬ ਵਲੋਂ ਪਿੰਡ ਨੰਗਲ ਵਿਖੇ ਬੁੱਧ ਪੂਰਨਿਮਾ ਉਤਸਵ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡ ਕੇ ਮਨਾਇਆ ਗਿਆ। ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਨੰਗਲ ਤੋਂ ਇਲਾਵਾ ਪਿੰਡ ਪੰਡਵਾ ਤੇ ਮੇਹਟਾਂ ਸਮੇਤ ਸ਼ਹਿਰ ਦੇ ਮੁਹੱਲਾ ਪ੍ਰੇਮਪੁਰਾ, ਸ਼ਿਵਪੁਰੀ, ਉਂਕਾਰ ਨਗਰ, ਮਸਤ ਨਗਰ ਤੇ ਅਰਬਨ ਅਸਟੇਟ ਵਿਖੇ ਲੋੜਵੰਦ ਪਰਿਵਾਰਾਂ ਨੂੰ ਕਰੀਬ 100 ਪੈਕੇਟ ਰਾਸ਼ਨ ਦੀ ਵੰਡ ਕੀਤੀ ਗਈ ਹੈ। ਉਹਨਾਂ ਕਿਹਾ ਕਿ ਮਨੁੰਖਤਾ ਦੀ ਸੇਵਾ ਕਰਨਾ ਹੀ ਸਰਬ ਉੱਤਮ ਪਰੋਪਕਾਰ ਹੈ। ਇਹੋ ਸੁਨੇਹਾ ਤਥਾਗਤ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਨੇ ਸਾਨੂੰ ਦਿੱਤਾ ਹੈ ਜਿਸ ਤੇ ਚਲਦੇ ਹੋਏ ਸਾਨੂੰ ਸਾਰਿਆਂ ਨੂੰ ਕੋਰੋਨਾ ਸੰਕਟ ਦੌਰਾਨ ਲੋੜਵੰਦਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕਮੇਟੀ ਦੀ ਉਪ ਪ੍ਰਧਾਨ ਰਚਨਾ ਦੇਵੀ ਨੇ ਜਾਤਪਾਤ ਤੋਂ ਉਪਰ ਉੱਠ ਕੇ ਕੋਰੋਨਾ ਆਫਤ ਦੌਰਾਨ ਹਰ ਲੋੜਵੰਦ ਦੀ ਆਪਣੀ ਸਮਰਥਾ ਮੁਤਾਬਕ ਸੰਭਵ ਸਹਾਇਤਾ ਕਰਨ ਦੀ ਅਪੀਲ ਕੀਤੀ। ਸਮਾਜ ਸੇਵਕ ਸੁਰਿੰਦਰ ਕਲੇਰ ਨੇ ਕਮੇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਮੇਟੀ ਦੇ ਯੂ.ਕੇ. ਦੇ ਪ੍ਰਧਾਨ ਖੁਸ਼ਵਿੰਦਰ ਬਿੱਲਾ, ਭੰਤੇ ਅਭੀ ਪ੍ਰਸੰਨੋ, ਤੇ ਪੰਜਾਬ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਸੇਵਾ ਭਾਵਨਾ ਨੂੰ ਪ੍ਰੇਰਣਾ ਯੋਗ ਦੱਸਿਆ। ਇਸ ਮੌਕੇ ਸਾਬਕਾ ਸਰਪੰਚ ਹਰਭਜਨ ਕਲੇਰ, ਸਤਨਾਮ ਬਿਰਹਾ, ਡਾ. ਅੰਬੇਡਕਰ ਵੈਲਫੇਅਰ ਸੁਸਾਇਟੀ ਨੰਗਲ ਦੇ ਪ੍ਰਧਾਨ ਸੰਦੀਪ ਭੱਟੀ, ਉਪ ਪ੍ਰਧਾਨ ਸਨੀ, ਡਾ. ਸੋਨੂੰ ਕੈਸ਼ੀਅਰ, ਕੁਲਦੀਪ ਦੀਪਾ ਸਕੱਤਰ, ਸੁਖਵਿੰਦਰ ਸੁੱਖਾ, ਜੀਵਨ ਦਾਸ, ਹਰਮੇਸ਼ ਮੇਸ਼ੀ, ਮਾਤਾ ਚਰਨੋ, ਸੋਹਨ ਸਿੰਘ, ਸੁਰਜੀਤ ਸਿੰਘ ਬਰਨਾਲਾ ਆਦਿ ਹਾਜਰ ਸਨ।

ਪੰਜ ਨਵੇਂ ਕੋਰੋਨਾ ਪਾਜਿਟਿਵ ਕੇਸ ਆਉਣ ਨਾਲ ਲੋਕਾਂ ਨੂੰ ਘਬਰਾਉਣ ਦੀ ਜਰੂਰ ਨਹੀਂ - ਧਾਲੀਵਾਲ



ਫਗਵਾੜਾ (ਬੀ. ਕੇ. ਰੱਤੂ)– ਫਗਵਾੜਾ ਸਬ-ਡਵੀਜਨ 'ਚ ਬੀਤੇ ਦਿਨ ਸ਼ੁੱਕਰਵਾਰ ਨੂੰ ਕੋਰੋਨਾ ਦੇ ਪੰਜ ਨਵੇਂ ਕੇਸ ਸਾਹਮਣੇ ਆਉਣ ਤੋਂ ਬਾਅਦ ਅੱਜ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਪੁਲਿਸ ਪ੍ਰਸ਼ਾਸਨ, ਸਿਵਲ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਆਪਸੀ ਤਾਲਮੇਲ ਨੂੰ ਹੋਰ ਬਿਹਤਰ ਕਰਨ ਦੇ ਮਨੋਰਥ ਨਾਲ ਸਥਾਨਕ ਕਾਰਪੋਰੇਸ਼ਨ ਦਫਤਰ ਵਿਚ ਮੀਟਿੰਗ ਕੀਤੀ। ਮੀਟਿੰਗ 'ਚ ਸਿਵਿਲ ਸਰਜਨ ਕਪੂਰਥਲਾ ਡਾ. ਜਸਮੀਤ ਕੌਰ ਬਾਵਾ ਤੋਂ ਇਲਾਵਾ ਏ.ਡੀ.ਸੀ. ਰਾਜੀਵ ਵਰਮਾ, ਐਸ. ਐਮ. ਓ. ਡਾ. ਕਮਲ ਕਿਸ਼ੋਰ, ਐਸ.ਪੀ. ਮਨਵਿੰਦਰ ਸਿੰਘ, ਇੰਸਪੈਕਟਰ ਉਂਕਾਰ ਸਿੰਘ ਬਰਾੜ ਐਸ.ਐਚ.ਓ. ਥਾਣਾ ਸਿਟੀ ਤੋਂ ਇਲਾਵਾ ਥਾਣਾ ਸਦਰ ਦੇ ਐਸ.ਐਚ.ਓ. ਅਮਰਜੀਤ ਸਿੰਘ ਮੱਲੀ, ਐਸ.ਆਈ. ਊਸ਼ਾ ਰਾਣੀ ਇੰਚਾਰਜ ਥਾਣਾ ਸਤਨਾਮਪੁਰਾ, ਡਾ. ਰਮੇਸ਼ ਬੰਗਾ ਏ.ਸੀ.ਐਸ. ਕਪੂਰਥਲਾ, ਡਾ. ਮੀਨੂੰ ਬੇਦੀ ਨੋਡਲ ਅਫਸਰ ਫਗਵਾੜਾ, ਡਾ. ਰਘਬੀਰ ਨੋਡਲ ਅਫਸਰ, ਡਾ. ਸਤਪਾਲ ਐਸ.ਐਮ.ਓ. ਜੀ.ਐਨ.ਏ. ਆਈਸੋਲੇਸ਼ਨ ਸੈਂਟਰ, ਡਾ. ਰਤਨਪਾਲ ਐਸ.ਐਮ.ਓ. ਐਲ.ਪੀ.ਯੂ. ਅਤੇ ਐਸ.ਐਮ.ਓ. ਪਾਂਛਟ ਡਾ. ਕਾਂਤਾ ਮੋਜੂਦ ਸਨ। ਮੀਟਿੰਗ ਦੌਰਾਨ ਜਿੱਥੇ ਸਿਹਤ ਵਿਭਾਗ ਨੂੰ ਜੀ.ਐਨ.ਏ. ਯੂਨੀਵਰਸਿਟੀ ਕੈਂਪਸ ਵਿਚ ਕੋਰੋਨਾ ਮਰੀਜਾਂ ਲਈ ਬਣਾਏ ਆਈਸੋਲੇਸ਼ਨ ਸੈਂਟਰ ਵਿਖੇ ਤਾਇਨਾਤ ਡਾਕਟਰੀ ਸਟਾਫ ਅਤੇ ਪੁਲਿਸ ਅਧਿਕਾਰੀਆਂ ਨੂੰ ਪੀ.ਪੀ.ਈ. ਕਿਟਾਂ, ਦਸਤਾਨੇ ਅਤੇ ਸਰਜੀਕਲ ਮਾਸਕ ਹਰ ਸਮੇਂ ਪਾ ਕੇ ਰੱਖਣ ਦੀ ਹਦਾਇਤ ਕੀਤੀ ਗਈ ਉੱਥੇ ਹੀ ਪੁਲਿਸ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਗਈ ਕਿ ਸਬ-ਡਵੀਜਨ ਵਿਚ ਲਾਕਡਾਉਨ ਕਰਫਿਊ ਦੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਜਿੱਥੇ ਏ.ਡੀ.ਸੀ. ਰਾਜੀਵ ਵਰਮਾ ਨੇ ਕਿਹਾ ਕਿ ਜੀ.ਐਨ.ਏ. 'ਚ ਸਥਾਪਤ ਆਈਸੋਲੇਸ਼ਨ ਸੈਂਟਰ ਵਿਚ ਕੋਰੋਨਾ ਨਾਲ ਪੀੜ੍ਹਤ ਮਰੀਜਾਂ ਨੂੰ ਹਰ ਜਰੂਰੀ ਸੁਵਿਧਾ ਦਿੱਤੀ ਜਾਵੇਗੀ ਉੱਥੇ ਹੀ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਪੰਜ ਨਵੇਂ ਕੇਸ ਆਉਣ ਨਾਲ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਬਲਕਿ ਸਾਵਧਾਨ ਹੋਣ ਦੀ ਲੋੜ ਹੈ। ਪ੍ਰਸ਼ਾਸਨ ਨੇ ਜੋ ਹਦਾਇਤਾਂ ਕੀਤੀਆਂ ਹਨ ਉਹਨਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਕੋਈ ਜਰੂਰੀ ਕੰਮ ਹੋਣ ਤੇ ਹੀ ਘਰੋਂ ਬਾਹਰ ਨਿਕਲਣ। ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ। ਹੱਥਾਂ ਨੂੰ ਵਾਰ-ਵਾਰ ਧੋਣ ਜਾਂ ਸੈਨੀਟਾਇਜ ਕਰਨ ਦੀ ਆਦਤ ਬਣਾਈ ਜਾਵੇ। ਅਜਿਹਾ ਕਰਨ ਨਾਲ ਵਾਇਰਸ ਦੇ ਫੈਲਾਅ ਨੂੰ ਰੋਕਿਆ ਜਾ ਸਕੇਗਾ। ਉਹਨਾਂ ਕਿਹਾ ਕਿ ਅੱਜ ਦੀ ਮੀਟਿੰਗ ਦਾ ਮੁੱਖ ਮਕਸਦ ਪੁਲਿਸ, ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵਿਚ ਤਾਲਮੇਲ ਨੂੰ ਬਿਹਤਰ ਬਨਾਉਣਾ ਸੀ। ਇਸ ਮੌਕੇ ਉਹਨਾਂ ਦੇ ਨਾਲ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਗੁਰਜੀਤ ਪਾਲ ਵਾਲੀਆ ਵੀ ਮੋਜੂਦ ਸਨ।

ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਨੇ ਕੀਤੀ ਆਨ ਲਾਈਨ ਮੀਟਿੰਗ

ਫਗਵਾੜਾ (ਬੀ. ਕੇ. ਰੱਤੂ)– ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਕੰਮੇਆਣਾ ਅਤੇ ਜਨਰਲ ਸਕੱਤਰ ਪਰਮਜੀਤ ਕੌਰ ਮਾਨ ਦੀ ਅਗਵਾਈ ਵਿੱਚ ਇੱਕ ਅਹਿਮ ਮੀਟਿੰਗ ਆਨ ਲਾਈਨ ਕੀਤੀ ਗਈ। ਜਿਸ ਵਿਚ ਵਿੱਚ ਸਮੁੱਚੇ ਪੰਜਾਬ ਦੀ ਲੀਡਰਸ਼ਿਪ ਨੇ ਗੱਲਬਾਤ ਕਰਦਿਆ ਪੰਜਾਬ ਅੰਦਰ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਆ ਰਹੀਆਂ ਮੁਸ਼ਕਿਲਾ ਬਾਰੇ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਜਥੇਬੰਦੀ ਨੇ ਘੱਟੋ ਘੱਟ ਉਜਰਤਾਂ ਕਾਨੂੰਨ ਤਹਿਤ ਆਸ਼ਾ ਵਰਕਰ ਲਈ 9,958 ਰੁ: ਅਤੇ ਆਸ਼ਾ ਫੈਸਿਲੀਟੇਟਰਾਂ ਲਈ 18,000 ਰੁਪਏ ਪ੍ਰਤੀ ਮਹੀਨਾ ਤਨਖਾਹ ਲਾਗੂ ਕਰਵਾਉਣ, ਮਾਣ ਭੱਤਿਆਂ ਤੇ ਫੀਲਡ ਦੌਰਿਆਂ ਦੀ ਰਾਸ਼ੀ ਵਿੱਚ ਸਲਾਨਾ 20 ਫੀਸਦੀ ਵਾਧਾ ਕਰਵਾਉਣ ਅਤੇ ਸਾਲ ਵਿੱਚ ਦੋ ਵਾਰ ਵਰਦੀ ਭੱਤਾ ਜਾਰੀ ਕਰਵਾਉਣ ਆਦਿ ਮੰਗਾਂ ਨੂੰ ਲੈ ਕੇ ਪੜਾਅਵਾਰ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਕਿੰਨੀਆਂ ਮੁਸ਼ਕਿਲ ਹਾਲਤਾਂ ਅੰਦਰ ਨਿਗੂਣੇ ਇਨਸੈਂਟਿਵਾਂ ਤੇ ਮਾਣ ਭੱਤਿਆਂ ਤੇ ਕੰਮ ਕਰ ਰਹੀਆਂ ਹਨ। ਪਿਛਲੇ ਦਿਨਾਂ ਵਿੱਚ ਕਰੋਨਾਂ ਵਾਇਰਸ ਦੀਆਂ ਡਿਊਟੀਆਂ ਨੂੰ ਲੈ ਕੇ ਚਲਾਏ ਸੰਘਰਸ਼ ਅਤੇ 7 ਮਈ ਦੀ ਹੜ੍ਹਤਾਲ ਦੇ ਦਬਾਅ ਹੇਠ ਭਾਵੇਂ ਪੰਜਾਬ ਸਰਕਾਰ ਨੇ ਕੋਵਿਡ-19 ਨਾਲ ਸਬੰਧਤ ਕੁਝ ਮੰਗਾਂ ਨੂੰ ਅੰਸ਼ਿਕ ਰੂਪ ਵਿੱਚ ਮੰਨ ਲਿਆ ਹੈ, ਪ੍ਰੰਤੂ ਉਹਨਾਂ ਦੀਆਂ ਕਈ ਵਾਜ਼ਬ ਮੰਗਾਂ ਬਿਲਕੁਲ ਅਣਗੌਲੀਆਂ ਪਈਆਂ ਹਨ, ਜਿਸ ਕਾਰਨ ਵਰਕਰਾਂ ਵਿੱਚ ਭਾਰੀ ਰੋਸ ਹੈ। ਇਸ ਲਈ ਫੈਸਲਾ ਕੀਤਾ ਗਿਆ ਕਿ ਮਿਤੀ 15 ਮਈ ਨੂੰ ਪੰਜਾਬ ਦੇ ਸਾਰੇ ਜਿਲਿਆਂ ਵਿੱਚ ਜਿਲਾ ਕਮੇਟੀਆਂ ਵੱਲੋਂ ਡਿਪਟੀ ਕਮਿਸ਼ਨਰਾਂ, ਸਿਵਲ ਸਰਜਨਾਂ ਅਤੇ 18 ਮਈ ਨੂੰ ਸੀਨੀਅਰ ਮੈਡੀਕਲ ਅਫਸਰਾਂ ਰਾਹੀਂ ਮੰਗ ਪੱਤਰ ਭੇਜਣ ਤੋਂ ਬਾਅਦ 28 ਮਈ ਨੂੰ ਪੰਜਾਬ ਦੇ ਸਮੂਹ ਸਬ ਸੈਂਟਰਾਂ 'ਤੇ ਸਵੇਰੇ 8-10 ਵਜੇ ਤੱਕ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਸ਼ੰਕੁਤਲਾ ਦੇਵੀ, ਸਰਬਜੀਤ ਕੌਰ ਮਚਾਕੀ, ਮਨਦੀਪ ਕੌਰ ਸੰਧੂ, ਸਰਬਜੀਤ ਕੌਰ ਛੱਜਲਵੱਡੀ, ਗੁਰਜੀਤ ਕੌਰ ਸ਼ਾਹਕੋਟ, ਲਖਵਿੰਦਰ ਕੌਰ ਨਾਰਲੀ, ਅਮਿੰਤਪਾਲ ਕੌਰ, ਰਾਜਵਿੰਦਰ ਕੌਰ ਗੁਰਦਾਸਪੁਰ, ਹਰਜੀਤ ਕੌਰ ਚੋਹਲਾ, ਕਰਮਜੀਤ ਕੌਰ ਮੁਕਤਸਰ, ਬਲਵਿੰਦਰ ਕੌਰ ਕਲਾਨੌਰ, ਕੁਲਵਿੰਦਰ ਕੌਰ ਫ਼ਗਵਾੜਾ, ਪੁਸ਼ਪਿੰਦਰ ਕੌਰ ਪਾਂਛਟਾ, ਰਜਨੀ ਘਰੋਟਾ ਅਤੇ ਸੁਰੰਜਨਾ ਬਠਿੰਡਾ, ਪੂਜਾ ਲਕਸ਼ਮੀ ਬਾਈ, ਹਰਮਿੰਦਰ ਕੌਰ, ਸਿਕੰਦਰ ਕੌਰ ਮੋਗਾ ਤੋਂ ਇਲਾਵਾ ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਆਗੂਆਂ ਜਰਮਨਜੀਤ ਸਿੰਘ, ਹਰਿੰਦਰ ਦੁਸਾਂਝ, ਅਮਰਜੀਤ ਸ਼ਾਸ਼ਤਰੀ ਅਤੇ ਵਿਕਰਮ ਦੇਵ ਸਿੰਘ ਸਮੇਤ ਹੋਰ ਕਈ ਆਗੂਆ ਨੇ ਹਿੱਸਾ ਲਿਆ।

ਬੁੱਧ ਪੂਰਨਿਮਾ ਮੌਕੇ 170 ਲੋੜਵੰਦਾਂ ਨੂੰ ਵੰਡਿਆ ਰਾਸ਼ਨ

ਫਗਵਾੜਾ (ਬੀ. ਕੇ. ਰੱਤੂ)– ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਗ੍ਰੇਟ ਬ੍ਰਿਟੇਨ ਅਤੇ ਪੰਜਾਬ ਵਲੋਂ ਬੁੱਧ ਪੂਰਨਿਮਾ ਮੌਕੇ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਵਿਖੇ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਦੇ 170 ਪਰਿਵਾਰਾਂ ਨੂੰ ਰਾਸ਼ਨ ਦੀ ਵੰਡ ਕੀਤੀ ਗਈ। ਰਾਸ਼ਨ ਵੰਡਣ ਤੋਂ ਪਹਿਲਾਂ ਤਥਾਗਤ ਭਗਵਾਨ ਬੁੱਧ ਦੀ ਪ੍ਰਤਿਮਾ ਅੱਗੇ ਸ਼ਮਾ ਰੌਸ਼ਨ ਕਰਕੇ ਤ੍ਰਿਸ਼ੀਲ ਅਤੇ ਪੰਚਸ਼ੀਲ ਦਾ ਉੱਚਾਰਣ ਕੀਤਾ ਗਿਆ। ਇਸ ਮੌਕੇ ਕਟਾਰੀਆ ਦੇ ਚੌਂਕੀ ਇੰਚਾਰਜ਼ ਸੰਦੀਪ ਕੁਮਾਰ ਅਤੇ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਵਿਸ਼ੇਸ਼ ਤੌਰ ਤੇ ਪੁੱਜੇ ਅਤੇ ਕੋਰੋਨਾ ਆਫਤ ਕਾਰਨ ਲਾਗੂ ਵਿਸ਼ੇਸ਼ ਨਿਯਮਾਂ ਦੀ ਪਾਲਣਾ ਕਰਦੇ ਹੋਏ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਤਕਸੀਮ ਕੀਤਾ। ਐਡਵੋਕੇਟ ਭੱਟੀ ਨੇ ਸਮੂਹ ਹਾਜਰੀਨ ਨੂੰ ਬੁੱਧ ਪੂਰਨਿਮਾ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਤਥਾਗਤ ਭਗਵਾਨ ਬੁੱਧ ਦੇ ਸ਼ਾਂਤੀ ਉਪਦੇਸ਼ਾਂ ਨੂੰ ਅਪਨਾਉਣਾ ਅੱਜ ਸਮੇਂ ਦੀ ਮੰਗ ਹੈ। ਸਾਨੂੰ ਉਹਨਾਂ ਦੇ ਉਪਦੇਸ਼ਾਂ ਤੋਂ ਸੇਧ ਲੈ ਕੇ ਮਨੁੰਖਤਾ ਦੀ ਸੇਵਾ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਆਪਣੀ ਸਮਰਥਤਾ ਅਨੁਸਾਰ ਲਾਕਡਾਉਨ ਕਰਫਿਊ ਨਾਲ ਪ੍ਰਭਾਵਿਤ ਲੋੜਵੰਦ ਪਰਿਵਾਰਾਂ ਦੀ ਵੱਧ ਤੋਂ ਵੱਧ ਮੱਦਦ ਕੀਤੀ ਜਾਵੇ ਤਾਂ ਜੋ ਕੋਈ ਵੀ ਪਰਿਵਾਰ ਭੁੱਖੇ ਢਿੱਡ ਨਾ ਰਹੇ। ਉਨ੍ਹਾਂ ਦੱਸਿਆ ਕਿ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਯੂ.ਕੇ. ਦੇ ਪ੍ਰਧਾਨ ਖੁਸ਼ਵਿੰਦਰ ਬਿੱਲਾ, ਭੰਤੇ ਅਭੀ ਪ੍ਰਸੰਨੋ, ਜਨਰਲ ਸਕੱਤਰ ਮਨੋਹਰ ਵਿਰਦੀ ਅਤੇ ਸਮੁੱਚੀ ਟੀਮ ਦੇ ਸਹਿਯੋਗ ਨਾਲ ਇਹ ਰਾਸ਼ਨ ਵੰਡਿਆ ਗਿਆ ਹੈ ਅਤੇ ਸ਼ੁੱਕਰਵਾਰ ਨੂੰ ਪਿੰਡ ਨੰਗਲ ਵਿਖੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀ ਵੰਡ ਕੀਤੀ ਜਾਵੇਗੀ।

ਅਖੀਰ ਵਿਚ ਕਮੇਟੀ ਦੀ ਉਪ ਪ੍ਰਧਾਨ ਸ੍ਰੀਮਤੀ ਰਚਨਾ ਦੇਵੀ ਨੇ ਸਮੂਹ ਹਾਜਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਓਮ ਸਿੰਘ ਤੋਮਰ, ਪਰਵੀਨ ਬੰਗਾ, ਨਿਰਮਲ ਚੰਦ ਕੈਸ਼ੀਅਰ, ਇੰਦਰਜੀਤ ਅਟਾਰੀ ਜਨਰਲ ਸਕੱਤਰ, ਮਹਿੰਦਰਪਾਲ ਪਟਵਾਰੀ, ਸਤਨਾਮ ਬਿਰਹਾ, ਬਹਾਦਰ ਸੰਧਵਾ, ਬੀ.ਕੇ. ਰੱਤੂ, ਵਿਜੇ ਮਜਾਰੀ, ਸੁਰਿੰਦਰ ਕਲੇਰ, ਮਨਦੀਪ ਕੁਮਾਰ, ਸੋਨੀ ਕੁਮਾਰ, ਸੰਤੋਖ ਜੱਸੀ ਸਾਬਕਾ ਸਰਪੰਚ, ਅਰੁਣ ਘਈ ਆਦਿ ਮੌਜੂਦ ਸਨ।

ਗੁਰੂ ਨਾਨਕ ਖਾਲਸਾ ਕਾਲਜ (ਲੜਕੀਆਂ) ਸ਼ਾਮਚੁਰਾਸੀ 'ਚ ਆਨ ਲਾਈਨ ਪੜ੍ਹਾਈ ਸ਼ੁਰੂ

ਸ਼ਾਮਚੁਰਾਸੀ (ਚੁੰਬਰ) – ਗੁਰੂ ਨਾਨਕ ਖਾਲਸਾ ਕਾਲਜ ਫਾਰ ਵੋਮੈਨ ਸ਼ਾਮਚੁਰਾਸੀ ਦੀ ਪ੍ਰਿੰ. ਡਾ. ਜਸਵੀਰ ਕੌਰ ਢਿੱਲੋਂ ਨੇ ਦੱਸਿਆ ਕਿ ਕਰੋਨਾ ਵਾਇਰਸ ਦੀ ਕਰੋਪੀ ਕਰਕੇ ਚੱਲ ਰਹੇ ਲਾਕਡਾਉਡ ਦੌਰਾਨ ਕਾਲਜ ਨੇ ਯੂਨੀਵਰਸਿਟੀਆਂ ਦੀਆਂ ਹਦਾਇਤਾਂ ਤੇ ਆਨ ਲਾਈਨ ਪੜ੍ਹਾਈ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਸਰਕਾਰ ਦੇ ਹੁਕਮਾਂ ਮੁਤਾਬਿਕ ਸਕੂਲ ਕਾਲਜ ਬੰਦ ਹੋਣ ਕਾਰਨ ਕਾਲਜ ਦਾ ਸਮੁੱਚਾ ਸਟਾਫ ਆਨ ਲਾਈਨ ਕਲਾਸਾਂ ਰਾਹੀਂ ਵਿਦਿਆਰਥੀਆਂ ਨੂੰ ਘਰੇ ਬੈਠ ਕੇ ਹੀ ਸਮੈਸਟਰ ਸਿੱਖਿਆ ਪ੍ਰਦਾਨ ਕਰਵਾਏਗਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਵੇਗਾ ਅਤੇ ਉਹ ਲਗਾਤਾਰ ਟੀਚਰਾਂ ਦੀ ਅਗਵਾਈ ਹੇਠ ਸਿੱਖਿਆ ਨਾਲ ਜੁੜੇ ਰਹਿਣਗੇ। ਇਸ ਕਾਰਜ ਲਈ ਉਨ੍ਹਾਂ ਕਾਲਜ ਸਟਾਫ ਨੂੰ ਵੀ ਸਮੁੱਚੀ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਆ।

ਬਡਾਲਾ ਮਾਹੀ ਵਿਚ ਲੋੜਵੰਦਾਂ ਨੂੰ ਵੰਡਿਆ ਰਾਸ਼ਨ

ਸ਼ਾਮਚੁਰਾਸੀ (ਚੁੰਬਰ) – ਪਿੰਡ ਬਡਾਲਾ ਮਾਹੀ ਵਿਖੇ ਪ੍ਰਵਾਸੀ ਭਾਰਤੀਆਂ ਅੰਤਰ ਸਿੰਘ ਸ਼ਾਹ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਗ੍ਰਾਮ ਪੰਚਾਇਤ ਦੀ ਅਗਵਾਈ ਵਿਚ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸਰਪੰਚ ਸੂਬੇਦਾਰ ਸ਼ਿਵਰਾਮ ਨੇ ਦੱਸਿਆ ਕਿ ਇਹ ਰਾਸ਼ਨ ਉਨ੍ਹਾਂ ਲੋੜਵੰਦ ਪਰਿਵਾਰਾਂ ਨੂੰ ਦਿੱਤਾ ਗਿਆ ਹੈ ਜੋ ਮਹਾਂਮਾਰੀ ਦੇ ਪ੍ਰਕੋਪ ਕਾਰਨ ਕੰਮਕਾਰ ਤੋਂ ਵੇਹਲੇ ਹੋ ਕੇ ਘਰਾਂ ਵਿਚ ਬੈਠਣ ਲਈ ਮਜ਼ਬੂਰ ਹੋ ਗਏ ਹਨ। ਇਸ ਰਾਸ਼ਨ ਵੰਡ ਪ੍ਰੋਗਰਾਮ ਵਿਚ ਪੰਚ ਸੁਰਜੀਤ ਰਾਏ, ਲੇਖ ਰਾਜ ਵਾਟਰ ਸਪਲਾਈ, ਸ਼ਰਨਜੀਤ ਪੰਚ, ਪਰਵਿੰਦਰ ਕੌਰ , ਹਰਬੰਸ ਲਾਲ, ਮਨਵੀਰ ਸਿੰਘ ਸਾਰੇ ਪੰਚ ਸਹਿਬਾਨ, ਅਮਰ ਚੰਦ ਗੁਰਦੁਆਰਾ ਪ੍ਰਧਾਨ, ਦਿਲਬਾਗ ਰਾਏ,

ਬੀਤੇ ਦਿਨੀਂ ਸਵਰਗਵਾਸ ਹੋ ਗਏ ਪ੍ਰਸਿੱਧ ਬਾਲੀਵੁੱਡ ਕਲਾਕਾਰ ਸਵਰਗੀ ਰਿਸ਼ੀ ਕਪੂਰ ਨੂੰ ਉਘੇ ਬਿਜਨਸਮੈਨ, ਸਮਾਜ ਸੇਵੀ ਅਤੇ ਕਮਿਸ਼ਨਰ ਸ੍ਰੀ ਕਸ਼ਮੀਰ ਸਿੰਘ ਧੁੱਗਾ ਅਤੇ ਉਹਨਾਂ ਦੀ ਸੁਪਤਨੀ ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ। ਉਪਰੋਕਤ ਤਸਵੀਰ ਕੁਝ ਸਮਾਂ ਪਹਿਲਾਂ ਦੀ ਇਕ ਯਾਦਗਾਰੀ ਤਸਵੀਰ ਹੈ, ਜਦੋਂ ਸ੍ਰੀ ਰਿਸ਼ੀ ਕਪੂਰ ਸ੍ਰੀ ਧੁੱਗਾ ਦੇ ਸਟੋਰ ਉਤੇ ਆਏ ਸਨ।

ਪ੍ਰਵਾਸੀਆਂ ਨੂੰ ਵਾਪਿਸ ਮੁੜਨ ਲਈ ਸਹਾਇਤਾ ਉਤੇ ਸਰਕਾਰ ਕਰੇਗੀ ਵਿਚਾਰ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਵਿਨਸਨ ਪੀਟਰਜ਼ ਜੋ ਕਿ ਨਸਲਵਾਦੀ ਬੂਅ ਵਾਲੇ ਬਿਆਨਾਂ ਦੇ ਕਰਕੇ ਹਮੇਸ਼ਾਂ ਚਰਚਿਤ ਰਹਿੰਦੇ ਹਨ। ਅੱਜ ਫਿਰ ਉਨ੍ਹਾਂ ਇਕ ਅਜਿਹਾ ਬਿਆਨ ਦਿੱਤਾ ਹੈ ਜਿਸ ਦੇ ਨਾਲ ਲੱਖਾਂ ਪ੍ਰਵਾਸੀ ਕਾਮਿਆਂ ਦੇ ਮਨਾਂ ਨੂੰ ਡੂੰਘੀ ਸੱਟ ਵੱਜੀ ਹੈ। ਉਨ੍ਹਾਂ ਸਪਸ਼ਟ ਕਿਹਾ ਹੈ ਕਿ ਜਿਹੜੇ ਅਸਥਾਈ ਵੀਜੇ ਵਾਲੇ ਪ੍ਰਵਾਸੀ ਕਾਮੇ ਇਸ ਵੇਲੇ ਜੱਦੋ-ਜਹਿਦ ਦੇ ਵਿਚ ਹਨ ਅਤੇ ਨੌਕਰੀ ਗਵਾ ਚੁੱਕੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਘਰਾਂ ਨੂੰ ਮੁੜ ਜਾਣ। 'ਅੱਲੇ ਜ਼ਖਮਾਂ 'ਤੇ ਲੂਣ ਭੁੱਕਣ' ਵਾਲੀ ਇਸ ਗੱਲ ਨੇ ਇਹ ਚਰਚਾ ਛੇੜ ਦਿੱਤੀ ਹੈ ਕਿ ਜਦੋਂ ਤਾਂ ਦੇਸ਼ ਨੂੰ ਆਰਥਿਕ ਮੰਦਵਾੜੇ ਦੇ ਵਿਚੋਂ ਕੱਢਣਾ ਹੋਵੇ ਉਦੋ ਵਿਦਿਆਰਥੀਆਂ ਦੇ ਤੌਰ 'ਤੇ ਪ੍ਰਵਾਸੀਆਂ ਨੂੰ ਬੁਲਾ ਕੇ ਫਿਰ ਵਰਕ ਪਰਮਿਟ ਦੇ ਕੇ ਦੇਸ਼ ਦੀ ਆਰਥਿਕਤਾ ਨੂੰ ਧੱਕਾ ਲਵਾ ਲਿਆ ਜਾਵੇ ਅਤੇ ਜਦੋਂ ਕਿਤੇ ਕੁਦਰਤੀ ਕ੍ਰੋਪੀ ਨਾਲ ਬ੍ਰੇਕਾਂ ਲੱਗ ਰਹੀਆਂ ਹੋਣ ਤਾਂ ਇਨ੍ਹਾਂ ਧੱਕਾ ਲਾਉਣ ਵਾਲਿਆਂ ਨੂੰ ਹੀ ਧੱਕਾ ਮਾਰ ਦਿੱਤਾ ਜਾਵੇ। ਸ੍ਰੀ ਪੀਟਰਜ ਨੇ ਕਿਹਾ ਕਿ ਕੋਵਿਡ-19 ਦੇ ਲਾਕਡਾਊਨ ਤੋਂ ਪਹਿਲਾਂ ਹੀ ਅਜਿਹਾ ਕਹਿ ਦਿੱਤਾ ਗਿਆ ਸੀ ਅਤੇ 50,000 ਲੋਕ ਜਾ ਵੀ ਚੁੱਕੇ ਹਨ। ਇਸ ਵੇਲੇ ਸੰਭਾਵਿਤ 3,80,000 ਪ੍ਰਵਾਸੀ ਕਾਮੇ ਇਥੇ ਹਨ। ਸਰਕਾਰ ਨੂੰ ਇਕ ਰਸਮੀ ਸਲਾਹ ਦਿੱਤੀ ਗਈ ਸੀ ਕਿ ਮੌਜੂਦਾ ਹਲਾਤਾਂ ਨੂੰ ਵੇਖਦਿਆਂ ਹੋਇਆ ਐਨੇ ਪ੍ਰਵਾਸੀ ਕਾਮਿਆਂ ਨੂੰ ਉਨ੍ਹਾਂ ਦੇ ਵਤਨ ਵਾਪਿਸ ਨਹੀਂ ਭੇਜਿਆ ਜਾ ਸਕਦਾ ਉਨ੍ਹਾਂ ਨੂੰ ਇਥੇ ਹੀ ਰਹਿਣ ਦੇਣ ਦਾ ਪ੍ਰਬੰਧ ਕਰਨ ਦੀ ਜਰੂਰਤ ਹੈ। ਉਪ ਪ੍ਰਧਾਨ ਮੰਤਰੀ ਨੇ ਕਿਹਾ ਕਿ 50 ਲੱਖ ਦੀ ਜਨ ਸੰਖਿਆ ਵਾਲੇ ਮੁਲਕ ਦੇ ਵਿਚ ਉਹ ਇਥੇ ਕੀ-ਕੀ ਮਦਦ ਕਰ ਸਕਦੇ ਹਨ।? ਉਨ੍ਹਾਂ ਅਨੁਸਾਰ ਸਿਵਲ ਡਿਫੈਂਸ ਨੇ ਹੁਣ ਤੱਕ ਵਧੀਆ ਕੰਮ ਕੀਤਾ ਹੈ। ਮੰਤਰੀ ਸਾਹਿਬ ਨੇ ਕਿਹਾ ਕਿ ਉਹ ਟੈਕਸ ਦਾਤਾਵਾਂ ਉਤੇ ਜਿਆਦਾ ਭਾਰ ਸਾਲ ਦਰ ਸਾਲ ਨਹੀਂ ਪਾ ਸਕਦੇ ਪਰ ਪ੍ਰਵਾਸੀ ਕਾਮਿਆਂ ਦੇ ਵਾਪਿਸ ਜਾਣ ਉਤੇ ਖਰਚਾ ਕਰ ਸਕਦੇ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪ੍ਰਵਾਸੀ ਕਾਮਿਆਂ ਨੂੰ ਜਬਰਦਸਤੀ ਨਹੀਂ ਬੁਲਾਇਆ ਗਿਆ ਸੀ ਉਹ ਆਪਣੀ ਇੱਛਾ ਅਨੁਸਾਰ ਆਏ ਹਨ। ਉਨ੍ਹਾਂ ਕਿਹਾ ਕਿ ਜਦੋਂ ਤਹਾਡਾ ਮੁਕੱਦਰ ਤੁਹਾਡੇ ਹੱਥ ਹੈ ਅਤੇ ਤੁਸੀਂ ਹੀ ਰਾਹ ਚੁਨਣਾ ਹੈ ਤਾਂ ਤੁਸੀਂ ਕੀ ਸੋਚਦੇ ਹੋ ਕਿ ਨਿਊਜ਼ੀਲੈਂਡ ਵਾਲੇ ਆਪਣੀ ਕਿਹੜੀ ਫਰਜ਼ ਅਦੂਲੀ ਕਰਨ।? ਕਮਿਊਨਿਟੀ ਲਾਅ ਦੇ ਮੁਖੀ ਨੇ ਕਿਹਾ ਕਿ ਸਰਕਾਰ ਨੂੰ ਸੋਸ਼ਲ ਸਕਿਊਰਿਟੀ ਕਾਨੂੰਨ ਤਹਿਤ ਅਸਥਾਈ ਐਮਰਜੈਂਸੀ ਦੇ ਰੂਪ ਵਿਚ ਲਾਭ ਭੱਤਾ ਦੇਣਾ ਚਾਹੀਦਾ ਹੈ ਤੇ ਇਹ ਜਿੰਨਾ ਚਿਰ ਮਹਾਂਮਾਰੀ ਦਾ ਐਲਾਨ ਬਣਿਆ ਰਹਿੰਦਾ ਹੈ ਓਨੀ ਦੇਰ ਤੱਕ ਲਾਗੂ ਰਹਿਣਾ ਚਾਹੀਦਾ ਹੈ। ਜਦੋਂ ਇਹ ਮਹਾਂਮਾਰੀ ਖਤਮ ਹੋ ਜਾਵੇਗੀ ਉਦੋਂ ਉਹ ਪ੍ਰਵਾਸੀ ਕਾਮੇ ਸੋਚ ਸਕਦੇ ਹਨ ਕਿ ਦੇਸ਼ ਪਰਤਣਾ ਹੈ। ਸੋ ਅੰਤ ਇਹ ਹੀ ਕਹਿ ਸਕਦੇ ਹਾਂ ਕਿ ਜਦੋਂ ਕਾਮਿਆਂ ਦੀ ਲੋੜ ਹੁੰਦੀ ਹੈ ਤਾਂ 'ਵੈਲਕਮ', 'ਥੈਂਕਸ' ਨਾਲ ਸਵਾਗਤ ਹੁੰਦਾ ਹੈ ਅਤੇ ਜਦੋਂ ਹੁਣ ਭਵਿੱਖ ਦੇ ਵਿਚ ਲੋੜ ਹੋਣ ਦੇ ਬਾਵਜੂਦ ਵੀ ਸਾਂਭੇ ਨਾ ਜਾਣ ਤਾਂ ਸਲਾਹ ਦੇ ਦਿਓ ਕਿ ਆਪਣੇ-ਆਪਣੇ ਘਰਾਂ ਨੂੰ ਚਲੇ ਜਾਓ।

ਇਸ ਵੇਲੇ ਭਾਰਤੀ ਕਾਮਿਆਂ ਦੀ ਗਿਣਤੀ ਵੀ ਇਥੇ ਚੌਖੀ ਹੈ। ਕੁਝ ਕਾਮੇ ਭਾਰਤ ਤੋਂ ਵਾਪਿਸ ਪਰਤਣ ਦੀ ਆਸ ਵਿਚ ਹਨ ਪਰ ਅੱਜ ਦੇ ਬਿਆਨ ਨੇ ਤਾਂ ਇੰਝ ਕਰ ਦਿੱਤਾ ਹੈ ਜਿਵੇਂ ਉਨ੍ਹਾਂ ਦੀਆਂ ਆਸਾਂ ਵੀ ਕਰੋਨਾ ਵਿਦੇਸ਼ ਮੰਤਰੀ ਦੇ ਰਾਹੀਂ ਨਿਗਲ ਗਿਆ ਹੋਵੇ। ਲੋੜ ਹੈ ਰਾਜਨੀਤੀ ਦੇ ਵਿਚ ਸ਼ਾਮਿਲ ਭਾਰਤੀ ਲੋਕਾਂ ਨੂੰ ਅੱਗੇ ਆਉਣ ਦੀ। ਵੀਜ਼ਾ ਅਵਧੀਆਂ 100% ਖੁੱਲ੍ਹੀਆਂ ਰਹਿਣੀਆਂ ਚਾਹੀਦੀਆਂ ਹਨ ਤਾਂ ਕਿ ਬਾਰਡਰ ਖੁੱਲ੍ਹਣ ਬਾਅਦ ਕਾਰੋਬਾਰੀ ਅਦਾਰਿਆਂ ਨੂੰ ਆਪਣੇ ਹੀ ਪੁਰਾਣੇ ਤਜਰਬੇਕਾਰ ਕਾਮੇ ਮਿਲ ਸਕਣ।

ਚੀਨ ਦੀ ਘੇਰਾਬੰਦੀ ਲਈ ਇਕੱਠੇ ਹੋਏ ਛੇ ਦੇਸ਼, ਦਿੱਤਾ ਸਖਤ ਸੁਨੇਹਾ

ਨਵੀਂ ਦਿੱਲੀ- ਕੋਵਿਡ-19 ਨੇ ਸਿਰਫ ਤਿੰਨ ਮਹੀਨੇ 'ਚ ਹੀ ਦੁਨੀਆ ਦੀ ਸਿਹਤ ਤੇ ਅਰਥਚਾਰੇ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਨਾਲ ਹੀ ਇਹ ਸਾਫ਼ ਹੋ ਗਿਆ ਹੈ ਕਿ ਇਸ ਮਹਾਮਾਰੀ ਦਾ ਦੁਨੀਆ ਦੇ ਕੂਟਨੀਤਕ ਮਾਹੌਲ 'ਤੇ ਵੀ ਬਹੁਤ ਵੱਡਾ ਅਸਰ ਹੋਣ ਵਾਲਾ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਭਾਰਤ, ਜਾਪਾਨ, ਦੱਖਣੀ ਕੋਰੀਆ, ਆਸਟ੍ਰੇਲੀਆ, ਇਜ਼ਰਾਈਲ ਤੇ ਬ੍ਰਾਜ਼ੀਲ ਦੇ ਵਿਦੇਸ਼ ਮੰਤਰੀਆਂ ਨਾਲ ਬੈਠਕ ਕਰ ਕੇ ਚੀਨ ਨੂੰ ਹਾਲੇ ਤਕ ਦਾ ਸਭ ਤੋਂ ਵੱਡਾ ਤੇ ਸਖਤ ਸੁਨੇਹਾ ਦਿੱਤਾ ਹੈ। ਬੈਠਕ 'ਚ ਕੋਵਿਡ-19 ਨੂੰ ਲੈ ਕੇ ਜ਼ਿਆਦਾ ਪਾਰਦਰਸ਼ਤਾ ਵਰਤਣ ਦਾ ਮੁੱਦਾ ਉਠਾਇਆ। ਪੋਂਪੀਓ ਦੀ ਪਹਿਲ 'ਤੇ ਹੋਈ ਇਸ ਬੈਠਕ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਚੀਨ 'ਤੇ ਲਗਾਤਾਰ ਨਿਸ਼ਾਨਾ ਵਿੰਨ੍ਹਣ ਦੀ ਰਣਨੀਤੀ ਦੇ ਅਗਲੇ ਪੜਾਅ ਵਜੋਂ ਦੇਖਿਆ ਜਾ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਪ੍ਰੈਸ ਬਿਆਨ ਮੁਤਾਬਕ, 'ਪੋਂਪੀਓ ਦੀ ਭਾਰਤ ਸਮੇਤ ਛੇ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਬੈਠਕ 'ਚ ਕੋਵਿਡ-19 ਖ਼ਿਲਾਫ਼ ਲੜਾਈ 'ਚ ਕੌਮਾਂਤਰੀ ਸਹਿਯੋਗ, ਪਾਰਦਰਸ਼ਤਾ ਤੇ ਜ਼ਿੰਮੇਵਾਰੀ ਤੈਅ ਕਰਨ ਦੇ ਮੁੱਦੇ 'ਤੇ ਚਰਚਾ ਹੋਈ। ਇਨ੍ਹਾਂ ਵਿਚਾਲੇ ਭਵਿੱਖ 'ਚ ਹੋਣ ਵਾਲੇ ਸਿਹਤ ਸਬੰਧੀ ਸੰਕਟ ਤੇ ਤਰਕਸੰਗਤ ਕੌਮਾਂਤਰੀ ਕਾਨੂੰਨੀ ਵਿਵਸਥਾ ਕਾਇਮ ਕਰਨ ਦੇ ਵਿਸ਼ੇ 'ਤੇ ਵੀ ਗੱਲਬਾਤ ਹੋਈ ਹੈ।' ਕਹਿਣ ਦੀ ਜ਼ਰੂਰਤ ਨਹੀਂ ਕਿ ਅਮਰੀਕੀ ਵਿਦੇਸ਼ ਮੰਤਰਾਲੇ ਦਾ ਇਹ ਬਿਆਨ ਪੂਰੀ ਤਰ੍ਹਾਂ ਨਾਲ ਚੀਨ ਨੂੰ ਨਿਸ਼ਾਨਾ ਬਣਾਉਣ ਵਾਲਾ ਹੈ। ਅਮਰੀਕਾ ਲਗਾਤਾਰ ਚੀਨ 'ਤੇ ਦੋਸ਼ ਲਾ ਰਿਹਾ ਹੈ ਕਿ ਉਸ ਨੇ ਕੋਵਿਡ-19 ਨੂੰ ਲੈ ਕੇ ਪਾਰਦਰਸ਼ਤਾ ਨਾਲ ਕੰਮ ਨਹੀਂ ਕੀਤਾ ਤੇ ਸਮੇਂ ਸਿਰ ਦੁਨੀਆ ਨੂੰ ਇਸ ਮਹਾਮਾਰੀ ਬਾਰੇ ਸੂਚਨਾ ਨਹੀਂ ਦਿੱਤੀ। ਅਮਰੀਕਾ ਤੋਂ ਇਲਾਵਾ ਜਾਪਾਨ ਦੇ ਵਿਦੇਸ਼ ਮੰਤਰੀ ਮੋਤੇਗੀ ਤੋਸ਼ੀਮਿਤਸੁ ਤੇ ਆਸਟ੍ਰੇਲੀਆ ਦੀ ਵਿਦੇਸ਼ ਮੰਤਰੀ ਮੈਰਿਸ ਪੈਅਨੇ ਨੇ ਵੀ ਕੋਵਿਡ-19 ਨੂੰ ਲੈ ਕੇ ਪਾਰਦਰਸ਼ੀ ਵਿਵਹਾਰ ਕਰਨ ਦੀ ਗੱਲ ਕਹੀ ਹੈ। ਅਜਿਹਾ ਪਹਿਲਾਂ ਵਾਰ ਹੋਇਆ ਹੈ ਕਿ ਜਦੋਂ ਅਮਰੀਕਾ ਨੇ ਕੁਝ ਮੁੱਖ ਦੇਸ਼ਾਂ ਨੂੰ ਕੋਵਿਡ-19 'ਤੇ ਵਿਚਾਰ ਚਰਚਾ ਲਈ ਇਕੱਠੇ ਕੀਤਾ ਹੈ। ਹਾਲਾਂਕਿ, ਇਸ ਬੈਠਕ ਦਾ ਦਾਇਰਾ ਕੋਵਿਡ-19 ਤੋਂ ਜ਼ਿਆਦਾ ਵਿਆਪਕ ਰਿਹਾ। ਅਮਰੀਕੀ ਵਿਦੇਸ਼ ਮੰਤਰਾਲੇ ਦਾ ਬਿਆਨ ਸਾਫ ਤੌਰ 'ਤੇ ਸੰਕੇਤ ਦਿੰਦਾ ਹੈ ਕਿ ਬੈਠਕ 'ਚ ਦੱਖਣੀ ਚੀਨ ਸਾਗਰ ਦਾ ਮੁੱਦਾ ਵੀ ਉਠਿਆ ਹੈ। ਚੀਨ ਦੇ ਕਬਜ਼ੇ ਨੂੰ ਲੈ ਕੇ ਅਮਰੀਕਾ ਹਮੇਸ਼ਾ ਇਹ ਕਹਿੰਦਾ ਰਿਹਾ ਹੈ ਕਿ ਉਥੇ ਤਰਕਸੰਗਤ ਕਾਨੂੰਨ ਹੋਣਾ ਚਾਹੀਦਾ। ਭਾਰਤ, ਜਾਪਾਨ, ਦੱਖਣੀ ਕੋਰੀਆ ਤੇ ਆਸਟ੍ਰੇਲੀਆ ਵੀ ਦੱਖਣੀ ਚੀਨ ਸਾਗਰ ਨੂੰ ਲੈ ਕੇ ਅਮਰੀਕਾ ਦੇ ਰੁਖ਼ ਨਾਲ ਸਹਿਮਤ ਹੈ। ਇਸ ਦੌਰਾਨ ਅਮਰੀਕਾ, ਜਾਪਾਨ, ਆਸਟ੍ਰੇਲੀਆ ਤੇ ਭਾਰਤ ਵਿਚਾਲੇ ਇਕ ਨਵੇਂ ਸਹਿਯੋਗ ਨੂੰ ਲੈ ਕੇ ਗੱਲਬਾਤ ਦਾ ਢਾਂਚਾ ਵੀ ਤਿਆਰ ਕਰ ਲਿਆ ਗਿਆ ਹੈ।

ਭਾਰਤ ਹਾਲੇ ਤਕ ਕੋਰੋਨਾ ਵਾਇਰਸ ਬਾਰੇ ਆਪਣੇ ਪੱਤੇ ਨਹੀਂ ਖੋਲ੍ਹ ਰਿਹਾ ਹੈ। ਉਹ ਫਿਲਹਾਲ ਇਸ ਸਬੰਧ 'ਚ ਆਪਣੇ ਗੁਆਂਢੀ ਦੇਸ਼ ਚੀਨ ਪ੍ਰਤੀ ਤਲਖੀ ਦਿਖਾਉਣ ਤੋਂ ਬਚ ਰਿਹਾ ਹੈ। ਉਸ ਦਾ ਅਧਿਕਾਰਤ ਮੱਤ ਹੈ ਕਿ ਹਾਲੇ ਕੋਵਿਡ-19 ਦੇ ਖਾਤਮੇ 'ਤੇ ਪੂਰਾ ਧਿਆਨ ਦਿੱਤਾ ਜਾਣਾ ਚਾਹੀਦਾ। ਕਿਸੇ ਦੇਸ਼ ਨੇ ਕੀ ਭਮਿਕਾ ਨਿਭਾਈ ਹੈ, ਇਸ 'ਤੇ ਬਾਅਦ 'ਚ ਗੱਲ ਕੀਤੀ ਜਾ ਸਕਦੀ ਹੈ।

ਉਂਜ ਭਾਰਤ ਨੇ ਆਪਣੀ ਐਫਡੀਆਈ ਨੀਤੀ 'ਚ ਤਬਦੀਲੀ ਕਰ ਕੇ ਚੀਨੀ ਕੰਪਨੀਆਂ ਨੂੰ ਨਿਸ਼ਾਨਾ ਬਣਾਇਆ ਹੈ। ਚੀਨ ਨੇ ਇਸ 'ਤੇ ਤਿੱਖਾ ਪ੍ਰਤੀਕਰਮ ਵੀ ਪ੍ਰਗਟਾਇਆ ਹੈ। ਦੋਵੇਂ ਦੇਸ਼ਾਂ ਦੀਆਂ ਫ਼ੌਜਾਂ ਵਿਚਾਲੇ ਵੀ ਕੌਮਾਂਤਰੀ ਸਰਹੱਦ 'ਤੇ ਕੁਝ ਝੜਪਾਂ ਦੀਆਂ ਗੱਲਾਂ ਸਾਹਮਣੇ ਆਈਆਂ ਹਨ।

ਅਮਰੀਕਾ ਸਮੇਤ ਛੇ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਸੋਮਵਾਰ ਨੂੰ ਚਰਚਾ ਤੋਂ ਬਾਅਦ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਮੰਗਲਵਾਰ ਨੂੰ ਟਵੀਟ ਕੀਤਾ, 'ਕੋਰੋਨਾ ਵਾਇਰਸ ਦੀਆਂ ਚੁਣੌਤੀਆਂ 'ਤੇ ਵਿਸਥਾਰਤ ਵਰਚੁਅਲ ਬੈਠਕ ਹੋਈ। ਇਸ 'ਚ ਮਹਾਮਾਰੀ ਨਾਲ ਨਜਿੱਠਣ ਤੋਂ ਇਲਾਵਾ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨ ਤੇ ਯਾਤਰਾ ਨਿਯਮਾਂ ਬਾਰੇ 'ਚ ਵੀ ਚਰਚਾ ਹੋਈ ਹੈ। ਅੱਗੇ ਵੀ ਅਜਿਹੀ ਚਰਚਾ ਹੁੰਦੀ ਰਹੇਗੀ'।

ਏਕਸ ਨੇ ਬੁੱਧ ਪੂਰਨਿਮਾ ਸਾਈਬਰ- ਔਨਲਾਈਨ ਦੁਆਰਾ ਮਨਾਈ ਪੂਰੇ ਵਿਸ਼ਵ 'ਚ

ਜਲੰਧਰ- ਕਰੋਨਾ ਵਾਇਰਸ ਦੀ ਨਾਮੁਰਾਦ ਮਹਾਮਾਰੀ ਦੇ ਚਲਦੇ ਹੋਏ ਅੰਬੇਡਕਰਾਈਟ ਇੰਟਰਨੈਸ਼ਨਲ ਕੋ-ਓਰਡੀਨੇਸ਼ਨ ਸੋਸਾਇਟੀ (ਏਕ੍ਸ) ਕਨੇਡਾ ਨੇ ਬੁੱਧ ਪੂਰਨਿਮਾ ਸਾਈਬਰ-ਔਨਲਾਈਨ ਦੁਆਰਾ ਮਨਾਉਣ ਦਾ ਆਯੋਜਨ ਕੀਤਾ. ਸਤਿਕਾਰਯੋਗ ਭਾਂਤੇ ਚਾਂਦਿਮਾ ਨੇ ਤ੍ਰਿਸ਼ਰਨ - ਪੰਚਸ਼ੀਲ ਦੇ ਕੇ ਸਮਾਗਮ ਦਾ ਆਰੰਭ ਕੀਤਾ ਅਤੇ ਪ੍ਰਵਚਨ ਕੀਤੇ. ਭਾਂਤੇ ਚਾਂਦਿਮਾ ਨੇ ਕਿਹਾ ਕਿ ਬੈਸਾਖ ਪੂਰਨਿਮਾ ਜੋ ਬੁੱਧ ਪੂਰਨਿਮਾ ਦੇ ਨਾਂ ਨਾਲ ਮਸ਼ਹੂਰ ਹੈ, ਅੰਤਰਰਾਸ਼ਟਰੀ ਪੱਧਰ ਤੇ ਬਹੁਤ ਹੀ ਖਾਸ ਦਿਨ ਵਜੋਂ ਜਾਣੀ ਜਾਂਦੀ ਹੈ ਅਤੇ ਪੂਰੇ ਵਿਸ਼ਵ 'ਚ ਬਹੁਤ ਹੀ ਸ਼ਰਧਾ ਪੂਰਵਕ ਮਨਾਈ ਜਾਂਦੀ ਹੈ. ਬੈਸਾਖ ਪੂਰਨਿਮਾ ਵਾਲੇ ਦਿਨ ਤਥਾਗਤ ਗੌਤਮ ਬੁੱਧ ਦਾ ਜਨਮ 563 ਬੀ ਸੀ ਪੂਰਵ ਲੁੰਬਨਿ ਵਿਖੇ, ਪਿਤਾ ਰਾਜਾ ਸੁਧੋਦਾਨਾ, ਜੋ ਸ਼ਕਿਆ ਵੰਸ਼ ਦਾ ਆਗੂ ਸੀ ਅਤੇ ਮਾਤਾ ਮਹਾਰਾਣੀ ਮਾਇਆ ਦੇਵੀ ਦੇ ਘਰ ਹੋਇਆ. 29 ਸਾਲ ਦੀ ਉਮਰ ਵਿਚ ਗੌਤਮ ਬੁੱਧ ਨੇ ਘਰ ਛੱਡ ਦਿੱਤਾ 6 ਸਾਲ ਦੇ ਯੋਗ ਅਭਿਆਸ ਤੋਂ ਬਾਅਦ ਬੈਸਾਖ ਦੀ ਪੂਰਨਿਮਾ ਵਾਲੇ ਦਿਨ ਇੱਕ ਪਿੱਪਲ ਦੇ ਰੁੱਖ ਥੱਲੇ ਉਨ੍ਹਾਂ ਨੂੰ ਬੋਧ ਗਯਾ ਵਿਖੇ ਗਿਆਨ ਦੀ ਪ੍ਰਾਪਤੀ ਹੋਈ. 45 ਸਾਲ ਲਗਾਤਾਰ ਘੁੰਮ ਕੇ ਬੁੱਧ ਧੱਮ ਦਾ ਪ੍ਰਚਾਰ ਕਰਨ ਤੋਂ ਬਾਅਦ ਕੁਸ਼ੀਨਗਰ ਵਿਖੇ ਬੈਸਾਖ ਦੀ ਪੂਰਨਿਮਾ ਵਾਲੇ ਦਿਨ ਹੀ ਮਹਾਂਮਾਨਵ ਗੌਤਮ ਬੁੱਧ ਦਾ ਮਹਾਪਰਿਨਿਰਵਾਂਨ ਹੋਇਆ. ਭਾਂਤੇ ਚਾਂਦਿਮਾ ਨੇ ਕਿਹਾ ਕਿ ਤਥਾਗਤ ਬੁੱਧ ਦੀਆਂ ਸਿਖਿਆਵਾਂ ਨੂੰ ਆਪਣਾਕੇ ਹੀ ਦੁਨੀਆ ਦਾ ਕਲਿਆਣ ਹੋ ਸਕਦਾ ਹੈ. ਕਈ ਦੇਸ਼ਾਂ ਜਿਵੇਂ ਕਿ ਭਾਰਤ, ਅਮਰੀਕਾ, ਨਿਊਜ਼ੀਲੈਂਡ ਅਤੇ ਕਨੇਡਾ ਆਦਿ ਤੋਂ ਲੋਕ ਔਨਲਾਈਨ ਇਸ ਸਮਾਰੋਹ ਵਿਚ ਸ਼ਾਮਲ ਹੋਏ. ਡਾ ਵੈਸ਼ਾਲੀ ਐਸ ਟੀ ਪ੍ਰਧਾਨ, ਰਾਜ ਰਤਨ ਅੰਬੇਡਕਰ ਅਤੇ ਐਲ ਆਰ ਬਾਲੀ ਨੇ ਮੁੱਖ ਬੁਲਾਰਿਆਂ ਵਜੋਂ ਆਪਣੇ ਭਾਸ਼ਣ ਕੀਤੇ. ਸ੍ਰੀ ਬਾਲੀ ਨੇ ਆਪਣੇ ਭਾਸ਼ਣ ਵਿਚ ਬੁੱਧ ਧੱਮ 'ਤੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਕਿਹਾ ਕਿ ਤਥਾਗਤ ਗੌਤਮ ਬੁੱਧ ਨੇ ਖੋਜ ਕੀਤੀ ਕਿ ਸੰਸਾਰ ਵਿਚ ਦੁੱਖ ਹਨ, ਦੁੱਖਾਂ ਦਾ ਕਾਰਣ ਹੈ ਅਤੇ ਦੁੱਖਾਂ ਦਾ ਨਿਵਾਰਨ ਹੈ. ਗਿਆਨ ਪ੍ਰਾਪਤੀ ਤੋਂ ਬਾਅਦ ਬੁੱਧ ਨੇ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਨਾਲ ਜੀਵਨ ਜੀਣ ਦਾ ਤਰੀਕਾ ਦੱਸਿਆ ਜਿਸ ਨੂੰ ਬੁੱਧ ਧੱਮ ਕਿਹਾ ਜਾਂਦਾ ਹੈ. ਬੁੱਧ ਧੱਮ ਪ੍ਰਚਿਗਆ ਅਤੇ ਕਰੁਣਾ ਦਾ ਸੁਮੇਲ ਹੈ. ਜਿਨ੍ਹਾਂ ਦੇਸ਼ਾਂ ਨੇ ਬੁੱਧ ਧੱਮ ਅਪਣਾਇਆ ਉਨ੍ਹਾਂ ਨੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ. ਸ੍ਰੀ ਬਾਲੀ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣੇ ਵਿਦੇਸ਼ੀ ਦੌਰਿਆਂ 'ਚ ਕਹਿੰਦੇ ਹਨ ਕਿ ਭਾਰਤ ਨੇ ਦੁਨੀਆ ਨੂੰ ਯੁੱਧ ਨਹੀਂ, ਬੁੱਧ ਦਿੱਤਾ ਪਰ ਆਪ ਉਹ ਬੁੱਧ ਧੱਮ ਤੇ ਆਚਰਣ ਨਹੀਂ ਕਰਦੇ. ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ(ਰਜਿ), ਪੰਜਾਬ ਯੂਨਿਟ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ. ਸ੍ਰੀ ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਵੱਲੋਂ ਵਾਈਸ ਪ੍ਰਧਾਨ ਚਰਨ ਦਾਸ ਸੰਧੂ ਅਤੇ ਸਮਤਾ ਸੈਨਿਕ ਦਲ ਵੱਲੋਂ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਔਨਲਾਈਨ ਸ਼ਾਮਲ ਹੋ ਕੇ ਆਪਣੇ ਵਿਚਾਰ ਪੇਸ਼ ਕੀਤੇ. ਅੰਬੇਡਕਰਾਈਟ ਇੰਟਰਨੈਸ਼ਨਲ ਕੋ-ਓਰਡੀਨੇਸ਼ਨ ਸੋਸਾਇਟੀ ਕਨੇਡਾ ਵੱਲੋਂ ਸਮਾਗਮ ਦਾ ਸੰਚਾਲਨ ਆਨੰਦ ਬਾਲੀ ਨੇ ਬਾਖੂਬੀ ਕੀਤਾ ਅਤੇ ਇਸਦੇ

ਭਯੋ ਘੱਲੂਘਾਰਾ ਭਾਰਾ ਕਹਿਰ ਕਹਾਰਾ

ਜਸਵੰਤ ਸਿੰਘ 'ਅਜੀਤ'

ਸਮੇਂ ਦੀਆਂ ਹਾਕਮ ਸ਼ਕਤੀਆਂ ਵਲੋਂ ਸਿੱਖਾਂ ਨੂੰ ਮਾਰ ਮੁਕਾਣ ਦੀ ਸ਼ੁਰੂ ਕੀਤੀ ਗਈ ਹੋਈ ਮੁਹਿੰਮ ਦੇ ਅਧੀਨ ਗੁਰਦੁਆਰਾ ਰੋੜੀ ਸਾਹਿਬ, ਐਮਨਾਬਾਦ ਵਿਖੇ ਜੁੜੇ ਬੈਠੇ ਸਿੱਖਾਂ ਨੂੰ ਘੇਰ ਕੇ ਮਾਰ-ਮੁਕਾਣ ਦੇ ਉਦੇਸ਼ ਨਾਲ ਗਏ ਜਸਪਤ ਰਾਇ ਦੇ ਸਿੱਖਾਂ ਹਥੋਂ ਮਾਰੇ ਜਾਣ ਦੀ ਖਬਰ ਜਦੋਂ ਉਸਦੇ ਭਰਾ ਲਖਪਤ ਰਾਇ ਨੂੰ ਮਿਲੀ ਤਾਂ ਉਹ ਗੁੱਸੇ ਵਿੱਚ ਇਤਨਾ ਲੋਹਾ-ਲਾਖਾ ਹੋਇਆ ਕਿ ਉਸਨੇ ਤੁਰੰਤ ਹੀ ਯਾਹੀਆ ਖਾਨ ਦੇ ਦਰਬਾਰ ਵਿੱਚ ਪੁਜ, ਸਿਰੋਂ ਪੱਗ ਲਾਹੀ ਤੇ ਕਸਮ ਖਾਧੀ ਕਿ ਜਦੋਂ ਤਕ ਉਹ ਸਿੱਖਾਂ ਦਾ ਖੁਰਾ-ਖੋਜ ਨਹੀਂ ਮੁੱਕਾ ਲਇਗਾ, ਸਿਰ ਤੇ ਪੱਗ ਨਹੀਂ ਬਨ੍ਹੇਗਾ। ਯਾਹੀਆ ਖਾਨ ਨੂੰ ਸਿੱਖਾਂ ਨੂੰ ਮਾਰ-ਮੁਕਾਣ ਦੀ ਆਪਣੀ ਮੁਹਿੰਮ ਨੂੰ ਸਿਰੇ ਚਾੜ੍ਹਨ ਲਈ, ਇੱਕ ਅਜਿਹੇ ਹੀ ਹਥਿਆਰ ਦੀ ਲੋੜ ਸੀ, ਜੋ ਉਸਨੂੰ ਬੈਠਿਆਂ ਬਿਠਾਇਆਂ ਮਿਲ ਗਿਆ। ਉਸਨੇ ਤੁਰੰਤ ਲਖਪਤ ਰਾਇ ਨੂੰ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦੀ ਆਪਣੀ ਮੁਹਿੰਮ ਦਾ ਮੋਢੀ ਥਾਪ ਦਿੱਤਾ ਅਤੇ ਨਾਲ ਹੀ ਉਸਨੂੰ ਇਸ ਉਦੇਸ਼ ਲਈ ਸਾਰੇ ਜਾਇਜ਼-ਨਾਜਾਇਜ਼ ਹਥਕੰਡੇ ਵਰਤਣ ਦਾ ਅਧਿਕਾਰ ਵੀ ਦੇ ਦਿੱਤਾ।

ਯਾਹੀਆ ਖਾਨ ਨੇ ਇਕ ਪਾਸੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦੀ ਜ਼ਿਮੇਂਦਾਰੀ ਲਖਪਤ ਰਾਇ ਨੂੰ ਸੌਂਪੀ ਤੇ ਦੂਜੇ ਪਾਸੇ ਹੁਕਮ ਜਾਰੀ ਕਰ ਦਿੱਤਾ ਕਿ ਜਿਥੇ-ਕਿਤੇ ਵੀ ਕੋਈ ਸਿੱਖ ਨਜ਼ਰੀਂ ਪਏ, ਉਸਨੂੰ ਪਕੱੜ ਉਸਦੇ ਦਰਬਾਰ ਵਿੱਚ ਪੇਸ਼ ਕੀਤਾ ਜਾਏ। ਉਸਨੇ ਗੁੜ ਨੂੰ ਗੁੜ ਕਹਿਣ ਦੀ ਬਜਾਏ ਰੋੜੀ ਤੇ ਗ੍ਰੰਥ ਨੂੰ ਗ੍ਰੰਥ ਕਹਿਣ ਦੀ ਬਜਾਏ ਪੋਥੀ ਕਹਿਣ ਦਾ ਹੁਕਮ ਵੀ ਜਾਰੀ ਕਰ ਦਿੱਤਾ। ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿੱਚ: 'ਗੁੜ ਕੇ ਕਹਨੇ ਗੁਰ ਕਹੈਂ, ਰੋੜੀ ਪਾਯੋ ਨਾਮ, ਗੁੜ ਕਹਣੇ ਗੁਰ ਸੁਨਯੋ, ਨਾਨਕ ਕੋ ਨਾਨੂੰ ਕਹਿਵਾਯੋ'। ਅਰਥਾਤ ਜਿਸ ਵਿਅਕਤੀ ਦਾ ਨਾਂ ਨਾਨਕ ਹੈ, ਉਸਨੂੰ ਨਾਨਕ ਨਾ ਕਹਿ ਨਾਨੂ ਕਿਹਾ ਜਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜਿਤਨੇ ਵੀ ਸਰੂਪ ਉਸਦੇ ਹੱਥ ਆਏ, ਉਨ੍ਹਾਂ ਵਿੱਚੋਂ ਕੁਝ ਤਾਂ ਉਸਨੇ ਅਗਨ ਭੇਂਟ ਕਰਵਾ ਦਿੱਤੇ ਅਤੇ ਕੁਝ ਨੂੰ ਖੂਹਾਂ ਵਿੱਚ ਸੁਟਵਾ ਦਿੱਤਾ।

ਸਿੱਖਾਂ ਦਾ ਖੁਰਾ-ਖੋਜ ਮਿਟਾਣ ਲਈ ਕੁਝ ਵੀ ਕਰ ਗੁਜ਼ਰਣ ਦਾ ਅਧਿਕਾਰ ਮਿਲਦਿਆਂ ਹੀ ਲਖਪਤ ਰਾਇ ਨੇ ਸਭ ਤੋਂ ਪਹਿਲਾਂ ਲਾਹੌਰ ਵਾਸੀਆਂ ਦੇ ਵਿਰੋਧ ਦੇ ਬਾਵਜੂਦ (ਲਾਹੌਰ ਵਿੱਚ) ਅਮਨ-ਸ਼ਾਂਤੀ ਨਾਲ ਵਸਦੇ ਸਾਰੇ ਹੀ ਸਿੱਖ ਫੜ ਮੰਗਵਾਏ ਤੇ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ। ਇਸਤਰ੍ਹਾਂ ਲਾਹੌਰ ਵਾਸੀ ਸਿੱਖਾਂ ਨੂੰ ਖਤਮ ਕਰਨ ਤੋਂ ਬਾਅਦ ਉਹ ਫੌਜ ਲੈ ਅੰਮ੍ਰਿਤਸਰ ਵਲ ਵਧਿਆ। ਅੰਮ੍ਰਿਤਸਰ ਪਹੁੰਚਦਿਆਂ ਹੀ ਉਸਨੇ ਉਥੇ ਜੁੜੇ ਬੈਠੇ ਸਿੱਖਾਂ ਹਮਲਾ ਕਰ ਦਿੱਤਾ। ਸਿੱਖਾਂ ਪੁਰ ਇਹ ਹਮਲਾ ਇਤਨਾ ਅਚਾਨਕ ਹੋਇਆ ਸੀ ਕਿ ਉਨ੍ਹਾਂ ਨੂੰ ਉਥੋਂ ਆਪਣੇ ਟਿਕਾਣਿਆਂ ਵਲ ਨਿਕਲ ਜਾਣ ਦਾ ਮੌਕਾ ਹੀ ਨਾ ਮਿਲਿਆ। ਲਖਪਤ ਰਾਇ ਦੀਆਂ ਫੌਜਾਂ ਨਾਲ ਘਿਰੇ ਸਿੱਖ ਮੁੱਖੀਆਂ ਨੇ ਆਪੋ ਵਿੱਚ ਸਿਰ ਜੋੜ ਵਿਚਾਰਾਂ ਕੀਤੀਆਂ ਤੇ ਫੈਸਲਾ ਕੀਤਾ ਕਿ ਕਿਸੇ ਤਰ੍ਹਾਂ ਕਾਹਨੂੰਵਾਨ ਦੀਆਂ ਬੀਹੜਾਂ ਵਲ ਨਿਕਲ ਤੁਰਨਾ ਚਾਹੀਦਾ ਹੈ।

ਉਨ੍ਹਾਂ ਦੇ ਇਸ ਫੈਸਲੇ ਦੀ ਸੂਹ ਕਿਸੇ ਤਰ੍ਹਾਂ ਲਖਪਤ ਰਾਇ ਨੂੰ ਵੀ ਮਿਲ ਗਈ। ਉਸਨੇ ਅੰਮ੍ਰਿਤਸਰ ਤੋਂ ਨਿਕਲੀ ਸਿੱਖ ਵਹੀਰ ਨੂੰ ਇਸਤਰ੍ਹਾਂ ਘੇਰਾ ਪਾ ਲਿਆ ਕਿ ਵਹੀਰ ਨੂੰ ਰਾਵੀ ਵਲ ਮੂੰਹ ਕਰਨ ਤੋਂ ਬਿਨਾ ਹੋਰ ਕੋਈ ਰਸਤਾ ਨਜ਼ਰ ਨਾ ਆਇਆ। ਇਸਦੇ ਨਾਲ ਹੀ ਜਿਨ੍ਹਾਂ ਜੰਗਲਾਂ ਵਿੱਚ ਸਿੱਖਾਂ ਦੀਆਂ ਛੁਪਣਗਾਹਾਂ ਹੋਣ ਦੀ ਉਸਨੂੰ ਸੂਹ ਮਿਲੀ, ਉਸਨੇ ਉਨ੍ਹਾਂ ਨੂੰ ਕਟਵਾਣਾ ਤੇ ਅੱਗ ਲਵਾ ਸੜਵਾਣਾ ਸ਼ੁਰੂ ਕਰ ਦਿੱਤਾ। ਇਸਤਰ੍ਹਾਂ ਆਪਣੀਆਂ ਛੁਪਣਗਾਹਾਂ ਵਿੱਚ ਲੁਕੇ ਬੈਠੇ ਸਿੱਖ ਜਦੋਂ ਵੀ ਉਥੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਤਾਂ ਸਾਹਮਣੇ ਤੋਪਾਂ ਦੇ ਗੋਲੇ ਉਨ੍ਹਾਂ ਦਾ ਸੁਆਗਤ ਕਰਨ ਲਈ ਤਿਆਰ ਮਿਲਦੇ।

ਇਸਤਰ੍ਹਾਂ ਜਦੋਂ ਸਿੱਖਾਂ ਵੇਖਿਆ ਕਿ ਉਹ ਬੁਰੀ ਤਰ੍ਹਾਂ ਘਿਰ ਗਏ ਹੋਏ ਹਨ. ਤਾਂ ਉਨ੍ਹਾਂ ਫੈਸਲਾ ਕੀਤਾ ਕਿ ਇਉਂ

ਅਣ-ਆਈ ਮੌਤ ਮਰਨ ਨਾਲੋਂ ਤਾਂ ਚੰਗਾ ਹੈ ਕਿ ਬਾਹਰ ਨਿਕਲ ਦੁਸ਼ਮਣ ਦੀ ਫੌਜ ਨਾਲ ਸਿੱਧੀ ਟਕਰ ਲੈ, ਸ਼ਹੀਦ ਹੋਇਆ ਜਾਏ। ਇਸ ਸਮੇਂ ਕੁਝ ਸਿਆਣੇ ਸਿੱਖਾਂ ਨੇ ਸਲਾਹ ਦਿੱਤੀ ਕਿ ਇਸਤਰ੍ਹਾਂ ਇਕ ਦੰਮ ਬਾਹਰ ਨਿਕਲ ਦੁਸ਼ਮਣ ਫੌਜ ਨਾਲ ਲੜਨਾ ਠੀਕ ਨਹੀਂ ਹੋਵੇਗਾ। ਚੰਗਾ ਇਹੀ ਹੈ ਕਿ ਲੁਕਿਆਂ ਬੈਠਿਆ ਹੀ ਰਿਹਾ ਜਾਏ,, ਜਦੋਂ ਵੀ ਦੁਸ਼ਮਣ ਦੇ ਫੌਜੀ ਉਨ੍ਹਾਂ ਦੀ ਭਾਲ ਲਈ ਜੰਗਲ ਵਿੱਚ ਵੜਨ ਉਨ੍ਹਾਂ ਨਾਲ ਦੋ-ਦੋ ਹੱਥ ਕਰ ਲਏ ਜਾਣ।

ਇਸਦੇ ਨਾਲ ਹੀ ਇਹ ਸਲਾਹ ਵੀ ਕੀਤੀ ਗਈ ਕਿ ਲੁਕ-ਛਿਪ ਬਸੌਲੀ ਦੀਆਂ ਪਹਾੜੀਆਂ ਵਲ ਨਿਕਲ ਲਿਆ ਜਾਏ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਇਨ੍ਹਾਂ ਪਹਾੜੀਆਂ ਵਿੱਚ ਹਿੰਦੂਆਂ ਦੀ ਸੰਘਣੀ ਵਸੋਂ ਹੋਣ ਕਾਰਣ ਉਨ੍ਹਾਂ ਨੂੰ ਉਥੇ ਪਨਾਹ ਮਿਲ ਸਕੇਗੀ। ਪ੍ਰੰਤੂ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਸਿੱਖਾਂ ਨੂੰ ਪਨਾਹ ਨਾ ਦੇਣ ਦੀਆਂ ਲਖਪਤ ਰਾਇ ਦੀਆਂ ਹਿਦਾਇਤਾਂ ਦੇ ਨਾਲ ਉਨ੍ਹਾਂ ਦਾ ਸੁਆਗਤ ਕਰਨ ਲਈ ਫੌਜਾਂ ਉਥੇ ਪਹਿਲਾਂ ਹੀ ਪੁਜ ਚੁਕੀਆਂ ਹੋਈਆਂ ਸਨ। ਜਿਸ ਕਾਰਣ ਜਿਉਂ ਹੀ ਸਿੱਖ ਉਥੇ ਪੁਜੇ ਫੌਜਾਂ ਅਤੇ ਸਥਾਨਕ ਲੋਕਾਂ ਵਲੋਂ ਗੋਲੀਆਂ ਤੇ ਪੱਥਰਾਂ ਨਾਲ ਉਨ੍ਹਾਂ ਦਾ ਸੁਆਗਤ ਹੋਇਆ।

ਜਦੋਂ ਸਿੱਖਾਂ ਨੇ ਇਹ ਹਾਲਤ ਵੇਖੀ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਉਹ ਹੁਣ ਚਹੁੰ ਪਾਸਿਆਂ ਤੋਂ ਹੀ ਘਿਰ ਗਏ ਹੋਏ ਹਨ। ਇੱਕ ਪਾਸੇ ਰਾਵੀ ਦਾ ਤੇਜ਼ ਵਹਾ ਉਨ੍ਹਾਂ ਦਾ ਰਾਹ ਰੋਕੀ ਬੈਠਾ ਹੈ, ਉਨ੍ਹਾਂ ਦੇ ਅਗੇ-ਪਿਛੇ ਦੁਸ਼ਮਣ ਦੀਆਂ ਫੌਜਾ ਡਟੀਆਂ ਹੋਈਆਂ ਹਨ ਅਤੇ ਸਾਹਮਣੇ ਪਹਾੜੀ ਤੋਂ ਗੋਲੀਆਂ ਤੇ ਪੱਥਰਾਂ ਦੀ ਵਰਖਾ ਹੋ ਰਹੀ ਹੈ। ਉਨ੍ਹਾਂ ਪਾਸ ਨਾ ਤਾਂ ਖਾਣ-ਪੀਣ ਲਈ ਕਝ ਸੀ ਤੇ ਨਾ ਹੀ ਹਥਿਆਰ ਤੇ ਬਾਰੂਦ, ਤੀਰਾਂ ਦੇ ਭੱਥੇ ਵੀ ਖਾਲੀ ਹੋ ਚੁਕੇ ਸਨ। ਘੋੜੇ ਤਾਂ ਪਹਿਲਾਂ ਹੀ ਸਾਹ-ਸੱਤ-ਹੀਣ ਹੋ ਚੁਕੇ ਸਨ। ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿੱਚ : 'ਨਹਿ ਡੇਰੋ ਸਿੰਘ ਕਰਨਾ ਮਿਲੈ । ਕਹੂੰ ਰਾਤ, ਕਹੂੰ ਦਿਨ ਹੂੰ ਚਲੈ । ਨਹਿੰ ਸਿੰਘਨ ਕਛ ਰਹਿਓ ਪਲੈ ।੩ ਗੋਲੀ ਦਾਰੂ ਕਹੂੰ ਪਹੁੰਚੇ ਨਾਹੀ । ਕਾ ਸਿੰਘ ਸੁ ਕਰੇ ਲਰਾਈ। ੩ ਆਟਾ ਦਾਣਾ ਨਹੀ ਕਿਆ ਪਾਵੈ । ਪਾਣੀ ਵੀ ਤਹਿ ਹੱਥ ਨਾ ਆਵੈ'।

ਆਖਰ ਸਿੱਖਾਂ ਨੇ ਫੈਸਲਾ ਕੀਤਾ ਕਿ ਇੱਕ ਜੱਥਾ ਪਹਾੜੀਆਂ ਵਲ ਵਧੇ, ਦੂਸਰਾ ਕਿਸੇ ਤਰ੍ਹਾਂ ਰਾਵੀ ਪਾਰ ਕਰੇ, ਤੀਜਾ ਲਖਪਤ ਰਾਇ ਦੀਆਂ ਫੌਜਾਂ ਦਾ ਟਾਕਰਾ ਕਰੇ। ਇਸ ਫੈਸਲੇ ਅਨੁਸਾਰ ਕੁਝ ਸਿੰਘ ਪਹਾੜੀਆਂ ਤੇ ਚੜ੍ਹ ਗਏ, ਰਾਵੀ ਤੇਜ਼ ਵਹਾ ਦਾ ਅੰਦਾਜ਼ਾ ਲਾਣ ਲਈ ਪਹਿਲਾਂ ਸਰਦਾਰ ਗੁਰਦਿਆਲ ਸਿੰਘ ਡਲੇ-ਵਾਲੀਆ ਅਤੇ ਉਸਦੇ ਭਰਾ ਨੇ ਅਪਣੇ ਘੋੜੇ ਰਾਵੀ ਵਿੱਚ ਠੇਲ੍ਹੇ। ਪਰ ਉਹ ਲਹਿਰਾਂ ਦੇ ਤੇਜ਼ ਵਹਾ ਦਾ ਸਾਹਮਣਾ ਨਾ ਕਰ ਸਕੇ। ਜਿਸ ਕਾਰਣ ਹੋਰ ਕਿਸੇ ਨੇ ਰਾਵੀ ਪਾਰ ਕਰਨ ਬਾਰੇ ਸੋਚਣਾ ਵੀ ਮੁਨਾਸਬ ਨਾ ਸਮਝਿਆ ਤੇ ਉਹ ਪੈਦਲ ਚਲ ਹੀ ਪਹਾੜੀਆਂ ਪਾਰ ਕਰਨ ਤੁਰ ਪਏ। ਬਾਕੀ ਜੋ ਰਹਿ ਗਏ ਉਹ ਲਖਪਤ ਰਾਇ ਦੀਆਂ ਫੌਜਾਂ ਪੁਰ ਟੁੱਟ ਪਏ। ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਅਤੇ ਸਰਦਾਰ ਸੁਖਾ ਸਿੰਘ ਨੇ ਵੱਖ-ਵੱਖ ਮੋਰਚੇ ਸੰਭਾਲ ਲਏ। ਇਸ ਹਥੋ-ਹੱਥ ਲੜਾਈ ਦੌਰਾਨ ਇੱਕ ਮੌਕਾ ਅਜਿਹਾ ਵੀ ਆਇਆ, ਜਦੋਂ ਸਰਦਾਰ ਸੁਖਾ ਸਿੰਘ ਲਖਪਤ ਰਾਇ ਦਾ ਸਿਰ ਵਢਣ ਤਕ ਜਾ ਪੁਜਿਆ। ਪਰ ਅਚਾਨਕ ਹੀ ਤੋਪ ਦਾ ਇੱਕ ਗੋਲਾ ਉਸਦੇ ਘੋੜੇ ਨੂੰ ਆ ਵਜਾ ਜਿਸ ਨਾਲ ਉਸਦੀ ਲੱਤ ਜ਼ਖਮੀ ਹੋ ਗਈ ਤੇ ਉਸਨੂੰ ਪਿਛੇ ਹੱਟਣ ਤੇ ਮਜਬੂਰ ਹੋਣਾ ਪੈ ਗਿਆ। ਦੂਜੇ ਪਾਸੇ ਸਰਦਾਰ ਜੱਸਾ ਸਿੰਘ ਨੂੰ ਵੀ ਪੱਟ ਤੇ ਗੋਲੀ ਲਗੀ, ਉਸ ਫੱਟ ਨੂੰ ਬੰਨ੍ਹ ਮੁੜ ਮੋਰਚੇ ਤੇ ਡੱਟ ਗਿਆ।

ਨਵਾਬ ਕਪੂਰ ਸਿੰਘ ਤੇ ਵੀ ਮਾਰੂ ਹਮਲਾ ਹੋਇਆ, ਪਰ ਉਹ ਵੀ ਕਿਸੇ ਤਰ੍ਹਾਂ ਬੱਚ ਗਿਆ। ਭਾਈ ਰਤਨ ਸਿੰਘ ਭੰਗੂ ਨੇ ਇਸ ਸਮੇਂ ਦੇ ਹਾਲਾਤ ਦਾ ਵਰਣਨ ਇਨ੍ਹਾਂ ਸ਼ਬਦਾਂ ਵਿੱਚ ਕੀਤਾ: 'ਕੇਹਰਿ ਜਿਉਂ ਭਭਕਾਰ ਇਤ ਉਤ ਸਿੰਘ ਪਰੈ ਦਸ ਬੀਸ ਕਦਾਂਈ । ਸਿੰਘ ਸ਼ਹੀਦ ਚਹੈ ਸਭ ਹੋਵਨ, ਤੁਰਕ ਲਰੈ ਨਿਜ ਜਾਨ ਬਚਾਈ'।

ਆਖਰ ਫੈਸਲਾ ਹੋਇਆ ਕਿ ਇਸ ਸਮੇਂ ਦੁਸ਼ਮਣ ਦਾ ਮੁਕਾਬਲਾ ਕਰਨਾ ਸਹਿਜ ਨਹੀਂ, ਇਸ ਕਾਰਣ ਸਾਰਿਆਂ ਨੂੰ ਖਿੰਡ-ਪੁੰਡ ਜਾਣਾ ਚਾਹੀਦਾ ਹੈ। 'ਮੁੜ ਮੁੜ ਲੜੋ ਔ ਤੁਰਦੇ ਜਵੋ । ਘੋਰ ਵੱਡਾ ਕੋ ਝਲ ਤਕਾਵੋ'।

ਇਸਤਰ੍ਹਾਂ ਸਿੱਖ ਦੁਸ਼ਮਣ ਨਾਲ ਜੂਝਦੇ, ਮਰਦੇ-ਮਾਰਦੇ ਸ਼ਹੀਦ ਹੁੰਦੇ ਗਏ। ਜੋ ਬਚੇ ਰਾਵੀ ਦੇ ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰ ਰੇਤਲੇ ਮੈਦਾਨਾਂ ਵਲ ਨਿਕਲ ਗਏ। ਪੰਥ ਪ੍ਰਕਾਸ਼ ਦੇ ਲੇਖਕ ਦੇ ਸ਼ਬਦਾਂ ਵਿੱਚ ਸਿੱਖਾਂ ਦੀ ਦਸ਼ਾ ਅਜਿਹੀ ਹੋ ਗਈ ਸੀ ਕਿ : 'ਬੇਟਾ ਮਿਲਯੋ ਨਾ ਬਾਪ ਕੋ । ਭਾਈ ਮਿਲਿਯੋ ਨਾ ਭਾਈ'।

ਲਖਪਤ ਰਾਇ ਸਿੱਖਾਂ ਦਾ ਪਿਛਾ ਕਰਦਾ ਰਿਹਾ। ਇੱਕ ਅਨੁਮਾਨ ਅਨੁਸਾਰ ਇਸ ਸੰਘਰਸ਼ ਵਿੱਚ ਸਿੰਘਾਂ ਦੇ ਸ਼ਹੀਦ ਹੋਣ ਦੀ ਗਿਣਤੀ ਵੱਖ-ਵੱਖ ਲੇਖਕਾਂ ਵਲੋਂ 30 ਤੋਂ 40 ਹਜ਼ਾਰ ਤਕ ਦਸੀ ਜਾਂਦੀ ਹੈ, ਪ੍ਰੰਤੂ ਬਹੁਤੇ ਲੇਖਕਾਂ ਨੇ ਇਸ ਘਲੂਘਾਰੇ ਵਿੱਚ ਲਗਭਗ 10 ਹਜ਼ਾਰ ਸਿੰਘਾਂ ਦਾ ਸ਼ਹੀਦ ਹੋਣਾ ਸਵੀਕਾਰਿਆ ਹੈ। ਸਿੱਖ ਇਤਿਹਾਸ ਵਿੱਚ ਇਸਨੂੰ ਕਾਂਡ ਨੂੰ ਪਹਿਲੇ ਤੇ ਛੋਟੇ ਘਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਜੋ ਸੰਨ 1746 ਵਿੱਚ ਪਹਿਲੀ ਜੂਨ ਤੋਂ 30 ਜੂਨ ਦੇ ਵਿਚਕਾਰ ਵਾਪਰਿਆ । ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿੱਚ :

'ਭਯੋ ਘਲੂਘਾਰਾ ਭਾਰਾ ਕਹਿਰ ਕਹਾਰਾ।
ਤਹਿ ਜੂੰਝੇਂਗੇ ਹਜ਼ਾਰਾ ਸਿੰਘ ਤੁਰਕਨ ਕੋ ਘਾਇਕੇ।
ਯਾ ਬਿਧ ਕਰਤ ਜੰਗ ਲਰਤ ਭਿਰਤ ।
ਸਿੰਘ ਮਾਰਤ ਬਹੁ ਹੂਲ ਹਾਲ ਪਾਇਕੈ ।
ਦਹੂੰ ਦਿਸ਼ ਤੁਰਕ ਪਹਾੜੀਏ ਲਰਤ ਜਾਹਿ ਮੱਧ ।
ਦਲ ਸਿੰਘਨ ਕਾ ਚਲਯੋ ਤਬ ਧਾਇਕੈ ।
ਯਾ ਬਿਧ ਲਰਤ ਗਏ ਲਾਗ ਦੋਇ ਤੀਨ ਕੋਸ ।
ਸੂਰਜ ਅਥੈ ਯੋ ਛਯੋ ਅੰਧਕਾਰ ਆਇਕੈ।

ਮੰਨੋ ਭਾਵੇਂ ਨਾ, ਇਸ ਦੇਸ਼ ਵਿੱਚ ਕਰੋੜਪਤੀ ਵੀ ਗਰੀਬ ਨੇ!

ਭਾਰਤ ਸਰਕਾਰ ਵਲੋਂ 'ਆਯੁਸ਼ਮਾਨ ਭਾਰਤ' ਯੋਜਨਾ ਅਧੀਨ ਪ੍ਰਧਾਨ ਮੰਤ੍ਰੀ ਰਾਸ਼ਟਰੀ ਸਿਹਤ ਸੁਰਖਿਆ ਮਿਸ਼ਨ ਅਧੀਨ ਬੇਘਰਾਂ, ਬੇਸਹਾਰਿਆਂ, ਅਪਾਹਜਾਂ, ਭੂਮੀਹੀਨਾਂ, ਮਜ਼ਦੂਰਾਂ, ਗਰੀਬਾਂ, ਅਨੁਸੂਚਿਤ ਜਾਤੀ, ਜਨਜਾਤੀ ਅਤੇ ਘਟ ਆਮਦਨ ਵਰਗ ਆਦਿ ਨਾਲ ਸੰਬੰਧਤ ਅਜਿਹੇ ਪਰਿਵਾਰਾਂ, ਜਿਨ੍ਹਾਂ ਦੇ ਨਾਂ ਸਮਾਜਕ ਆਰਥਕ ਜਾਤੀ ਜਨਗਣਨਾ-2011 ਦੀ ਸੂਚੀ ਵਿੱਚ ਦਰਜ ਕੀਤੇ ਗਏ ਹਨ, ਉਨ੍ਹਾਂ ਨੂੰ ਇਸ ਯੋਜਨਾ ਦਾ ਲਾਭ ਦਿੱਤਾ ਜਾਂਦਾ ਹੈ। ਇਸ ਯੋਜਨਾ ਅਧੀਨ ਦੇ ਦਰਜ ਪਰਿਵਾਰਾਂ ਨੂੰ ਸੂਚੀਬੱਧ ਹਸਪਤਾਲਾਂ ਵਿੱਚ ਪੰਜ ਲੱਖ ਰੁਪਏ ਤਕ ਦੇ ਮੁਫਤ ਇਲਾਜ ਦੀ ਸਹੂਲਤ ਉਪਲਬੱਧ ਕਰਵਾਈ ਜਾਂਦੀ ਹੈ। ਦਸਿਆ ਗਿਆ ਹੈ ਕਿ ਇਨ੍ਹਾਂ ਦਿਨਾਂ ਵਿੱਚ ਜਦੋਂ ਸਿਹਤ ਵਿਭਾਗ ਦੀ ਟੀਮ ਸਮਾਜਕ ਆਰਥਕ ਜਾਤੀ ਜਨਗਣਨਾ-2011 ਦੀ ਸੂਚੀ ਵਿੱਚ ਦਰਜ ਕੀਤੇ ਗਏ ਪਰਿਵਾਰਾਂ ਦੀ ਪਛਾਣ ਕਰਨ ਲਈ ਗਾਜ਼ੀਆਬਾਦ ਦੀ ਇੰਦ੍ਰਾਪੁਰਮ ਕਾਲੋਨੀ ਵਿੱਚ ਪੁਜੀ, ਤਾਂ ਉਸਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਇਸ ਪਾਸ਼ ਇਲਾਕੇ ਵਿੱਚ ਬਣੀ ਸ਼ਿਪਰਾ ਸਨਸਿਟੀ ਸਮੇਤ ਸ਼ਹਿਰ ਦੇ ਦੂਸਰੇ ਪਾਸ਼ ਇਲਾਕਿਆਂ ਦੇ ਮਹਿੰਗੇ ਫਲੈਟਸ ਵਿੱਚ ਰਹਿਣ ਵਾਲਿਆਂ ਦੇ ਨਾਂ ਵੀ ਇਸ ਸੂਚੀ ਵਿੱਚ ਸ਼ਾਮਲ ਹਨ। ਇਤਨਾ ਹੀ ਨਹੀਂ, ਉਨ੍ਹਾਂ ਨੂੰ ਇਹ ਵੀ ਪਤਾ ਚਲਿਆ ਕਿ ਲੱਖਾਂ ਰੁਪਏ ਤਨਖਾਹ ਲੈਣ ਵਾਲਿਆਂ ਤੋਂ ਲੈ ਕੇ ਰੀਅਲ ਅਸਟੇਟ ਕਾਰੋਬਾਰੀਆਂ ਤਕ ਦੇ ਨਾਂ ਵੀ ਇਸ ਸੂਚੀ ਵਿੱਚ ਸ਼ਾਮਲ ਹਨ। ਗਰੀਬ ਪਰਿਵਾਰਾਂ ਦੀ ਸੂਚੀ ਵਿੱਚ ਇਨ੍ਹਾਂ ਕਰੋੜਪਤੀਆਂ ਦੇ ਨਾਂ ਵੇਖ ਸਿਹਤ ਵਿਭਾਗ ਦੀ ਟੀਮ ਹੈਰਾਨ ਹੋ ਕੇ ਰਹਿ ਗਈ।

ਬਜ਼ੁਰਗ ਸ਼ੋਸ਼ਣ ਦਾ ਸ਼ਿਕਾਰ : ਦੇਸ਼ ਵਿਚ ਬਜ਼ੁਰਗਾਂ ਲਈ ਕੰਮ ਕਰ ਰਹੀ ਸੰਸਥਾ, ਏਜਵੇਲ ਰਿਸਰਚ ਐਂਡ ਐਡਵੋਕੇਸੀ ਸੇਂਟਰ ਨੇ ਸੰਯੁਕਤ ਰਾਸ਼ਟਰ ਲਈ ਕੀਤੇ ਗਏ ਸਰਵੇ ਵਿੱਚ ਦਸਿਆ ਹੈ ਕਿ ਦੇਸ਼ ਵਿੱਚ 52.4 ਪ੍ਰਤੀਸ਼ਤ ਬਜ਼ੁਰਗਾਂ ਦਾ ਸ਼ੋਸ਼ਣ ਹੁੰਦਾ ਹੈ ਅਤੇ ਉਨ੍ਹਾਂ ਨਾਲ ਗਾਲੀ-ਗਲੋਚ ਹੀ ਨਹੀਂ, ਮਾਰਕੁਟ ਵੀ ਕੀਤੀ ਜਾਂਦੀ ਹੈ। ਸਰਵੇ ਰਿਪੋਰਟ ਅਨੁਸਾਰ ਵਧੇਰੇ ਬਜ਼ੁਰਗ ਵਧਦੀ ਉਮਰ ਕਾਰਣ ਹਾਲਾਤ ਨਾਲ ਸਮਝੌਤਾ ਕਰਨ ਲਈ ਮਜਬੂਰ ਹੋ ਜਾਂਦੇ ਹਨ। ਸੰਸਥਾ ਨੇ ਆਪਣੀ ਇਸ ਰਿਪੋਰਟ ਵਿੱਚ ਬਜ਼ੁਰਗਾਂ ਨੂੰ ਆਰਥਕ ਰੂਪ ਵਿੱਚ ਆਤਮ-ਨਿਰਭਰ ਬਣਾਏ ਜਾਣ ਪੁਰ ਜ਼ੋਰ ਦਿੱਤਾ, ਤਾਂ ਜੋ ਉਨ੍ਹਾਂ ਨੂੰ ਨਿਜੀ ਜ਼ਰੂਰਤਾਂ ਆਪਣੇ ਹਿਸਾਬ ਨਾਲ ਪੂਰਿਆਂ ਕਰਨ ਵਿੱਚ ਅਸਾਨੀ ਹੋ ਸਕੇ। ਏਜਵੇਲ ਦੇ ਸੰਸਥਾਪਕ ਹਿਮਾਂਸ਼ੂ ਰਾਇ ਨੇ ਬਜ਼ੁਰਗਾਂ ਦੇ ਦੁਖਾਂ ਦਾ ਨਿਵਾਰਣ ਕਰਨ ਦੇ ਸੰਬੰਧ ਵਿੱਚ ਕਿਹਾ ਕਿ ਆਮ ਇਹ ਵੇਖਣ ਵਿੱਚ ਆਉਂਦਾ ਹੈ ਕਿ ਜਿਨ੍ਹਾਂ ਬਜ਼ੁਰਗਾਂ ਪਾਸ ਕਮਾਇਆ ਕਾਫੀ ਧਨ ਇਕਠਾ ਕੀਤਾ ਗਿਆ ਹੋਇਆ

ਸਾਧਨੋਂ ਵਿਹੀਣ ਲਾਚਾਰ ਬੇਟੀਆਂ ਅੰਬੇਸਡਰ ਨਹੀ ਤਾਂ ਉਮੀਦ ਦੀ ਕਿਰਨ ਤਾਂ ਹਨ ਹੀ

ਕੋਰੋਨਾ ਦੀ ਭਿਆਨਕ ਮਹਾਂਮਾਰੀ ਨੇ ਜਿੰਦਗੀ ਦੀ ਰਫਤਾਰ ਵਿੱਚ ਬਦਲ ਲਿਆਂਦਾ ਹੈ । ਲੋਕਾਈ ਦੇ ਭਲੇ ਲਈ ਅਰਦਾਸ ਅਤੇ ਹੌਸਲੇ ਦੀ ਗੱਲ ਕਰਦਿਆਂ ਪੂਰੀ ਦੁਨੀਆਂ ਦੀ ਮਾਨਸਿਕਤਾ ਵਿੱਚੋਂ ਅੰਗਰੇਜੀ ਦੇ ਸ਼ਬਦ ਹੋਪ (HOPE) ਭਾਵ ਉਮੀਦ ਨੂੰ ਮਨਫੀ ਕਰਕੇ ਇਸ ਕੁਦਰਤੀ ਜੰਗ ਨੂੰ ਜਿੱਤਿਆ ਨਹੀਂ ਜਾ ਸਕਦਾ । ਪੰਜਾਬ ਦਾ ਸਿੱਖਿਆ ਵਿਭਾਗ ਇਸ ਲਈ ਵਧਾਈ ਦਾ ਪਾਤਰ ਹੈ ਕਿ ਸਿੱਖਿਆ ਮੰਤਰੀ ਨੇ ਨਾਜੁਕ ਅਤੇ ਕੋਰੇ ਬਾਲ ਮਨਾਂ ਵਿੱਚ ਉਮੀਦ ਦੀ ਕਿਰਨ ਨੂੰ ਜਗਾਉਣ ਦਾ ਉਪਰਾਲਾ ਤਾਂ ਕੀਤਾ ਹੀ ਬਲਕਿ ਇਨਾਂ ਕੋਰੇ ਅਤੇ ਜਵਾਨ ਵਰਗ ਨੂੰ ਜਨਤਾ ਵਾਸਤੇ ਉਮੀਦ ਦਾ ਦੀਵਾ ਜਗਾਉਣ ਦੀ ਪੇਸ਼ਕਸ਼ ਕਰਦਿਆਂ "ਅੰਬੇਸ਼ਡਰ ਆਫ ਹੋਪ" ਬਨਣ ਦਾ ਸੱਦਾ ਦਿੱਤਾ ਹੈ । ਵਿਭਾਗ ਨੇ ਘਰਾਂ ਵਿੱਚ ਆਨ-ਲਾਈਨ ਪੜਾਈ ਕਰਦੇ ਬੱਚਿਆਂ ਨੂੰ "ਅੰਬੇਸਡਰ ਆਫ ਹੋਪ " ਬਨਣ ਲਈ ਆਪਣੇ ਘਰਾਂ ਵਿੱਚੋਂ ਉਮੀਦ ਦੀ ਕਿਰਨ ਵਿਸ਼ੇ ਤੇ ਵੱਖ-ਵੱਖ ਪੇਸ਼ਕਾਰੀਆਂ ਕਰਕੇ ਭੇਜਣ ਦਾ ਮੁਕਾਬਲਾ ਆਯੋਜਿਤ ਕਰਨ ਦਾ ਐਲਾਨ ਕੀਤਾ ਹੈ । ਇਸ ਵਿੱਚ ਇੱਕ ਖਾਸ ਸਮੇਂ ਦੀ ਕੋਈ ਵੀ ਪੇਸ਼ਕਾਰੀ ਸਿੱਖਿਆਂ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਨੂੰ ਭੇਜੀ ਜਾਣੀ ਹੈ । ਇਸ ਮੁਕਾਬਲੇ ਵਿੱਚ ਬੱਚਿਆਂ ਵੱਲੋਂ ਪੂਰੀ ਤਿਆਰੀ ਨਾਲ ਕੁੱਦਣਾ ਸ਼ੁਰੂ ਹੋ ਗਿਆ ਹੈ। ਮੁਕਾਬਲੇ ਵਿੱਚ ਦਰਜ ਕਰਵਾਈਆਂ ਪੇਸ਼ਕਾਰੀਆਂ ਵਿੱਚ ਜਿਆਦਾਤਰ ਪੇਸ਼ਕਾਰੀਆਂ ਸਾਧਨ ਸੰਪੰਨ ਘਰਾਂ ਦੇ ਬੱਚਿਆਂ

ਦੀਆਂ ਦੇਖਣ ਵਿੱਚ ਆ ਰਹੀਆਂ ਹਨ, ਜਿਹੜੀਆਂ ਮਖਮਲੀ ਗੱਦਿਆਂ ਤੇ ਜਾਂ ਘਰਾਂ ਵਿੱਚ ਬਣੇ ਖੁਲੇ ਪਾਰਕਾਂ ਵਿੱਚ ਕਿੱਤਾਕਾਰੀ ਤਰੀਕੇ ਨਾਲ ਤਿਆਰ ਕੀਤੀਆਂ ਗਈਆਂ ਹਨ । ਮਨ ਡਰਦਾ ਸੀ ਕਿ ਸਾਧਨੋਂ ਵਿਹੀਣ ਗਰੀਬੀ ਚ ਰੁਲਦੇ ਸਰਕਾਰੀ ਸਕੂਲਾਂ ਦੇ ਬੱਚੇ ਫਿਰ ਹਾਸ਼ੀਏ ਤੇ ਚਲੇ ਜਾਣਗੇ ਪਰ ਜਦੋਂ ਪੇਸ਼ਕਾਰੀਆਂ ਦੀ ਲੜੀ ਵਿੱਚ ਅਤਿ ਗਰੀਬ ਘਰਾਂ ਦੀਆਂ ਬੇਟੀਆਂ ਗਗਨਦੀਪ ਅਤੇ ਮਨਪ੍ਰੀਤ ਨੂੰ ਸੁਣਿਆ ਅਤੇ ਦੇਖਿਆ ਤਾਂ ਸਪੱਸ਼ਟ ਹੋ ਗਿਆ ਕਿ ਉਮੀਦ ਤੇ ਟੇਕ ਰੱਖਣਾ ਕਿਸੇ ਵਿਅਕਤੀ ਵਿਸ਼ੇਸ ਦਾ ਜਨਮ ਸਿੱਧ ਅਧਿਕਾਰ ਨਹੀਂ। ਮਨਪ੍ਰੀਤ ਕੌਰ ਮਾਨਸਾ ਜਿਲੇ ਦੇ ਪਿੰਡ ਰਿਓਂਦ ਕਲਾਂ ਦੇ ਦਿਹਾੜੀਦਾਰ ਦਲਿਤ ਸੁਖਦੇਵ ਸਿੰਘ ਅਤੇ ਗਗਨ ਫਰੀਦਕੋਟ ਜਿਲੇ ਦੇ ਪਿੰਡ ਢੁੱਡੀ ਦੇ ਗਰੀਬ ਦੁਕਾਨਦਾਰ ਗੁਰਵਿੰਦਰ ਸਿੰਘ ਦੀ ਬੇਟੀ ਹੈ । ਗਗਨ ਜਦੋਂ, "ਵੇਲਾ ਕਦੇ ਨੀਂ ਖੜੌਂਦਾ ਇਹ ਬੀਤਦੇ ਹੀ ਜਾਣਾ " ਅਤੇ ਮਨਪ੍ਰੀਤ "ਹੌਸਲਾ ਜੇ ਰੱਖਾਂਗੇ ਤਾਂ ਜਿਤਾਂਗੇ ਜਰੂਰ" ਗਾਉਂਦੀਆਂ ਹਨ ਤਾਂ ਲੱਗਦਾ ਹੈ ਕਿ ਉਮੀਦ ਤੋਂ ਬਿਨਾਂ ਵਾਕਈ ਜਿਉਣ ਲਈ ਕੁਛ ਹੁੰਦਾ ਹੀ ਨਹੀਂ । ਕੱਚੇ ਅਤੇ ਟੁੱਟੇ ਘਰਾਂ ਦੀਆਂ ਜਾਈਆਂ ਦੋਨੋਂ ਮਜਦੂਰਾਂ ਦੀਆਂ ਬੇਟੀਆਂ ਦੇ ਚਿਹਰਿਆਂ ਦੀ ਰੋਸ਼ਨੀ ਉਮੀਦ ਦੀ ਕਿਰਨ ਦੇ ਅਸਲੀ ਅਰਥ ਜਰੂਰ ਸਮਝ ਪੈ ਜਾਂਦੇ ਹਨ। ਕਿਸੇ ਸੰਗੀਤਕ ਸਾਜਾਂ ਤੋਂ ਸੱਖਣੀ ਮਨਪ੍ਰੀਤ ਅਤੇ ਡਫਲੀ ਦੀ ਤਾਲ ਤੇ ਗਾਉਂਦੀ ਗਗਨ ਦੋਨੋਂ ਉਮੀਦ ਦੀ ਰੋਸ਼ਨੀ ਰੁਸ਼ਨਾਉਂਦੀਆਂ ਇਹ ਕਹਿੰਦੀਆਂ ਲੱਗਦੀਆਂ ਹਨ ਕਿ ਸਾਧਨ ਵਿਹੂਣੇ ਉਹਨਾਂ ਦੇ ਤਬਕੇ ਦੀ ਪੂਰੀ ਜਿੰਦਗੀ ਉਮੀਦਾਂ ਸਹਾਰੇ ਹੀ ਤਾਂ ਖੜੀ ਹੁੰਦੀ ਹੈ, ਉਮੀਦਾਂ ਚਾਹੇ ਕੱਚੀਆਂ ਹੋਣ ਜਾਂ ਪੱਕੀਆਂ । ਮੁਕਾਬਲੇ ਦੇ ਨਤੀਜੇ ਚਾਹੇ ਜੋ ਵੀ ਹੋਣ ਇਸ ਹਥਿਆਰਾਂ ਦੇ ਜਮਾਨੇ ਦੀ ਜੰਗ ਵਿੱਚ ਬਿਨਾਂ ਹਥਿਆਰ ਕੁੱਦ ਕੇ ਇਨਾਂ ਬੇਟੀਆਂ ਨੇ ਉਮੀਦ ਦੀ ਪਹਿਲੀ ਜੰਗ ਤਾਂ ਜਿੱਤ ਹੀ ਲਈ ਹੈ।

ਡਾ. ਸੁਰਜੀਤ ਸਿੰਘ ਭਦੌੜ
91-98884-88060

ਕਾਲਾ ਸੰਘਿਆਂ ਵਾਲਾ ਕਬੱਡੀ ਦਾ ਬਾਬਾ ਬੋਹੜ ਭਲਵਾਨ ਮਹਿੰਦਰ ਮੌੜ ਸੰਸਾਰ ਤੋਂ ਫਾਨੀ

ਆਪਣੀ ਜਨਮ ਭੋਇੰ ਤੋਂ ਦੂਰ ਵਿਦੇਸ਼ਾਂ ਵਿੱਚ ਆਪਣੀ ਮਾਂ ਖੇਡ ਕਬੱਡੀ ਦਾ ਝੰਡਾ ਬਰਦਰਾਰ ਮਹਿੰਦਰ ਮੌੜ ਆਖਰ ਅੱਜ ਸੰਸਾਰ ਤੋਂ ਫਾਨੀ ਹੋ ਹੀ ਗਿਆ । ਜਿਊਂਣੇ ਮੌੜ ਤੋਂ ਮਿਲੇ ਆਪਣੇ ਸਰਨਾਮ ਨਾਲ ਮਹਿੰਦਰ ਸਿੰਘ ਮਹਿੰਦਰ ਮੌੜ ਨਾਲ ਮਸਹੂਰ ਹੋ ਗਿਆ । ਉੱਚੇ ਲੰਮੇ ਕਦ ਕਾਠ ਅਤੇ ਤਕੜੇ ਜੁੱਸੇ ਵਾਲੇ ਮਹਿੰਦਰ ਸਿੰਘ ਨੂੰ ਘਰ ਦਿਆਂ ਨੇ ਭਲਵਾਨ ਬਨਣ ਤੋਂ ਪਹਿਲਾਂ ਹੀ ਜਿਊਣਾ ਮੌੜ ਕਹਿਣਾ ਸ਼ੁਰੂ ਕਰ ਦਿੱਤਾ । ਜੋ ਬਾਅਦ ਵਿੱਚ ਮਹਿੰਦਰ ਮੌੜ ਹੀ ਬਣ ਗਿਆ । ਮਹਿੰਦਰ ਸਿੰਘ ਮੌੜ ਪਿਛਲੇ ਕੁਝ ਦਿਨਾਂ ਤੋਂ ਗੰਭੀਰ ਬਿਮਾਰੀ ਦੀ ਹਾਲਤ ਵਿੱਚ ਪੰਜਾਬ ਦੇ ਜਲੰਧਰ ਸ਼ਹਿਰ ਵਿੱਚ ਇੱਕ ਹਸਪਤਾਲ਼ ਵਿੱਚ ਜੇਰੇ ਇਲਾਜ ਸਨ । ਉਨਾਂ ਦੀ ਮ੍ਰਿਤਕ ਦੇਹ ਨੂੰ ਉਨਾਂ ਦੇ ਜੱਦੀ ਪਿੰਡ ਕਾਲਾ ਸੰਘਿਆਂ ਵਿਖੇ ਰੱਖਿਆ ਗਿਆ ਹੈ । ਕਬੱਡੀ ਦੇ ਬਾਬਾ ਬੋਹੜ ਵਜੋਂ ਜਾਣਿਆ ਜਾਣ ਵਾਲਾ ਕਾਲਾ ਸੰਘਿਆਂ ਵਾਲਾ ਇਹ ਪਹਿਲਵਾਨ ਮੌੜ ਕਬੱਡੀ ਜਗਤ ਦਾ ਧਰੂ ਤਾਰਾ ਰਹੇਗਾ। ਮਹਿੰਦਰ ਮੌੜ ਦੀ ਮੌਤ ਇਸ ਲਈ ਵੀ ਝਟਕੇ ਵਜੋਂ ਆਈ ਕਿਉਂਕਿ ਲਾਕਡਾਊਨ ਵਿੱਚ ਫਸਿਆ ਪੰਜਾਬੀ ਖੇਡ ਜਗਤ ਹਾਲੇ ਚਾਰ ਦਿਨ ਪਹਿਲਾਂ ਦਿਨ ਦਿਹਾੜੇ ਕਤਲ ਕੀਤੇ ਕਬੱਡੀ ਖਿਡਾਰੀ ਅਰਵਿੰਦਰ ਭਲਵਾਨ ਦੇ ਸੋਗ ਤੋਂ ਬਾਹਰ ਨਹੀਂ ਸੀ ਆਇਆ । ਦੱਸਣਯੋਗ ਹੈ ਕਿ ਦੂਜੀ ਵਿਸ਼ਵ ਜੰਗ ਤੋਂ ਬਾਅਦ ਸਿੰਗਾਪੁਰ ਵਿੱਚ ਕੁਝ ਸਮਾਂ ਬਿਤਾ ਕੇ ਸੰਨ 1959 ਇੰਗਲੈਂਡ ਰੋਟੀ ਕਮਾਉਣ ਲਈ ਮਹਿੰਦਰ ਸਿੰਘ ਇੰਗਲੈਂਡ ਪਹੁੰਚ ਗਿਆ । ਉਹਦਾ ਘਰ ਤਾਂ ਉਸਦੀ ਕਰਮ ਭੂਮੀ ਇੰਗਲੈਂਡ ਵਿੱਚ ਚਾਹੇ ਸਥਾਪਿਤ ਹੋ ਗਿਆ ਪਰ ਉਹਦੇ ਦਿਮਾਗ ਚ ਕਬੱਡੀ ਪ੍ਰੇਮ ਇਸ ਕਦਰ ਤਰਥੱਲੀ ਮਚਾਉਂਦਾ ਰਹੇਗਾ, ਇਸਦਾ ਤਾਂ ਉਹਨੂੰ ਵੀ ਸਾਇਦ ਪਤਾ ਨਹੀਂ ਹੋਵੇਗਾ । ਪੇਟ ਲਈ ਕੰਮ ਕਰਦੇ ਕਰਦੇ ਮੌੜ ਨੇ ਕਬੱਡੀ ਨੂੰ ਇਸ ਕਦਰ ਅਪਣਾ ਲਿਆ ਕਿ ਉਹ ਮਾਂ ਖੇਡ ਦਾ ਬਾਬਾ ਬੋਹੜ ਬਣ ਗਿਆ । ਮਹੱਤਵਪੂਰਣ ਗੱਲ ਤਾਂ ਇਹ ਹੈ ਕਿ ਪੜਾਈ ਤੋਂ ਕੋਰੇ ਮਹਿੰਦਰ ਸਿੰਘ ਨੇ ਆਪਣੀ ਜਿੰਦਗੀ ਚ ਕਬੱਡੀ ਕਦੇ ਖੇਡੀ ਹੀ ਨਹੀਂ ਸੀ ਅਤੇ 16-17 ਸਾਲ ਦੀ ਉਮਰ ਤੋਂ ਕੁਸ਼ਤੀ ਦੇ ਪਿੜ ਵਿੱਚ ਵੱਡੇ ਵੱਡੇ ਭਲਵਾਨਾਂ ਦੇ ਛੱਕੇ ਛੁਡਾਉਂਦਾ ਮਹਿੰਦਰ ਮੌੜ ਕਬੱਡੀ ਜਗਤ ਦਾ ਨਾਮਵਰ ਹਸਤਾਖਰ ਬਣ ਗਿਆ । 8 ਜਨਵਰੀ 1931 ਨੂੰ ਕਪੂਰਥਲਾ ਜਿਲੇ ਦੇ ਪਿੰਡ ਕਾਲਾ ਸੰਘਿਆਂ ਚ ਜਨਮੇ ਮਹਿੰਦਰ ਮੌੜ ਦੇ ਮਾਂ ਖੇਡ ਕਬੱਡੀ ਦੇ ਇਸ ਮੁਕਾਮ ਤੇ ਪਹੁੰਚਣ ਪਿੱਛੇ ਉਸਦੀ ਨਿਰਸਵਾਰਥ ਕਮਾਈ ਹੈ, ਜਿਹੜੀ ਉਸ ਦੁਆਰਾ ਇੰਗਲੈਂਡ ਦੇ ਪਾਰਕਾਂ ਵਿੱਚ ਬੱਚਿਆਂ ਤੋਂ ਸ਼ੁਰੂ ਕਰਵਾ ਕੇ ਵਿਸ਼ਵ ਕਬੱਡੀ ਤੱਕ ਜਾਂਦੀ ਹੈ । ਕਿਸੇ ਦੀ ਸਹਾਇਤਾ ਤੋਂ ਸੱਖਣਾ ਇੰਗਲੈਂਡ ਚ ਆਪਣੀ ਪਹਿਲੀ ਰਾਤ ਵੁਲਵਹੈਂਪਟਨ ਦੇ ਸਟੇਸ਼ਨ ਤੇ ਕੱਟਣ ਵਾਲਾ ਮੌੜ ਬਾਅਦ ਵਿੱਚ ਕਬੱਡੀ ਨੂੰ ਪ੍ਰਫੁਲਿਤ ਕਰਨ ਦਾ ਬੀੜਆ ਚੁੱਕ ਬੈਠਾ ।ਇਨਾਂ ਜਨੂੰਨ ਕਿ ਕੰਮ ਤੋਂ ਘਰ ਜਾਕੇ ਵੈਨ ਵਿੱਚ ਮੁੰਡਿਆਂ ਨੂੰ ਘਰੋਂ ਚੁੱਕ ਕੇ ਮੈਦਾਨ ਚ ਪ੍ਰੈਕਟਿਸ ਕਰਵਾ ਕੇ ਵਾਪਸ ਘਰਾਂ ਚ ਛੱਡਣ ਦੀ ਸਾਲਾਂ ਬੱਧੀ ਡਿਊਟੀ ਕਰਦਾ ਰਿਹਾ । ਉਸਦੀ ਮਿਹਨਤ ਸਦਕਾ 1975 ਵਿੱਚ ਪੰਜਾਬ ਯੂਨਾਈਟਡ ਸਪੋਰਟਸ ਕਲੱਬ ਵੁਲਵਹੈਂਮਟਨ ਦੀ ਸਥਾਪਨਾ ਕਰ ਲਈ ਗਈ ਜਿਸ ਦੁਆਰਾ ਪੰਜਾਬ ਦੇ ਕਬੱਡੀ ਖਿਡਾਰੀਆਂ ਨੂੰ ਕਨੈਡਾ, ਅਮਰੀਕਾ, ਇੰਗਲੈਂਡ ਅਤੇ ਪਾਕਿਸਤਾਨ ਵਿੱਚ ਖੇਡਣ ਦਾ ਮੌਕਾ ਮਿਲਿਆ ।ਪੰਜਾਬ ਤੋਂ ਪਹਿਲੀ ਖੇਡਣ ਗਈ ਟੀਮ ਦੇ ਕੁਝ ਖਿਡਾਰੀ ਮੌੜ ਨੇ ਰੱਖ ਲਏ ਅਤੇ ਇੱਕ ਵਧੀਆ ਟੀਮ ਬਣਾ ਲਈ । ਇਸ ਟੀਮ ਵਿੱਚ ਸੁਰਜੀਤਸੈ-ਦੋਵਾਲ, ਬਿੰਦਰ ਘੱਲ ਕਲਾਂ ,ਜਸਵੀਰ ਘੁੱਗੀ, ਬਾਬਾ ਘੁਰਲੀ ਹੁਸ਼ਿਆਰਪੁਰ, ਪਰਮਜੀਤ ਲਾਖਾ ਆਦਿ ਖਿਡਾਰੀ ਸ਼ਾਮਲ ਸਨ । ਹਾਲ ਹੀ ਵਿੱਚ ਮਹਿੰਦਰ ਮੌੜ ਨੂੰ ਵਿਸ਼ਵ ਕਬੱਡੀ ਸੰਸਥਾ ਦਾ ਸਰਪ੍ਰਸਤ ਵੀ ਚੁਣਿਆ ਗਿਆ ਸੀ। ਕਬੱਡੀ ਜਦੋਂ ਸੰਸਥਾਵਾਂ ਦੇ ਸੰਗਠਤ ਢਾਂਚੇ ਰਾਹੀਂ ਪਸਰਦੀ ਗਈ ਤਾਂ ਪੰਜਾਬੀਆਂ ਨੇ ਇੰਗਲੈਂਡ ਦੇ ਵਿਦੇਸ਼ ਮੰਤਰਾਲੇ ਰਾਹੀਂ ਪੰਜਾਬ ਦੇ ਕਬੱਡੀ ਖਿਡਾਰੀਆਂ ਨੂੰ ਇੰਗਲੈਂਡ ਵਿੱਚ ਖੇਡਣ ਦੇ ਪਰਮਿਟ ਜਾਰੀ ਹੋਣ ਲੱਗ ਗਏ । ਇਹੀ ਮੌੜ ਦੀ ਮਿਹਨਤ ਦਾ ਰੰਗ ਸੀ । ਇਹ ਵੀ ਦੱਸਿਆ ਜਾਂਦਾ ਹੈ ਕਿ ਕਬੱਡੀ ਖਿਡਾਰੀਆਂ ਦੀ ਇੰਗਲੈਂਡ ਵਿੱਚ ਵਸਣ ਦੀ ਚਾਹਤ ਨੂੰ ਵੀ ਮਹਿੰਦਰ ਮੌੜ ਦੀਆਂ ਕੋਸ਼ਿਸਾਂ ਨੇ ਪੂਰਾ ਕੀਤਾ। ਇਸ ਕੰਮ ਲਈ ਉਹ ਇੰਗਲੈਂਡ ਦੇ ਪੱਕੇ ਵਸਨੀਕਾਂ ਨੂੰ ਆਪਣੀਆਂ ਬੇਟੀਆਂ ਦੀਆਂ ਸ਼ਾਦੀਆਂ ਕਬੱਡੀ ਖਿਡਾਰੀਆਂ ਨਾਲ ਕਰਵਾਉਣ ਲਈ ਮਨਾਉਣ ਵਿੱਚ ਕਾਮਯਾਬ ਰਿਹਾ, ਜਿਸਦਾ ਸਿੱਟਾ ਇੰਗਲੈਂਡ ਦੀ ਧਰਤੀ ਤੇ ਕਬੱਡੀ ਦਾ ਝੰਡਾ ਉੱਚਾ ਰਿਹਾ । ਕਬੱਡੀ ਖੇਡ ਨੂੰ ਉਤਸ਼ਾਹਤ ਕਰਨ ਲਈ ਮਹਿੰਦਰ ਮੌੜ ਨੇ 100 ਤੋਂ ਜਿਆਦਾ ਕਬੱਡੀ ਖਿਡਾਰੀਆਂ ਦੇ ਇੰਗਲੈਂਡ ਵਿੱਚ ਵਿਆਹ ਕਰਵਾਏ ਤਾਂ ਕਿ ਰੋਟੀ ਦੀ ਪੂਰਤੀ ਹੁੰਦਿਆਂ ਇਹ ਨੌਜਵਾਨ ਇਸ ਖੇਡ ਨਾਲ ਜੁੜੇ ਰਹਿਣ । ਪੰਜਾਬ ਦੇ ਧਰਤੀ ਤੋਂ ਨਾਮਵਾਰ ਕਬੱਡੀ ਖਿਡਾਰੀ ਵਿਸ਼ਵ ਕਬੱਡੀ ਜਗਤ ਦੀ ਝੋਲੀ ਪਾਉਣ ਵਾਲੇ ਮਹਿੰਦਰ ਮੌੜ ਦੀ ਵਿਸ਼ਵ ਕਬੱਡੀ ਦੇਣ ਨੂੰ ਕਬੱਡੀ ਜਗਤ ਸਿਜਦਾ ਕਰਦਾ ਰਹੇਗਾ।

- ਡਾ. ਸੁਰਜੀਤ ਸਿੰਘ ਭਦੌੜ
91-98884-88060

ਕਬੱਡੀ ਦੇ ਬਾਬਾ ਬੋਹੜ ਮਹਿੰਦਰ ਮੌੜ ਸਾਥੋਂ ਵਿਛੜ ਗਏ

ਅਜੇ ਸਮੁੱਚਾ ਕਬੱਡੀ ਜਗਤ ਨੌਜਵਾਨ ਤੇ ਹੋਣਹਾਰ ਕਬੱਡੀ ਖਿਡਾਰੀ ਅਰਵਿੰਦਰ ਭਲਵਾਨ ਦੇ ਇਕ ਪੁਲਿਸ ਵਾਲੇ ਵਲੋਂ ਕੀਤੇ ਵਹਿਸ਼ੀਆਨਾ ਕਤਲ ਦਾ ਸੋਗ ਹੀ ਮਨਾ ਰਿਹਾ ਸੀ ਕਿ ਅੱਜ 11 ਮਈ ਨੂੰ ਕਬੱਡੀ ਦੇ ਬਾਬਾ ਬੋਹੜ ਮਹਿੰਦਰ ਮੌੜ ਦੇ ਵਿਛੋੜਾ ਦੇ ਜਾਣ ਦੀ ਖਬਰ ਨੇ ਕਬੱਡੀ ਜਗਤ ਨੂੰ ਫਿਰ ਡੂੰਘੇ ਸਦਮੇ 'ਚ ਪਾ ਦਿੱਤਾ। ਅੱਜ ਜਦੋਂ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਦੇ ਗਰੁਪ ਵਿਚ ਅੰਕਲ ਸੁਰਜਨ ਸਿੰਘ ਚੱਠਾ ਦਾ ਮੌੜ ਅੰਕਲ ਦੇ ਜਹਾਨੋ ਰੁਖਸਤ ਹੋਣ ਦਾ ਗੱਚ ਭਰਿਆ ਸੁਨੇਹਾ ਸੁਣਿਆਂ ਤਾਂ ਲੱਗਿਆ ਕਿ ਜਿਵੇਂ ਰੱਬ ਨੇ ਸਾਥੋਂ ਕੋਈ ਕੀਮਤੀ ਸੁਗਾਤ ਖੋਹ ਲਈ ਹੋਵੇਂ ਸਾਰਾ ਕਬੱਡੀ ਜਗਤ ਵੀ ਇਹੀ ਮਹਿਸੂਸ ਕਰੇਗਾ ਕਿਉਂ ਕਿ ਕਬੱਡੀ ਦੇ ਉਸ ਦਰਵੇਸ਼ ਪਾਲਣਹਾਰ ਦੀ ਦੇਣ ਹੀ ਏਡੀ ਵੱਡੀ ਹੈ। ਅੱਜ ਚੜ੍ਹਦੇ ਸੂਰਜ ਹੀ ਮਾਂ ਖੇਡ ਕਬੱਡੀ ਦਾ ਇਹ ਬਾਬਾ ਬੋਹੜ ਖੇਡ ਕਬੱਡੀ ਤੇ ਲੱਖਾਂ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਨੂੰ ਆਪਣੀ ਸੰਘਣੀ ਛਾਂ ਤੋਂ ਸੱਖਣਾ ਕਰ ਗਿਆ। ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਰਹੇ ਮੌੜ ਬੀਤੇ ਕੁਝ ਦਿਨਾਂ ਤੋਂ ਜਲੰਧਰ ਦੇ ਇਕ ਹਸਪਾਲ ਵਿਚ ਜੇਰੇ ਇਲਾਜ ਸਨ ਪਰ ਹੁਣ ਕੁਝ ਦਿਨਾਂ ਤੋਂ ਭਤੀਜੇ ਜੀਤਾ ਮੌੜ ਤੇ ਹੋਰ ਸੱਜਣਾਂ ਦੀ ਦੇਖ ਰੇਖ ਅਧੀਨ ਸਨ।

ਉਹਨਾਂ ਦੇ ਭਤੀਜੇ ਤੇ ਅੰਤਰਾਸ਼ਟਰੀ ਕਬੱਡੀ ਖਿਡਾਰੀ ਜੀਤਾ ਮੌੜ ਨੇ ਦੱਸਿਆ ਕਿ ਮੌੜ ਸਾਹਿਬ ਦਾ ਅੰਤਿਮ ਸੰਸਕਾਰ ਨੂੰ ਅਜੇ ਕੁਝ ਦਿਨ ਲੱਗਣੇ ਕਿਉਂ ਕਿ ਉਨ੍ਹਾਂ ਦਾ ਪਰਿਵਾਰ ਅਜੇ ਇੰਗਲੈਂਡ ਵਿਚ ਹੈ। ਜਿਵੇਂ ਵੀ ਤੈਅ ਹੋਵੇਗਾ ਸ਼ੋਸ਼ਲ ਮੀਡੀਆ ਰਾਹੀਂ ਦੱਸਿਆ ਜਾਵੇਗਾ। ਕਬੱਡੀ ਨਾਲ ਜੁੜੇ ਹਰ ਖਿਡਾਰੀ ਤੇ ਵਿਆਕਤੀ ਨੂੰ ਜਦੋਂ ਵੀ ਕਬੱਡੀ ਦੇ ਬਾਬਾ ਬੋਹੜ ਮਹਿੰਦਰ ਮੌੜ ਦੇ ਤੁਰ ਜਾਣ ਦਾ ਪਤਾ ਲੱਗੇਗਾ ਤਾਂ ਉਸ ਅੱਗੇ ਬੀਤੇ ਸਮੇਂ ਦੀਆਂ ਯਾਦਾਂ ਦੀ ਇਕ ਫਿਲਮ ਜਰੂਰ ਚੱਲੇਗੀ। ਇੰਗਲੈਂਡ ਦੇ ਦੂਜੀ ਵਿਸ਼ਵ ਜੰਗ ਦੇ ਅਗਲੇ ਦਹਾਕੇ 50ਵਿਆਂ ਵਿਚ ਗੋਰਿਆਂ ਨੂੰ ਆਪਣੀ ਢਲਾਈ ਮਿੱਲਾਂ ਅਤੇ ਹੋਰ ਕਾਰਖਾਨੇ ਚਲਾਉਣ ਲਈ ਜਦੋਂ ਪੰਜਾਬ ਦੀ ਜਵਾਨੀ ਦੀ ਲੋੜ ਪਈ ਤਾਂ ਦੁਆਬੇ ਦੀ ਧਰਤੀ ਤੋਂ ਲੰਮੇ ਚੌੜੇ ਤੇ ਭਰਵੇਂ ਜੁੱਸਿਆਂ ਵਾਲੇ ਪੰਜਾਬੀ ਵਲੈਤ ਦੀ ਧਰਤੀ 'ਤੇ ਉਤਰਨ ਲੱਗੇ ਇਸ ਦੌਰ ਵਿਚ ਮਹਿੰਦਰ ਮੌੜ ਵੀ ਇਨਹਾਂ ਸਨਅਤੀ ਕਾਮਿਆਂ ਦੀ ਭੀੜ ਵਿਚ ਸ਼ਾਮਲ ਸੀ ਪਰ ਕਾਲਾ ਸੰਘਿਆ ਦੇ ਜੰਮਪਲਾਂ ਅੰਦਰ ਕਹਿੰਦੇ ਕਬੱਡੀ ਨਾਲ ਇਸ਼ਕ, ਜਿੰਦਾ ਦਿਲੀ ਅਤੇ ਖੇਡਾਂ ਦੀ ਪ੍ਰਫੁੱਲਤਾ ਲਈ ਆਪਣੀ ਹਿੰਡ ਪੁਗਾਉਣ ਦਾ ਮਾਦਾ ਵੀ ਰਿਹਾ ਹੈ।

ਜਦੋਂ ਪੰਜਾਬੀ ਪਰਿਵਾਰ ਵੀਕ ਐਂਡ 'ਤੇ ਇਕੱਠੇ ਹੁੰਦੇ ਤਾਂ ਚਾਅ ਪੂਰਨ ਲਈ ਕਬੱਡੀ ਖੇਡ ਲੈਂਦੇ ਜਿਸ ਵਿਚ ਵੱਡੇ ਅਤੇ ਛੋਟੀ ਉਮਰ ਦੇ ਬੱਚਿਆਂ ਦੇ ਗਰੁੱਪ ਬਣ ਜਾਂਦੇ। ਇਹੀ ਪਰਿਵਾਰਕ ਮਿਲਣੀਆਂ ਵਾਲੀ ਕਬੱਡੀ ਨੂੰ ਇਸੇ ਗੱਭਰੂ ਮਹਿੰਦਰ ਮੌੜ ਨੇ ਵਲੈਤ ਦੀਆਂ ਪਾਰਕਾਂ ਦਾ ਸ਼ਿੰਗਾਰ ਬਣਾਉਂਦਿਆਂ ਮੇਲਿਆਂ ਦਾ ਰੂਪ ਦਿੱਤਾ। 6ਵੇਂ ਦਹਾਕੇ ਚਾਅ ਪੂਰਦੀ ਕਬੱਡੀ ਖੇਡਦੇ ਖੇਡਦੇ ਪੰਜਾਬੀ 7ਵੇਂ ਦਹਾਕੇ ਤੱਕ ਸੰਗਠਤ ਤੇ ਸੰਸਥਾਗਤ ਕਬੱਡੀ ਵੱਲ ਰੁਚਿਤ ਹੋਏ। ਹੋਲੀ ਹੋਲੀ ਪੰਜਾਬੀਆਂ ਨੇ ਇੰਗਲੈਂਡ ਦੇ ਵਿਦੇਸ਼ ਵਿਭਾਗ ਯੂ.ਕੇ. ਬਾਰਡਰ ਏਜੰਸੀ ਨੂੰ ਹੋਂਦ ਵਿਚ ਆਈਆਂ ਕੁਝ ਕਲੱਬਾਂ ਵਲੋਂ ਪੰਜਾਬੋਂ ਖਿਡਾਰੀਆਂ ਨੂੰ ਇੰਗਲੈਂਡ ਬੁਲਾ ਕੇ ਖਿਡਾਉਣ ਦੇ ਪ੍ਰਮਿਟ ਮਨਜੂਰ ਕਰਵਾ ਕੇ ਬੁਲਾਉਣ ਲਈ ਸਹਿਮਤ ਕਰਵਾ ਲਿਆ। ਪੰਜਾਬ ਤੋਂ ਕਬੱਡੀ ਖਿਡਾਰੀਆਂ ਦੀ ਵਲੈਤ ਨੂੰ ਆਮਦ ਇਸੇ ਸਦਕਾ ਸੰਭਵ ਹੋਈ। ਫਿਰ ਖਿਡਾਰੀ ਵਲੈਤ ਦੀ ਧਰਤੀ 'ਤੇ ਹਮੇਸ਼ਾ ਰਹਿਣ ਦੀ ਚਾਹ ਵਿ

ਮਕਿਆਵੈਲੀ 'ਸਮਰਾਟ' ਸਤਕ

ਹਰਮੇਸ਼ ਜੱਸਲ
91-94644-83080

ਸਿਕੰਦਰ ਛੇਵੇਂ ਦੇ ਪੁੱਤਰ ਚਿਜਾਰੇ ਬਰੋਜਿਆ, ਜਿਸ ਨੂੰ ਆਮ ਤੌਰ 'ਤੇ ਡਿਯੂਕ ਵਾਲੈਨਤਾਵਿਨ ਵੀ ਕਿਹਾ ਜਾਂਦਾ ਹੈ, ਇਕ ਚੰਗੀ ਉਦਾਹਰਣ ਹੈ, ਜੇ ਇਹ ਸਾਰਾ ਕੁਝ ਸਿੱਖਣਾ ਹੋਵੇ:-

1. ਨਵੀਂ ਜਿੱਤੀ ਰਿਆਸਤ ਵਿਚ ਦੁਸ਼ਮਣਾਂ ਤੋਂ ਬਚ ਕੇ ਰਹਿਣਾ ਹੋਵੇ, ਮਿੱਤਰ ਬਣਾਉਣੇ ਹੋਣ, ਜਬਰਦਸਤੀ ਜਾਂ ਧੋਖੇ ਰਾਹੀਂ ਜਿੱਤ ਪ੍ਰਾਪਤ ਕਰਨੀ ਹੋਵੇ, ਲੋਕਾਂ ਵਿਚ ਆਪਣਾ ਪਿਆਰ ਜਾਂ ਰੋਹਬ ਵਧਾਉਣਾ ਹੋਵੇ, ਫੌਜੀਆਂ ਨੂੰ ਆਪਣੇ ਮਗਰ ਲਾਣ ਦੀ ਜਾਚ ਸਿੱਖਣੀ ਹੋਵੇ, ਨੁਕਸਾਨ ਪਹੁੰਚਾਉਣ ਵਾਲੇ ਸ਼ਤਰੂਆਂ ਦਾ ਨਾਸ਼ ਲੋੜੀਂਦਾ ਹੋਵੇ, ਪੁਰਾਣੇ ਰੀਤੀ-ਰਿਵਾਜਾਂ ਵਿਚ ਸੁਧਾਰ ਲਿਆਉਣਾ ਹੋਵੇ, ਸਖ਼ਤੀ ਕਰਦਿਆਂ ਹੋਇਆਂ ਦਿਆਲੂ ਹੋਣ ਦਾ ਤਰੀਕਾ ਸਿੱਖਣਾ ਹੋਵੇ, ਦਰਿਆ ਦਿਲ ਅਤੇ ਖੁੱਲ੍ਹੇ ਡੁੱਲ੍ਹੇ ਵਿਚਾਰਾਂ ਵਾਲਾ ਹੋ ਕੇ ਦੱਸਣਾ ਹੋਵੇ, ਪੁਰਾਣੀ ਫੌਜ ਦੀ ਥਾਂ ਨਵੀਂ ਫੌਜ ਸਿਰਜਣੀ ਹੋਵੇ, ਰਾਜਿਆਂ-ਮਹਾਰਾਜਿਆਂ ਨੂੰ ਆਪਣੇ ਹੱਥ ਵਿਚ ਇਵੇਂ ਰੱਖਣਾ ਹੋਵੇ ਕਿ ਉਸਦੇ ਪ੍ਰਤੀ ਬੁਰਾ ਕਰਨ ਤੋਂ ਡਰਨ ਅਤੇ ਸਦਾ ਭਲਾ ਕਰਨ ਦਾ ਸੋਚਣਾ ਹੋਵੇ।

2. (ਰਾਜਾ) ਨਵੀਆਂ ਸਮੱਸਿਆਵਾਂ ਆ ਜਾਣ ਤੇ ਸਮਾਂ ਤਾੜੂ ਨੀਤੀ ਦੀ ਵਰਤੋਂ ਕਰੇ।

3. ਜਦੋਂ ਤੱਕ ਰਾਜੇ ਵਿਚ ਕੋਈ ਵੱਡਾ ਐਬ ਨਾ ਆ ਜਾਵੇ, ਪਰਜਾ ਉਸਦੀ ਸ਼ੁਭਚਿੰਤਕ ਬਣੀ ਰਹਿੰਦੀ ਹੈ।

4. ਸਾਰੇ ਲੋਕ, ਜਿਹਨਾਂ ਨੂੰ ਤੁਹਾਡੀ ਜਿੱਤ ਰਾਹੀਂ ਨੁਕਸਾਨ ਪਹੁੰਚਦਾ ਹੈ, ਤੁਹਾਡੇ ਦੁਸ਼ਮਣ ਬਣ ਜਾਂਦੇ ਹਨ।

5. ਬਗਾਵਤ ਦੇ ਬਹਾਨੇ ਨਵਾਂ ਰਾਜਾ ਬਾਗੀਆਂ ਉੱਤੇ ਸਖ਼ਤੀ ਕਰ ਸਕਦਾ ਹੈ, ਸ਼ੈਤਾਨਾਂ ਨੂੰ ਠਿਕਾਣੇ ਲਾ ਸਕਦਾ ਹੈ।

6. ਨਵਾਂ ਰਾਜਾ ਆਪਣੀ ਰਿਹਾਇਸ਼ ਨਵੀਂ ਜਿੱਤੀ ਰਿਆਸਤ ਵਿਚ ਹੀ ਰੱਖੇ। ਇਸ ਤਰ੍ਹਾਂ ਸ਼ਾਸਨ ਦ੍ਰਿੜ੍ਹ ਅਤੇ ਚਿਰਕਾਲੀ ਹੋ ਸਕਦਾ ਹੈ। ਨੇੜੇ ਹੁੰਦੇ ਹੋਏ ਪੁੰਗਰਦੇ ਉਪਦ੍ਰਵਾਂ ਦਾ ਝੱਟ ਪਤਾ ਲੱਗ ਸਕਦਾ ਹੈ। ਜਿਉਂ ਹੀ ਉਪਦ੍ਰਵ ਉੱਠਣ ਉਹਨਾਂ ਨੂੰ ਖਤਮ ਕੀਤਾ ਜਾ ਸਕਦਾ ਹੈ। ਲੋਕਾਂ ਦੀ ਪਹੁੰਚ ਸਿੱਧੀ ਆਪਣੇ ਰਾਜੇ ਤੱਕ ਹੋਣ ਕਾਰਨ ਨਵਾਂ ਜਿੱਤਿਆ ਇਲਾਕਾ ਅਫਸਰਾਂ ਦੀ ਮਨਮਾਨੀ, ਲੁੱਟ-ਖਸੁੱਟ ਤੋਂ ਬਚ ਜਾਂਦਾ ਹੈ। ਪਰਜਾ ਆਪਣਾ ਦੁੱਖ-ਸੁਖ ਰਾਜੇ ਨੂੰ ਸੁਣਾ ਕੇ ਨਿਆਂ ਕਰਵਾ ਸਕਦੀ ਹੈ। ਇਸ ਤਰ੍ਹਾਂ ਰਾਜੇ ਪ੍ਰਤੀ ਲੋਕਾਂ ਦਾ ਪ੍ਰੇਮ ਅਤੇ ਸਦਭਾਵਨਾ ਬਣੀ ਰਹਿੰਦੀ ਹੈ। ਸੋ ਵਿਚ ਰਹਿੰਦੇ ਰਾਜੇ ਨੂੰ ਰਿਆਸਤ ਤੋਂ ਕੱਢਣਾ ਆਸਾਨ ਨਹੀਂ।

7. ਜੇ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਹੋਵੇ ਤਾਂ ਇੰਨਾ ਵੱਡਾ ਨੁਕਸਾਨ ਪਹੁੰਚਾਉਣਾ ਚਾਹੀਦਾ ਹੈ ਕਿ ਅਗਲਾ ਉੱਠ ਨਾ ਸਕੇ।

8. ਅਜਨਬੀ ਰਿਆਸਤ ਦੇ ਰਾਜੇ ਨੂੰ ਆਪਣੇ ਤੋਂ ਘੱਟ ਸ਼ਕਤੀ ਵਾਲਿਆਂ ਗੁਆਂਢੀਆਂ ਦਾ ਆਗੂ ਅਤੇ ਰਾਖਾ ਬਣ ਕੇ ਰਹਿਣਾ ਚਾਹੀਦਾ ਹੈ ਅਤੇ ਵੱਧ ਸ਼ਕਤੀ ਵਾਲੇ ਗੁਆਂਢੀਆਂ ਦੀ ਸ਼ਕਤੀ ਨੂੰ ਹਰ ਹੀਲੇ ਕਮਜ਼ੋਰ ਕਰਨਾ ਚਾਹੀਦਾ ਹੈ।

9. ਜਿਹੜਾ ਰਾਜਾ ਰਾਜ ਚਲਾਉਣ ਲਈ ਚਾਲੇ ਨਹੀਂ ਫੜਦਾ, ਉਹ ਜਿੱਤੀਆਂ ਹੋਈਆਂ ਰਿਆਸਤਾਂ ਵੀ ਗੁਆ ਬੈਠਦਾ ਹੈ ਜਾਂ ਜਿੰਨਾ ਚਿਰ ਵੀ ਰਾਜ ਕਰਦਾ ਹੈ, ਸੰਕਟਾਂ ਵਿਚ ਵੀ ਫਸਿਆ ਰਹਿੰਦਾ ਹੈ।

10. ਗੰਭੀਰ ਰੋਗ ਸ਼ੁਰੂ-ਸ਼ੁਰੂ ਵਿਚ ਤਾਂ ਹਕੀਮਾਂ ਦੇ ਕਾਬੂ ਆ ਸਕਦੇ ਹਨ, ਭਾਵੇਂ ਉਹਨਾਂ ਦੀਆਂ ਨਿਸ਼ਾਨੀਆਂ ਸਾਫ-ਸਾਫ ਪ੍ਰਗਟ ਨਾ ਵੀ ਹੋਣ ਪਰ ਸਮਾਂ ਪਾ ਕੇ ਇਹੀ ਰੋਗ ਨਿਸ਼ਾਨੀਆਂ ਪਤਾ ਲੱਗਣ ਉੱਤੇ ਵੀ ਠੀਕ ਨਹੀਂ ਹੋ ਸਕਦੇ। ਇਹ ਗੱਲ ਰਾਜਸੀ ਮਾਮਲਿਆਂ ਉੱਤੇ ਵੀ ਢੁੱਕਦੀ ਹੈ। ਲੰਮੀ ਸੂਝ ਵਾਲਾ ਰਾਜਾ ਭਵਿੱਖ ਦੇ ਸੰਕਟਾਂ ਨੂੰ ਛੇਤੀ ਹੀ ਭਾਂਪ ਲੈਂਦਾ ਹੈ ਅਤੇ ਉਹਨਾਂ ਦਾ ਇਲਾਜ ਵੀ ਛੇਤੀ ਹੀ ਹੋ ਜਾਂਦਾ ਹੈ।

11. ਲੜਾਈ ਕਦੀ ਵੀ ਪੂਰੀ ਤਰ੍ਹਾਂ ਟਾਲੀ ਨਹੀਂ ਜਾ ਸਕਦੀ, ਸਗੋਂ ਉਸ ਨੂੰ ਅਗਾਂਹ ਪਾਉਣ ਨਾਲ ਜੇ ਕਿਸੇ ਦਾ ਫਾਇਦਾ ਹੋ ਸਕਦਾ ਹੈ ਤਾਂ ਕੇਵਲ ਦੁਸ਼ਮਣ ਦਾ।

12. ਇਕ ਭੁੱਲ ਕਈਆਂ ਹੋਰ ਭੁੱਲਾਂ ਦਾ ਕਾਰਨ ਬਣ ਸਕਦੀ ਹੈ।

13. ਕਦੀ ਵੀ ਲੜਾਈ ਦੇ ਡਰ ਤੋਂ ਉਪੱਦਰਾਂ ਨੂੰ ਢਿੱਲ ਨਹੀਂ ਦੇਣੀ ਚਾਹੀਦੀ। ਇਸ ਤਰ੍ਹਾਂ ਲੜਾਈ ਤਾਂ ਰੁਕ ਨਹੀਂ ਸਕਦੀ ਸਗੋਂ ਦੇਰ ਕਰਨ ਨਾਲ ਤੁਸੀਂ ਆਪਣਾ ਨੁਕਸਾਨ ਭਾਵੇਂ ਕਰ ਲਵੋ।

14. ਜੇਕਰ ਕੋਈ ਕਿਸੇ ਹੋਰ ਦੀ ਤਾਕਤ ਵਧਾਉਂਦਾ ਹੈ, ਉਹ ਆਪਣੇ ਪੈਰ ਆਪ ਕੁਹਾੜਾ ਮਾਰਦਾ ਹੈ।

15. ਰਾਜੇ ਅਤੇ ਉਸਦੀ ਨੌਕਰਸ਼ਾਹੀ ਰਾਹੀਂ ਸ਼ਾਸਨ ਵਾਲੀ ਰਿਆਸਤ ਵਿਚ ਰਾਜੇ ਦੀ ਵਧੇਰੇ ਚਲਦੀ ਹੈ। ਰਿਆਸਤ ਵਿਚ ਉਹ ਸਭ ਕੁਝ ਆਪਣੇ-ਆਪ ਹੁੰਦਾ ਹੈ। ਜੇ ਨੌਕਰਸ਼ਾਹੀ ਦੀ ਚਲਦੀ ਵੀ ਹੈ ਤਾਂ ਕੇਵਲ ਰਾਜੇ ਦੇ ਨੁਮਾਇੰਦੇ ਹੋਣ ਦੇ ਨਾਤੇ।

16. ਜਿਹੜਾ ਵੀ ਕੋਈ (ਰਾਜਾ) ਕਿਸੇ ਸੁਤੰਤਰ ਸ਼ਹਿਰ ਦਾ ਹਾਕਮ ਬਣ ਕੇ ਸ਼ਹਿਰ ਨੂੰ ਮਲੀਆਮੇਟ ਨਹੀਂ ਕਰਦਾ, ਉਸਨੂੰ ਆਪ ਤਬਾਹ ਹੋਣ ਲਈ ਤਿਆਰ ਰਹਿਣਾ ਚਾਹੀਦਾ ਹੈ। ਸ਼ਹਿਰ ਦੇ ਵਾਸੀ ਆਜ਼ਾਦੀ ਜਾਂ ਪ੍ਰਾਚੀਨ ਪ੍ਰੰਪਰਾ ਦੇ ਨਾਂ ਉੱਤੇ ਬਗਾਵਤ ਦਾ ਕੋਈ ਨਾ ਕੋਈ ਬਹਾਨਾ ਲੱਭ ਹੀ ਲੈਂਦੇ ਹਨ।

17. ਆਮ ਤੌਰ ਤੇ ਲੋਕੀ ਪੁਰਾਣੀਆਂ ਲੀਹਾਂ ਉੱਤੇ ਤੁਰਦੇ ਹੋਏ, ਵੱਡਿਆਂ ਮਗਰ ਹੀ ਚਲਦੇ ਹਨ।

18. ਸ਼ਿਕਾਰੀ ਲੋਕ ਵੀ ਆਪਣੇ ਨਿਸ਼ਾਨੇ ਤੋਂ ਦੂਰ ਕਿਸੇ ਚੀਜ਼ ਦੀ ਸੇਧ ਰੱਖ ਕੇ ਤੀਰ ਚਲਾਉਂਦੇ ਹਨ ਤਾਂ ਜੋ ਤੀਰ ਠੀਕ ਨਿਸ਼ਾਨੇ ਉੱਤੇ ਲੱਗੇ।

19. ਇਕ ਆਮ ਮਨੁੱਖ ਤੋਂ ਰਾਜਾ ਬਣਨਾ ਤਦ ਹੀ ਸੰਭਵ ਹੈ, ਜਦਕਿ ਕਿਸੇ ਵਿਚ ਅਸਧਾਰਨ ਗੁਣ ਜਾਂ ਚੰਗੇ ਭਾਗ ਹੋਣ। ਫਿਰ ਵੀ ਚੰਗੇ ਭਾਗਾਂ ਦੀ ਬਜਾਏ ਨਿੱਜੀ ਲਿਆਕਤ ਰਾਹੀਂ ਬਣੇ ਰਾਜੇ ਆਪਣੇ ਆਪ ਨੂੰ ਵਧੇਰੇ ਸੰਭਾਲ ਸਕੇ ਹਨ।

20. ਲੋਕੀ ਸਬਿਰ ਸੁਭਾਅ ਦੇ ਨਹੀਂ ਹੁੰਦੇ। ਆਮ ਲੋਕਾਂ ਨੂੰ ਉਂਗਲੀ ਲਾ ਕੇ ਤੋਰਨਾ ਤਾਂ ਅਸਾਨ ਹੈ ਪਰ ਉਹਨਾਂ ਨੂੰ ਆਪਣੇ ਮਗਰ ਤੋਰੀ ਰੱਖਣਾ ਔਖਾ ਹੈ।

21. ਜਿਹੜੀਆਂ ਚੀਜ਼ਾਂ ਕਾਹਲੀ-ਕਾਹਲੀ ਆਰੰਭੀਆਂ ਜਾਂਦੀਆਂ ਹਨ, ਕਾਹਲੀ-ਕਾਹਲੀ ਵਧਦੀਆਂ ਹਨ, ਉਹਨਾਂ ਦੀਆਂ ਜੜ੍ਹਾਂ ਡੂੰਘੀਆਂ ਨਹੀਂ ਜਾਂਦੀਆਂ ਅਤੇ ਪਹਿਲੇ ਝੱਖੜ ਨਾਲ ਬਾਹਰ ਆ ਜਾਂਦੀਆਂ ਹਨ।

22. ਜਿਹੜਾ ਆਦਮੀ ਨੀਂਹਾਂ ਪੱਕੀਆਂ ਕਰਨ ਦਾ ਪਹਿਲਾਂ ਤੋਂ ਪ੍ਰਬੰਧ ਨਹੀਂ ਕਰਦਾ, ਉਹ ਭਾਵੇਂ ਮਗਰੋਂ ਆਪਣੀ ਲਿਆਕਤ ਰਾਹੀਂ ਰਾਜ ਦਾ ਮਹਿਲ ਉਸਾਰ ਵੀ ਲਵੇ, ਫਿਰ ਵੀ ਖ਼ਤਰੇ ਤੋਂ ਖਾਲੀ ਨਹੀਂ ਰਹਿ ਸਕਦਾ।

23. ਆਦਮੀ ਬਹੁਤ ਕਰਕੇ ਜਾਂ ਤਾਂ ਡਰ ਮਾਰੇ ਅਤੇ ਨਫ਼ਰਤ ਕਾਰਨ ਨੁਕਸਾਨ ਕਰਨ ਉੱਤੇ ਉਤਰ ਆਉਂਦਾ ਹੈ।

24. ਜਿਹੜੇ ਲੋਕ ਇਹ ਖ਼ਿਆਲ ਕਰਦੇ ਹਨ ਕਿ ਵੱਡੇ ਆਦਮੀ ਰਿਆਇਤਾਂ ਪ੍ਰਾਪਤ ਕਰਕੇ ਪੁਰਾਣੀਆਂ ਖਾਰਾਂ ਭੁਲਾ ਦਿੰਦੇ ਹਨ, ਉਹ ਵੱਡੀ ਭੁੱਲ ਦੇ ਸ਼ਿਕਾਰ ਹਨ।

25. ਰਾਜਾ ਬਣ ਕੇ ਰਾਜ ਨੂੰ ਕਾਇਮ ਰੱਖਣ ਲਈ, ਆਪਣੇ ਸ਼ਹਿਰੀ ਭਰਾਵਾਂ ਨੂੰ ਮਾਰ ਮੁਕਾਉਣਾ, ਮਿੱਤਰਾਂ ਨਾਲ ਧਰੋਅ, ਅਧਰਮ ਅਤੇ ਜ਼ੁਲਮ ਚੰਗਿਆਈ ਵਿਚ ਸ਼ਾਮਲ ਨਹੀਂ ਹਨ। ਹਥਕੰਡਿਆਂ ਰਾਹੀਂ ਤਾਕਤਵਰ ਹੋਣਾ ਵੀ ਕੋਈ ਵਡਿਆਈ ਨਹੀਂ।

26. ਕੋਈ ਆਪਣੀ ਤਾਕਤ ਨੂੰ ਮਜਬੂਤ ਕਰਨ ਲਈ ਇਕ ਵਾਰੀ ਹੀ ਰੱਜ ਕੇ ਅੱਤਿਆਚਾਰ ਕਰ ਲਵੇ ਤਾਂ ਜੋ ਵਾਰ-ਵਾਰ ਇੰਝ ਕਰਨ ਦੀ ਲੋੜ ਹੀ ਨਾ ਪਵੇ ਅਤੇ ਇਕ ਵਾਰੀ ਦੇ ਅੱਤਿਆਚਾਰ ਦੇ ਮਗਰੋਂ ਪਰਜਾ ਦੀ ਭਲਾਈ ਦੇ ਕੰਮਾਂ ਵੱਲ ਸ਼ਕਤੀ ਅਨੁਸਾਰ ਕਦਮ ਉਠਾ ਸਕੇ।

27. ਅੱਤਿਆਚਾਰ ਕਰਨਾ ਹੋਵੇ ਇਕ ਵਾਰੀ ਹੀ ਕਰਨਾ ਚਾਹੀਦਾ ਹੈ। ਭਲਾ ਕੰਮ ਹੌਲੀ-ਹੌਲੀ ਕਰਨਾ ਚਾਹੀਦਾ ਹੈ ਤਾਂ ਜੋ ਭਲਾਈ ਦਾ ਰਸ ਆਵੇ।

28. ਹਰ ਸ਼ਹਿਰ ਵਿਚ ਇਕ-ਦੂਜੇ ਦੇ ਵਿਰੋਧੀ ਧੜੇ ਮੌਜੂਦ ਹੁੰਦੇ ਹਨ। ਆਮ ਲੋਕਾਂ ਦੀ ਇੱਛਾ ਹੁੰਦੀ ਹੈ ਕਿ ਅਮੀਰਾਂ ਦੇ ਜ਼ੁਲਮ ਤੋਂ ਬਚੇ ਰਹਿਣ ਅਤੇ ਅਮੀਰਾਂ ਦੀ ਰੁਚੀ ਹੁੰਦੀ ਹੈ ਕਿ ਆਮ ਲੋਕਾਂ ਉੱਤੇ ਕਾਠੀ ਪਾਈ ਰੱਖਣ।

29. ਅਮੀਰ ਪਾਰਟੀ (ਲੋਕ) ਵੱਧ ਦੂਰਦਰਸ਼ੀ ਅਤੇ ਚਲਾਕ ਹੁੰਦੀ ਹੈ, ਉਹ ਵੇਲੇ ਸਿਰ ਆਪਣਾ ਬਚਾਅ ਕਰਕੇ ਜਿਸ ਪਾਰਟੀ ਦੇ ਜਿੱਤਣ ਦੀ ਆਸ ਹੋਵੇ, ਉਸ ਨਾਲ ਹੀ ਜਾ ਰਲਦੀ ਹੈ।

30. ਜਿਹੜੇ ਕਿਸੇ ਖਾਸ ਮਤਲਬ ਲਈ ਜਾਂ ਸਵਾਰਥ ਲਈ ਰਾਜੇ ਤੋਂ ਮੂੰਹ ਮੋੜੀ ਬੈਠੇ ਰਹਿੰਦੇ ਹੋਣ, ਉਹਨਾਂ ਤੋਂ ਰਾਜੇ ਨੂੰ ਬਚ ਕੇ ਰਹਿਣਾ ਚਾਹੀਦਾ ਹੈ। ਉਹ ਗੁੱਝੇ ਦੁਸ਼ਮਣ ਹਨ। ਉਹਨਾਂ ਨੂੰ ਰਾਜੇ ਦੇ ਹਿੱਤਾਂ ਦਾ ਇੰਨਾ ਖ਼ਿਆਲ ਨਹੀਂ ਹੁੰਦਾ, ਜਿੰਨਾ ਕਿ ਆਪਣੇ ਹਿੱਤਾਂ ਦਾ। ਭੀੜ ਪੈਣ ਉੱਤੇ ਉਹ ਰਾਜੇ ਦਾ ਸੱਤਿਅਨਾਸ ਕਰਕੇ ਰੱਖ ਦਿੰਦੇ ਹਨ।

31. ਆਮ ਤੌਰ 'ਤੇ ਕਿਸੇ ਰਾਜੇ ਦਾ ਸਧਾਰਨ ਰਾਜੇ ਤੋਂ ਡਿਕਟੇਟਰ ਬਣ ਜਾਣਾ ਰਾਜ ਲਈ ਖ਼ਤਰੇ ਤੋਂ ਖਾਲੀ ਨਹੀਂ।

32. ਸਿਆਣਾ ਰਾਜਾ ਉਹੀ ਕਿਹਾ ਜਾ ਸਕਦਾ ਹੈ, ਜਿਹੜਾ ਕਿ ਅਜਿਹੇ ਤਰੀਕੇ ਅਪਣਾਵੇ ਕਿ ਔਖੀ-ਸੌਖੀ ਹਰ ਘੜੀ, ਲੋਕਾਂ ਨੂੰ ਉਸਦੇ ਸ਼ਾਸਨ ਦੀ ਲੋੜ ਬਣੀ ਰਹੇ। ਫਿਰ ਲੋਕੀ ਸਦਾ ਉਸਦਾ ਪੱਖ ਪੂਰਨਗੇ।

33. ਦੁੱਖ-ਸੁੱਖ ਦਾ ਸਾਥੀ ਹੋਣਾ ਮਨੁੱਖੀ ਸੁਭਾਅ ਦਾ ਇਕ ਹਿੱਸਾ ਹੈ। ਕਿਸੇ ਨੂੰ ਲਾਭ ਪਹੁੰਚਾ ਕੇ ਜਾਂ ਆਪ ਲਾਭ ਦਾ ਪਾਤਰ ਬਣ ਕੇ ਮਨੁੱਖ, ਦੂਜਿਆਂ ਦਾ ਰਿਣੀ ਹੋ ਜਾਂਦਾ ਹੈ।

34. ਅਜਿਹੀਆਂ ਯਾਨੀ ਧਾਰਮਿਕ ਰਿਆਸਤਾਂ ਤਾਂ ਧਾਰਮਿਕ ਪ੍ਰੰਪਰਾ ਦੇ ਆਸਰੇ ਖਲੋਤੀਆਂ ਹਨ ਅਤੇ ਧਾਰਮਿਕ ਰੀਤੀ-ਰਿਵਾਜ਼ ਇੰਨੇ ਪੱਕੇ ਅਤੇ ਇਸ ਕਿਸਮ ਦੇ ਹੁੰਦੇ ਹਨ ਕਿ ਰਾਜਾ ਭਾਵੇਂ ਕੁਝ ਵੀ ਚੰਗਾ-ਮੰਦਾ ਕਰੇ, ਉਸਦੀ ਗੱਦੀ ਕਾਇਮ ਰਹਿੰਦੀ ਹੈ।

35. ਭਾੜੇ ਦੇ ਸਿਪਾਹੀ ਆਪਸ ਵਿਚ ਲੜਨ-ਭਿੜਨ ਵਾਲ਼ੇ ਲਾਲਚੀ, ਬੇ-ਅਸੂਲੇ, ਗੱਦਾਰ, ਮਿੱਤਰਾਂ ਅੱਗੇ ਆਕੜ ਖਾਂ ਅਤੇ ਸ਼ਤਰੂ ਅੱਗੇ ਕਾਇਰ ਸਾਬਤ ਹੁੰਦੇ ਹਨ।

36. ਭਾੜੇ ਦੇ ਕਪਤਾਨ ਜਾਂ ਤਾਂ ਬਹੁਤ ਲਾਇਕ ਹੁੰਦੇ ਨੇ ਜਾਂ ਉੱਕੇ ਨਹੀਂ। ਜੇਕਰ ਉਹ ਲਾਇਕ ਹਨ ਤਾਂ ਉਹਨਾਂ ਦਾ ਵਸਾਹ ਨਹੀਂ ਖਾਧਾ ਜਾ ਸਕਦਾ। ਉਹ ਤਾਂ ਨਿੱਜੀ ਉਨਤੀ ਵਿਚ ਮਗਨ ਰਹਿਣਗੇ। ਕਪਤਾਨ ਜੇ ਨਲਾਇਕ ਹੈ ਤਾਂ ਰਾਜੇ ਦਾ ਭੱਠਾ ਬਿਠਾ ਕੇ ਛੱਡੇਗਾ।

37. ਚਤੁਰ ਰਾਜਾ, ਹਮਾਇਤੀ ਫੌਜ ਕੋਲੋਂ ਸਦਾ ਦੂਰ ਰਹਿੰਦਾ ਹੋਇਆ ਆਪਣੀਆਂ ਨਿੱਜੀ ਫੌਜਾਂ ਦਾ ਆਸਰਾ ਲੈਂਦਾ ਹੈ। ਹਮਾਇਤੀਆਂ ਦੀ ਸਹਾਇਤਾ ਨਾਲ਼ ਜਿੱਤਣ ਨਾਲ਼ੋਂ ਆਪਣੀ ਫੌਜ ਰਾਹੀਂ ਹਾਰਨ ਨੂੰ ਵਧੇਰੇ ਚੰਗੇ ਸਮਝਦਾ ਹੈ।

38. ਇਸਾਈਆਂ ਦੇ ਪੁਰਾਣੇ ਧਾਰਮਿਕ ਗ੍ਰੰਥ 'ਓਲਡ ਟੈਸਟਾਮੈਂਟ' ਦੇ ਡੇਵਿਡ ਦੇ ਬਿਆਨ ਦਾ ਹਵਾਲਾ ਦਿੱਤਾ ਹੈ, ਜਿਸ ਵਿਚ ਡੇਵਿਡ ਨੇ ਕਿਸੇ ਦੂਸਰੇ ਦੇ ਹਥਿਆਰਾਂ ਨਾਲ਼ ਲੜਨ ਦੀ ਬਜਾਏ, ਕਿਹਾ, ''ਇਹਨਾਂ ਹਥਿਆਰਾਂ ਨਾਲ਼ (ਦੂਸਰੇ ਦੇ ਹਥਿਆਰਾਂ) ਮੈਂ ਚੰਗੀ ਤਰ੍ਹਾਂ ਨਹੀਂ ਲੜ ਸਕਾਂਗਾ। ਲੜਾਈ ਵਿਚ ਕੇਵਲ ਆਪਣਾ ਚਾਕੂ ਅਤੇ ਗੁਲੇਲੇ ਵਰਤਣਾ ਵਧੇਰੇ ਚੰਗਾ ਸਮਝਾਂਗਾ।''

39. ਕੋਈ ਵੀ ਰਾਜਾ ਨਿੱਜੀ ਫੌਜਾਂ ਬਿਨਾਂ ਸੁਰੱਖਿਅਤ ਨਹੀਂ।

40. ਦੂਜਿਆਂ ਦੇ ਆਸਰੇ ਕੋਈ ਤਕੜਾ ਨਹੀਂ ਬਣ ਸਕਦਾ।

41. ਜੇਕਰ ਕੋਈ ਰਾਜਾ ਐਸ਼ੋ-ਆਰਾਮ ਵਿਚ ਪੈ ਕੇ ਹਥਿਆਰਬੰਦੀ ਦਾ ਖ਼ਿਆਲ ਛੱਡ ਦੇਵੇ, ਉਸਦੀ ਰਿਆਸਤ ਕਾਇਮ ਨਹੀਂ ਰਹਿ ਸਕਦੀ।

42. ਜਿੱਥੇ ਤਾਂਈ ਬੁੱਧੀ ਤੇਜ਼ ਕਰਨ ਦਾ ਸਵਾਲ ਹੈ, ਰਾਜੇ ਨੂੰ ਇਤਿਹਾਸ ਦੀ ਪੜ੍ਹਾਈ ਲੋੜੀਂਦੀ ਹੈ ਅਤੇ ਵੱਡੇ-ਵੱਡੇ ਆਦਮੀਆਂ ਦੇ ਕਾਰਨਾਮਿਆਂ ਦੀ ਜਾਣਕਾਰੀ ਵੀ।

43. ਜੇ ਕੋਈ ਅਸਲੀਅਤ ਨੂੰ ਛੱਡ ਕੇ, ਇਸ ਗੱਲ ਵੱਲ ਤੁਰ ਪਵੇ ਕਿ ਅਸਲੀਅਤ ਹੋਣੀ ਕੀ ਚਾਹੀਦੀ ਹੈ, ਫਿਰ ਨਾਸ਼ ਦੇ ਸਿਵਾ ਹੋਰ ਕੀ ਆਸ ਕੀਤੀ ਜਾ ਸਕਦੀ ਹੈ।

44. ਰਾਜੇ ਨੂੰ ਇੰਨੀ ਸਮਝ ਜ਼ਰੂਰ ਚਾਹੀਦੀ ਹੈ ਕਿ ਘੱਟੋ-ਘੱਟ ਉਹਨਾਂ ਐਬਾਂ ਦੀ ਵਰਤੋਂ ਨਾ ਕਰੇ, ਜਿਹਨਾਂ ਕਾਰਨ ਉਸਦੀ ਰਿਆਸਤ ਖੁਸ ਜਾਣ ਦਾ ਡਰ ਹੋਵੇ।

45. ਉਹ ਆਪਣੀ ਉਦਾਰਤਾ ਦਾ ਖੂਬ ਵਿਖਾਵਾ ਕਰੇ। ਦੂਜਿਆਂ ਦੇ ਮਾਲ ਰਾਹੀਂ ਉਦਾਰਤਾ ਦੀ ਧਾਂਕ ਬਿਠਾਉਣੀ ਠੀਕ ਹੈ। ਸਗੋਂ ਪਰਾਏ ਮਾਲ ਰਾਹੀਂ ਆਪਣੇ ਆਪ ਨੂੰ ਉਦਾਰਚਿੱਤ ਜ਼ਾਹਿਰ ਕਰਨਾ ਚੰਗਾ ਹੈ।

46. ਨਿਰਧਨਤਾ ਦੂਰ ਕਰਨ ਦਾ ਯਤਨ ਆਦਮੀ ਨੂੰ ਲਾਲ਼ਚ ਅਤੇ ਨਫ਼ਰਤ ਦੀ ਦਲਦਲ ਵਿਚ ਫਸਾ ਦਿੰਦਾ ਹੈ। ਬਦਨਾਮ ਹੋਣਾ ਇੰਨਾ ਭੈੜਾ ਨਹੀਂ ਜਿੰਨਾ ਕਿ ਲਾਲਚੀ ਅਖਵਾਉਣ ਦਾ ਤਾਹਨਾ ਕਿਉਂਕਿ ਇਸ ਨਾਲ਼ ਬਦਨਾਮੀ ਤੋਂ ਛੁੱਟ ਨਫ਼ਰਤ ਵੀ ਪੈਦਾ ਹੁੰਦੀ ਹੈ।

47. ਹਰ ਇਕ ਰਾਜੇ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਲੋਕਾਂ ਵਿਚ ਉਸਦੀ ਮਸ਼ਹੂਰੀ ਰਹਿਮਦਿਲੀ ਦੀ ਹੋਵੇ ਨਾ ਕਿ ਕਠੋਰਤਾ ਦੀ। ਤਾਂ ਵੀ ਲੋੜ ਨਾਲ਼ੋਂ ਵੱਧ ਨਰਮਦਿਲੀ ਹੋਣ ਕਾਰਨ ਗੜਬੜਾਂ ਨੂੰ ਰੋਕ ਨਹੀਂ ਸਕਦੇ, ਜਿਸ ਕਰਕੇ ਦੇਸ਼ ਵਿਚ ਖੂਨ ਖਰਾਬੇ ਅਤੇ ਉਪੱਦਰ ਪੈਦਾ ਹੁੰਦੇ ਹਨ।

48. ਉਸਨੂੰ (ਰਾਜੇ ਨੂੰ) ਇੰਨਾ ਵਹਿਮੀ ਵੀ ਨਹੀਂ ਹੋਣਾ ਚਾਹੀਦਾ ਕਿ ਆਪਣੇ ਪਰਛਾਵੇਂ ਤੋਂ ਹੀ ਡਰਦਾ ਫਿਰੇ। ਸਗੋਂ ਧੀਰਜ, ਅਕਲ ਅਤੇ ਇਨਸਾਨੀਅਤ ਨੂੰ ਸਾਹਮਣੇ ਰੱਖ ਕੇ ਪੈਰ ਪੁੱਟਣੇ ਚਾਹੀਦੇ ਹਨ।

49. ਆਮ ਤੌਰ ਤੇ ਲੋਕੀ ਆਪਣੇ ਪਿਓ ਦੀ ਮੌਤ ਨੂੰ ਤਾਂ ਭੁੱਲ ਜਾਂਦੇ ਨੇ ਪਰ ਜਾਇਦਾਦ ਦੇ ਨੁਕਸਾਨ ਨੂੰ ਨਹੀਂ ਭੁੱਲਦੇ।

50. ਪਿਆਰ ਨਾਲ਼ੋਂ ਲੋਕਾਂ ਦੇ ਦਿਲਾਂ ਵਿਚ ਭੈਅ (ਡਰ) ਰਾਜੇ ਲਈ ਵਧੇਰੇ ਚੰਗਾ ਹੈ ਕਿਉਂਕਿ ਇਹ ਆਮ ਦੇਖਿਆ ਗਿਆ ਹੈ ਕਿ ਸਧਾਰਨ ਆਦਮੀ ਕ੍ਰਿਤਘਣ, ਗਾਲੜੀ, ਗਿਰਗਿਟ ਵਾਂਗ ਰੰਗ ਬਦਲਣ ਵਾਲ਼ਾ, ਖ਼ਤਰੇ ਤੋਂ ਕੰਨੀ ਕਤਰਾਉ

ਮਕਿਆਵੈਲੀ 'ਸਮਰਾਟ' ਸਤਕ

ਚਾਹੀਦਾ ਹੈ।

73. ਜੇਕਰ ਸਲਾਹਕਾਰ ਨਲਾਇਕ ਹਨ ਤਾਂ ਫਿਰ ਰਾਜੇ ਬਾਰੇ ਵੀ ਭੈੜੀ ਰਾਇ ਕਾਇਮ ਹੋ ਜਾਂਦੀ ਹੈ।

74. ਬੁੱਧੀ ਤਿੰਨ ਤਰ੍ਹਾਂ ਦੀ ਹੁੰਦੀ ਹੈ, ਆਪਣੇ-ਆਪ ਗੱਲ ਭਾਂਪਣ ਵਾਲੀ, ਕਿਸੇ ਦੀ ਸਹਾਇਤਾ ਨਾਲ਼ ਗੱਲ ਸਮਝਣ ਵਾਲੀ ਅਤੇ ਨਾ ਆਪਣੇ- ਆਪ ਤੇ ਨਾ ਕਿਸੇ ਹੋਰ ਦੇ ਸਮਝਾਉਣ ਉੱਤੇ ਗੱਲ ਨੂੰ ਸਮਝਣ ਵਾਲੀ। ਪਹਿਲੀ ਤਰ੍ਹਾਂ ਦੀ ਬੁੱਧੀ ਉੱਤਮ, ਦੂਜੀ ਚੰਗੀ ਪਰ ਤੀਜੀ ਉੱਕਾ ਨਿਕੰਮੀ ਹੁੰਦੀ ਹੈ।

75. ਰਾਜੇ ਨੂੰ, ਜੇ ਚੰਗੇ ਮੰਦੇ ਦੀ ਪਰਖ ਹੈ ਤਾਂ ਫਿਰ ਉਹ ਬਹੁਤ ਅਕਲਮੰਦ ਨਾ ਵੀ ਹੋਵੇ, ਆਪਣੇ ਮੰਤਰੀ ਦੇ ਕੰਮਾਂ ਦੀ ਪਰਖ ਕਰ ਸਕਦਾ ਹੈ। ਮੰਤਰੀ ਲਈ ਵੀ ਅਜਿਹੇ ਰਾਜੇ ਦੀਆਂ ਅੱਖਾਂ ਵਿਚ ਧੂੜ ਪਾਉਣੀ ਆਸਾਨ ਨਹੀਂ।

76. ਜਿਹੜਾ ਆਪਣੇ ਆਪ ਨੂੰ ਰਾਜੇ ਨਾਲ਼ੋਂ ਵਧੇਰੇ ਅਕਲਮੰਦ ਸਮਝੇ ਜਾਂ ਹਰ ਕੰਮ ਵਿਚ ਆਪਣਾ ਉੱਲੂ ਸਿੱਧਾ ਕਰਨ ਦੀ ਕਰੇ, ਉਹ ਕਦੀ ਵੀ ਚੰਗਾ ਮੰਤਰੀ ਸਿੱਧ ਨਹੀਂ ਹੋ ਸਕਦਾ। ਉਸ ਉੱਤੇ ਇਤਬਾਰ ਕਰਨਾ ਮੂਰਖਤਾ ਹੈ।

77. ਰਾਜੇ ਨੂੰ ਵੀ ਆਪਣੇ ਮੰਤਰੀ ਨੂੰ ਵਫ਼ਾਦਾਰ ਬਣਾਈ ਰੱਖਣ ਲਈ ਉਸਦਾ ਖਾਸ ਖ਼ਿਆਲ ਰੱਖਣਾ ਚਾਹੀਦਾ ਹੈ। ਉਸਦੀ ਇੱਜਤ ਕਰਨੀ ਚਾਹੀਦੀ ਹੈ ਅਤੇ ਮੌਕਾ ਆਉਣ 'ਤੇ ਉਸਨੂੰ ਮਾਲੋਮਾਲ ਵੀ ਕਰ ਦੇਣਾ ਚਾਹੀਦਾ ਹੈ।

78. ਆਦਮੀ ਸੁਭਾਵਿਕ ਤੌਰ 'ਤੇ ਆਪਣੀਆਂ ਚੀਜ਼ਾਂ ਦੀ ਪ੍ਰਸੰਸਾ ਚਾਹੁੰਦਾ ਹੈ ਅਤੇ ਖੁਸ਼ਾਮਦੀਆਂ ਦੀਆਂ ਗੱਲਾਂ ਵਿਚ ਝੱਟ ਆ ਜਾਂਦਾ ਹੈ। ਇਸ ਬਿਮਾਰੀ ਤੋਂ ਬਚਣਾ ਸੌਖਾ ਨਹੀਂ।

79. ਇਕ ਚਤੁਰ ਰਾਜਾ, ਅਕਲਮੰਦ ਸਲਾਹਕਾਰ ਚੁਣੇ, ਉਹਨਾਂ ਨੂੰ ਮੂੰਹ ਤੇ ਸੱਚੀ ਗੱਲ ਆਖਣ ਦੀ ਛੁੱਟੀ ਦੇਵੇ। ਜੇ ਰਾਜੇ ਵਿਚ ਆਪਣੀ ਅਕਲ ਨਹੀਂ ਤਾਂ ਉਸਨੂੰ ਸਲਾਹ ਵੀ ਠੀਕ ਨਹੀਂ ਮਿਲ ਸਕਦੀ। ਸਲਾਹਕਾਰ ਆਪਣੇ-ਆਪਣੇ ਲਾਭ ਅਨੁਸਾਰ ਸਲਾਹ ਦੇਣਗੇ।

80. ਜੇ ਕੋਈ ਬਿਨਾਂ ਪੁੱਛੇ, ਉਸਨੂੰ ਸਲਾਹ ਦੇਣ ਦਾ ਯਤਨ ਕਰੇ ਤਾਂ ਉਸਨੂੰ ਝਾੜ ਪਾ ਦੇਣੀ ਚਾਹੀਦੀ ਹੈ। ਜੇ ਕੋਈ ਸੱਚ ਦੱਸਣ ਤੋਂ ਕਤਰਾਵੇ ਤਾਂ ਰਾਜੇ ਨੂੰ ਰੋਸ ਪ੍ਰਗਟ ਕਰਨਾ ਚਾਹੀਦਾ ਹੈ।

81. ਜੇ ਕੋਈ ਬੁੱਧੂ ਰਾਜਾ ਹਰ ਕਿਸੇ ਦੇ ਆਖੇ ਲੱਗਣ ਲੱਗ ਪਵੇ ਤਾਂ ਉਹ ਕਦੀ ਵੀ ਕਿਸੇ ਇਕ ਫੈਸਲੇ 'ਤੇ ਨਹੀਂ ਪੁੱਜ ਸਕੇਗਾ।

82. ਲੋਕ ਆਮ ਤੌਰ 'ਤੇ ਕਿਸੇ ਦੇ ਮਿੱਤ ਨਹੀਂ ਬਣਦੇ, ਜਦ ਤਾਈਂ ਕਿ ਉਹਨਾਂ ਨੂੰ ਕੋਈ ਮਜਬੂਰੀ ਨਾ ਹੋਵੇ।

83. ਕੇਵਲ ਨਿੱਜੀ ਸ਼ਕਤੀ ਅਤੇ ਨਿੱਜੀ ਲਿਆਕਤ ਰਾਹੀਂ ਹੀ ਚੰਗਾ, ਚਿਰਕਾਲੀ ਅਤੇ ਨਿੱਗਰ ਬਚਾਓ ਸੰਭਵ ਹੈ।

84. ਕਿਸਮਤ ਦੀ ਵਾਹ ਵੀ ਉਥੇ ਹੀ ਚਲਦੀ ਹੈ, ਜਿੱਥੇ ਮਨੁੱਖ ਨੇ ਉਸ ਨਾਲ਼ ਟੱਕਰ ਲੈਣ ਦਾ ਕੋਈ ਪ੍ਰਬੰਧ ਨਹੀਂ ਕੀਤਾ, ਉਸਦਾ ਜ਼ੋਰ ਵੀ ਉਥੇ ਹੀ ਲੱਗਦਾ ਹੈ, ਜਿੱਥੇ ਉਸਨੂੰ ਡੱਕਣ ਲਈ ਕੋਈ ਬੰਨ੍ਹ ਨਹੀਂ ਬੰਨ੍ਹੇ ਹੁੰਦੇ।

85. ਜਿਸਦੇ ਕੰਮ ਕਰਨ ਦੇ ਢੰਗ ਸਮੇਂ ਦੇ ਅਨੁਸਾਰ ਹਨ, ਉਹ ਸੁਖੀ ਹੈ ਅਤੇ ਜਿਸ ਦੇ ਸਮੇਂ ਦੇ ਵਿਰੁੱਧ ਉਹ ਦੁਖੀ।

86. ਨਿਸ਼ਾਨਾ ਸਾਰਿਆਂ ਦਾ ਹੁੰਦਾ ਹੈ, ਜਸ ਅਤੇ ਧਨ ਦੀ ਪ੍ਰਾਪਤੀ। ਕੋਈ ਆਪਣਾ ਮਨੋਰਥ ਪੂਰਾ ਕਰਨ ਲਈ ਸਹਿਜ਼ ਸੁਭਾਅ, ਕੋਈ ਕਾਹਲਾਪਣ, ਕੋਈ ਹਿੰਸਾ ਅਤੇ ਕੋਈ ਫਰੇਬ ਦਾ ਰਾਹ ਫੜਦਾ ਹੈ।

87. ਫੂਕ-ਫੂਕ ਕੇ ਪੈਰ ਪੱਟਣ ਵਾਲ਼ੇ ਦੋ ਆਦਮੀਆਂ ਵਿਚੋਂ ਇਕ ਸਫਲ ਹੁੰਦਾ ਹੈ ਅਤੇ ਦੂਜਾ ਅਸਫਲ। ਦੋ ਆਦਮੀ ਵੱਖੋ-ਵੱਖ ਰਾਹ ਫੜ ਕੇ ਸਫਲਤਾ ਪ੍ਰਾਪਤ ਕਰਦੇ ਹਨ, ਉਹਨਾਂ ਵਿਚ ਇਕ ਸਬਰ ਵਾਲ਼ਾ ਅਤੇ ਦੂਜਾ ਬੇਸਬਰਾ। ਇਸਦਾ ਕਾਰਨ ਸਮੇਂ ਅਨੁਸਾਰ ਜਾਂ ਸਮੇਂ ਦੇ ਵਿਰੁੱਧ ਕਾਰਜ ਕਰਨ ਵਿਚ ਹੈ।

88. ਜੇ ਸਮਾਂ ਅਤੇ ਹਾਲਾਤ ਕੰਮ ਕਰਨ ਵਾਲ਼ੇ ਦੇ ਹੱਕ ਵਿਚ ਹਨ ਤਾਂ ਉਹ ਖੁਸ਼ਹਾਲੀ ਪ੍ਰਾਪਤ ਕਰੇਗਾ। ਸਮਾਂ ਅਤੇ ਹਾਲਾਤ ਬਦਲਣ ਉੱਤੇ ਉਹ ਤਬਾਹ ਹੋ ਜਾਵੇਗਾ, ਜੇ ਉਹ ਆਪਣੇ ਕੰਮ ਕਰਨ ਦਾ ਢੰਗ ਵੀ ਸਮੇਂ ਅਤੇ ਹਾਲਾਤ ਅਨੁਸਾਰ ਨਹੀਂ ਬਦਲਦਾ।

89. ਸਿਆਣੇ ਤੋਂ ਸਿਆਣਾ ਆਦਮੀ ਵੀ ਆਪਣੇ ਕੰਮ ਕਰਨ ਦਾ ਤਰੀਕਾ ਛੇਤੀ ਨਹੀਂ ਬਦਲ ਸਕਦਾ ਕਿਉਂਕਿ ਜਾਂ ਤਾਂ ਆਦਤ ਪੱਕ ਜਾਣ ਕਰਕੇ ਆਦਮੀ ਆਪਣੇ ਆਪ ਵਿਚ ਝਟਪਟ ਤਬਦੀਲੀ ਨਹੀਂ ਲਿਆ ਸਕਦਾ ਜਾਂ ਉਸਦਾ ਸੁਭਾਅ ਹੀ ਤਬਦੀਲੀ ਦੇ ਵਿਰੁੱਧ ਹੁੰਦਾ ਹੈ।

90. ਸਹਿਜ ਸੁਭਾਅ ਵਾਲ਼ੇ ਆਦਮੀ ਨੂੰ ਜਦ ਇੱਕਦਮ ਕੋਈ ਕੰਮ ਕਰਨਾ ਪੈਂਦਾ ਹੈ, ਉਸਨੂੰ ਪਤਾ ਨਹੀਂ ਲੱਗਦਾ ਕਿ ਕੀ ਕਰੇ ਅਤੇ ਉਹ ਜੱਕੋ-ਤੱਕੀ ਵਿਚ ਹੀ ਮਾਰਿਆ ਜਾਂਦਾ ਹੈ।

91. ਜੇ ਕੋਈ ਸਮੇਂ ਅਤੇ ਹਾਲਾਤ ਅਨੁਸਾਰ ਆਪਣੇ ਸੁਭਾਅ ਵਿਚ ਵੀ ਤਬਦੀਲੀ ਲਿਆ ਸਕੇ ਤਾਂ ਕਿਸਮਤ ਕਦੇ ਨਾ ਬਦਲੇ।

92. ਫੂਕ-ਫੂਕ ਕੇ ਪੈਰ ਪੁੱਟਣ ਨਾਲ਼ੋਂ ਝਟਪਟ ਕੰਮ ਕਰਨਾ ਚੰਗਾ ਹੈ ਕਿਉਂਕਿ ਕਿਸਮਤ ਇਕ ਜ਼ਨਾਨੀ ਵਾਂਗ ਹੈ। ਜੇ ਤੁਸੀਂ ਉਸ ਉੱਤੇ ਜਿੱਤ ਪ੍ਰਾਪਤ ਕਰਨੀ ਹੈ ਤਾਂ ਧੱਕੇ-ਜੋਰੀ ਨਾਲ਼ ਹੀ ਹੋ ਸਕਦੀ ਹੈ।

93. ਤੀਤੋਲਿਵਿਊ ਦੇ ਕਥਨ ਅਨੁਸਾਰ ਲੜਾਈ ਉਹਨਾਂ ਲਈ ਠੀਕ ਹੈ, ਜਿਹਨਾਂ ਦਾ ਇਸ ਬਿਨਾਂ ਗੁਜ਼ਾਰਾ ਨਹੀਂ। ਜਦ ਹਥਿਆਰ ਤੋਂ ਸਿਵਾ ਹੋਰ ਕਿਸੇ ਤਰੀਕੇ ਨਾਲ਼ ਕੰਮ ਨਹੀਂ ਸਰਦਾ ਤਾਂ ਹਥਿਆਰ ਚੁੱਕ ਲੈਣੇ ਠੀਕ ਹਨ।

94. ਜੇ ਕਿਸੇ ਨਵੇਂ ਹਾਕਮ ਨੇ ਜੱਸ ਖੱਟਣਾ ਹੋਵੇ ਤਾਂ ਨਵੇਂ ਕਾਨੂੰਨ ਅਤੇ ਤਰੀਕੇ ਵਰਤਣ ਨਾਲ਼ੋਂ ਵੱਧ ਕੇ ਹੋਰ ਕੋਈ ਚੰਗਾ ਰਾਹ ਨਹੀਂ।

95. ਰਾਜਾ ਕੰਮਾਂ ਨੂੰ ਸੋਚ ਵਿਚਾਰ ਕੇ ਕਰੇ ਅਤੇ ਆਪਣਿਆਂ ਫੈਸਲਿਆਂ ਤੇ ਕਾਇਮ ਰਹੇ। ਜੋ ਦੋ-ਚਿੱਤਾ ਹੋਣ ਕਾਰਨ ਆਪਣੇ ਫੈਸਲੇ ਬਦਲਦਾ ਰਹਿੰਦਾ ਹੈ, ਉਹ ਆਪਣੀ ਕਦਰ ਗਵਾ ਬੈਠਦਾ ਹੈ।

96. ਛੜਯੰਤਰ ਕਰਨ ਵਾਲ਼ਾ ਸ਼ੁਰੂ ਵਿਚ ਇਕੱਲਾ ਹੁੰਦਾ ਹੈ। ਉਸਨੂੰ ਆਪਣੇ ਸਾਥੀ ਲੱਭਣ ਲਈ, ਲੋਕਾਂ ਦੀ ਲੋੜ ਪੈਂਦੀ ਹੈ, ਜਿਹੜੇ ਰਾਜੇ ਤੋਂ ਬਿਗੜੇ ਬੈਠੇ ਹੋਣ। ਪਰ ਛੜਯੰਤਰ ਕਰਨ ਵਾਲ਼ੇ ਨੇ ਆਪਣਾ ਭੇਦ ਕਿਸੇ ਦੂਜੇ ਕੋਲ ਖੋਲ੍ਹਿਆ ਨਹੀਂ ਕਿ ਦੂਜੇ ਦਾ ਕੰਮ ਬਣਿਆ ਨਹੀਂ।

97. ਚਿੱਤਰਕਾਰਾਂ ਨੇ ਜਦ ਉੱਚੀਆਂ ਥਾਵਾਂ ਅਤੇ ਪਰਬਤਾਂ ਦੀ ਤਸਵੀਰ ਖਿੱਚਣੀ ਹੁੰਦੀ ਹੈ ਤਾਂ ਉਹ ਨੀਵੀਆਂ ਘਾਟੀਆਂ 'ਚ ਬੈਠ ਕੇ ਚਿੱਤਰਕਾਰੀ ਕਰਦੇ ਹਨ ਅਤੇ ਜਦ ਨੀਵੀਆਂ ਥਾਵਾਂ ਜਾਂ ਮੈਦਾਨ ਦੀ ਤਸਵੀਰ ਵਾਹੁਣੀ ਹੁੰਦੀ ਹੈ ਤਾਂ ਟਿੱਲੇ-ਟਿੱਬਿਆਂ ਉੱਤੇ ਜਾ ਬੈਠਦੇ ਹਨ।

98. ਦੁਨੀਆਂ ਉਸ ਤਰ੍ਹਾਂ ਦੀ ਹੀ ਬਣਦੀ ਹੈ ਜਿਸ ਤਰ੍ਹਾਂ ਦੀ ਅਸੀਂ ਆਪ ਬਣਾਉਂਦੇ ਹਾਂ ਅਤੇ ਸਾਡੇ ਵਿਚੋਂ ਹਰ ਇਕ ਆਪਣੀ ਕਿਸਮਤ ਦਾ ਮਾਲਕ ਹੈ ਅਤੇ ਆਪਣੀ ਸ਼ਕਤੀ ਆਪ ਹੈ।

99. ਆਦਮੀ ਕਦੀ ਬਦਲਦਾ ਨਹੀਂ, ਉਹ ਸਦਾ ਆਪਣੀਆਂ ਸੁਭਾਵਿਕ ਪ੍ਰਵਿਰਤੀਆਂ ਦਾ ਗੁਲਾਮ ਹੈ ਅਤੇ ਉਹਨਾਂ ਤੋਂ ਉਤਾਂਹ ਨਹੀਂ ਉੱਠ ਸਕਦਾ।

100. ਵੀਰਾਂ ਦੇ ਨਾਲ਼ ਟੱਕਰ ਲੈਣਗੇ,
ਜਦ ਜਦ ਵੀ ਹੰਕਾਰੀ,
ਨਿਕਲ ਪਵੇਗਾ ਸਿੱਟਾ ਕੋਈ, ਉਸ ਯੁੱਧ ਦਾ ਆਖਰ,
ਵੀਰਤਾ ਹਾਲੇ ਦੇਸ਼ ਵਾਸੀਆਂ ਵਿਚ ਪੁਰਾਣੀ ਜੀਵੇ,
ਜਿਸ ਆਸਰੇ ਲੜਦੇ ਆਏ, ਉਹ ਨੇ ਜੁਗਾਂ ਜੁਗੰਤਰ।

ਮਕਿਆਵੈਲੀ ਦੇ ਵਿਚਾਰਾਂ ਦਾ ਇਹ ਸੰਗ੍ਰਹਿ ਉਹਨਾਂ ਦੀ ਪੁਸਤਕ 'ਸਮਰਾਟ' ਉੱਤੇ ਆਧਾਰਿਤ ਹੈ, ਜਿਸਦਾ ਅਨੁਵਾਦ ਆਰ. ਐਸ. ਆਹਲੂਵਾਲੀਆ ਜੀ ਨੇ ਕੀਤਾ ਹੈ ਅਤੇ ਸਾਹਿਤ ਅਕਾਦਮੀ ਦਿੱਲੀ ਨੇ ਦੂਜੀ ਵਾਰ 1983 ਵਿਚ ਛਾਪਿਆ ਹੈ।

ਮਕਿਆਵੈਲੀ ਦਾ ਜਨਮ 3 ਮਈ 1467 ਨੂੰ ਅਤੇ ਦੇਹਾਂਤ 20 ਜੂਨ 1527 ਨੂੰ ਹੋਇਆ। ਉਸਨੂੰ ਰਾਜਨੀਤੀ ਸਾਇੰਸ ਦਾ ਜਨਮਦਾਤਾ ਆਖਿਆ ਜਾਂਦਾ ਹੈ। ਉਸ ਨੇ ਇਤਿਹਾਸਕ ਘਟਨਾਵਾਂ ਦਾ ਵਿਸ਼ਲੇਸ਼ਣ ਕਰਕੇ ਦੱਸਿਆ ਹੈ ਕਿ ਇਕ ਰਾਜੇ, ਨਵੇਂ ਰਾਜੇ ਅਤੇ ਹੋਣ ਵਾਲ਼ੇ ਰਾਜੇ ਨੂੰ ਕੀ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ। ਉਸਦੇ ਵਿਚਾਰਾਂ ਦੀ ਤਹਿ ਹੇਠ ਇਕ ਆਮ ਸ਼ਹਿਰੀ ਅਤੇ ਰਾਜਸੀ ਜੀਵਨ ਵਿਚ ਫਸੇ ਮਨੁੱਖ ਦਾ ਠੋਸ ਤਜਰਬਾ ਹੈ।

ਸੋਲਵੀਂ ਸਦੀ ਦੇ ਸ਼ੁਰੂ (1513 ਈਸਵੀ) ਵਿਚ ਲਿਖੀ 'ਦਾ ਪ੍ਰਿੰਸ' ਸਮਰਾਟ ਵਿਚ ਪ੍ਰਗਟ ਕੀਤੇ ਵਿਚਾਰ, ਅੱਜ ਵੀ ਨਰੋਏ ਲੱਗਦੇ ਹਨ। ਹੋ ਸਕਦਾ ਹੈ ਕਿ ਕਿਸੇ ਪਾਠਕ ਨੂੰ ਕੁਝ ਚੰਗਾ ਮਿਲ ਜਾਵੇ, ਵੈਸੇ ਕਿਹਾ ਇਹ ਜਾਂਦਾ ਹੈ ਕਿ ਮਕਿਆਵੈਲੀ ਨੇ ਆਪਣੀਆਂ ਰਚਨਾਵਾਂ ਦੁਆਰਾ ਜਾਲਮ ਰਾਜਿਆਂ ਨੂੰ ਕੁਮੱਤ ਦੇ ਕੇ ਉਹਨਾਂ ਨੂੰ ਨਾਸ਼ ਕਰਨ ਦਾ ਯਤਨ ਕੀਤਾ ਹੈ।

ਮੇਰੇ ਖ਼ਿਆਲ ਵਿਚ ਤਾਂ ਇਹ ਪੁਸਤਕ ਜਾਣਕਾਰੀ ਲਈ ਜ਼ਰੂਰ ਪੜ੍ਹਨੀ ਚਾਹੀਦੀ ਹੈ, ਮੈਂ ਇਸੇ ਕਿਤਾਬ ਵਿਚੋਂ 100 ਨੁਕਤੇ ਇਕੱਠੇ ਕੀਤੇ ਹਨ ਤਾਂ ਕਿ ਦੂਜਿਆਂ ਨੂੰ ਮੁੜ ਕੇ, ਮੇਰੇ ਜਿੰਨੀ ਮਿਹਨਤ ਦੁਬਾਰਾ ਨਾ ਕਰਨੀ ਪਵੇ। ਇਸ ਵਿਚ ਵਿਚਾਰ ਦੀ ਕੋਈ ਤਬਦੀਲੀ ਨਹੀਂ ਕੀਤੀ ਗਈ, ਸਿਰਫ ਕੰਨਾ-ਬਿੰਦੀ ਦਾ ਫਰਕ ਹੋ ਸਕਦਾ ਹੈ।

– ਹਰਮੇਸ਼ ਜੱਸਲ

ਲਾਲ

ਆਜਾ ਸਾਥੀਆ ਭੀਮ ਦੇ ਦਰ ਆਜਾ, ਕਿਉਂਕਿ ਭੀਮ ਅਵਤਾਰ ਦਾ ਲਾਲ ਹੈ ਤੂੰ
ਫਿਰੇਂ ਭਟਕਦਾ ਗੈਰਾਂ ਦੇ ਦਰ ਉਤੇ, ਦਰ ਭੀਮ ਦਾ ਛੱਡ ਕਮਾਲ ਹੈ ਤੂੰ
ਜੁੱਗ ਬੀਤ ਗਏ ਗੈਰਾਂ ਨੂੰ ਪੂਜਦੇ ਨੂੰ, ਫਿਰ ਵੀ ਰਹਿ ਗਿਆ ਏਂ ਮੰਦੇ ਹਾਲ ਹੈ ਤੂੰ
ਅੱਜ ਤੋਂ ਭੀਮ ਅਵਤਾਰ ਦੀ ਕਰ ਪੂਜਾ, ਹੋ ਜਾਵੇਗਾ ਮਾਲੋਮਾਲ ਹੈ ਤੂੰ
ਬਾਬਾ ਸਾਹਿਬ ਇਕ ਇਹੋ ਜਿਹਾ ਨੂਰ ਸੱਜਣਾ, ਜਿਸਦੇ ਨੂਰ ਦੀ ਜਿੰਦਾ ਮਸਾਲ ਹੈ ਤੂੰ
ਤੇਰੇ ਸਦੀਆਂ ਦੇ ਗ਼ਮ ਸਭ ਦੂਰ ਹੋਵਣ, ਜੇਕਰ ਵੇਖ ਲੈ ਉਹਦਾ ਜਮਾਲ ਹੈ ਤੂੰ
ਭੀਮ ਅਵਤਾਰ ਨੇ ਆਣ ਕੇ ਕਰਮ ਕੀਤਾ, ਉਹਦੀ ਮਿਹਰ ਦੇ ਨਾਂਲ ਨਿਹਾਲ ਹੈ ਤੂੰ
ਤੇਰੇ ਸੰਗਲ ਗੁਲਾਮੀ ਦੇ ਤੋੜ ਦਿੱਤੇ, ਹੋਇਆ ਅਜੇ ਵੀ ਫਿਰੇਂ ਨਿਢਾਲ ਹੈ ਤੂੰ
ਤੈਨੂੰ ਵੋਟ ਦੀ ਦਿਲਬਰਾ ਦਾਤ ਬਖਸ਼ੀ, ਜੇਕਰ ਸਹੀ ਕਰੇਂ ਇਸਦਾ ਇਸਤੇਮਾਲ ਹੈ ਤੂੰ
ਤੇਰੇ ਹੱਥ ਦੇ ਵਿਚ ਹਨ ਲਾਲ ਹੀਰੇ, ਕਿਹੜਾ ਆਖਦਾ ਤੈਨੂੰ ਕੰਗਾਲ ਹੈ ਤੂੰ
ਤੇਰੇ ਹੀਰਿਆਂ ਨੂੰ ਜਾਲਮ ਲੁੱਟ ਰਹੇ ਨੇ, ਅਜੇ ਤਾਈਂ ਨਾ ਸਕਿਆ ਸੰਭਾਲ ਹੈ ਤੂੰ
ਜਾਲਮ ਤੇਰੇ ਤੇ ਹੀ ਇਹ ਜੁਲਮ ਢਾਵਣ, ਬਣਿਆ ਜਿਹਨਾਂ ਦਾ ਫਿਰੇਂ ਦਲਾਲ ਹੈ ਤੂੰ
ਤੇਰੀ ਰੱਤ ਵੀ ਕੱਢ ਕੇ ਪੀ ਜਾਂਦੇ, ਹੋਇਆ ਬੱਕਰੇ ਵਾਂਗ ਹਲਾਲ ਹੈ ਤੂੰ
ਤੇਰੇ ਲਹੂ ਵਿਚ ਚੂਰੀਆਂ ਕੁੱਟ ਖਾਂਦੇ, ਹਰ ਡੰਗ ਭਾਲਦਾ ਰੋਟੀ ਤੇ ਦਾਲ ਹੈ ਤੂੰ
ਹੱਕਾਂ ਤੇਰਿਆਂ ਤੇ ਬੈਠੇ ਮਾਰ ਧਰਨਾ, ਕੀਤਾ ਜ਼ਰਾ ਵੀ ਨਹੀਂ ਖਿਆਲ ਹੈ ਤੂੰ
ਕੋਲ ਇਹਨਾਂ ਦੇ ਨਹੀਂ ਜਵਾਬ ਤੇਰਾ, ਮੇਰੇ ਜਾਨੀਆਂ ਏਸਾ ਸਵਾਲ ਹੈ ਤੂੰ
ਗਰਜ ਹੋਵੇ ਤਾਂ ਆਣ ਕੇ ਆਖਦੇ ਨੇ, ਸਾਡਾ ਵੀਰ ਸਾਡੀ ਮਾਂ ਦਾ ਲਾਲ ਹੈਂ ਤੂੰ
ਗਰਜ ਕੱਢ ਕੇ ਤੈਨੂੰ ਬਰਬਾਦ ਕਰਦਾ, ਕਿਹੜੀ ਆਜ਼ਾਦੀ ਦਾ ਕਰੇ ਮਲਾਲ ਹੈ ਤੂੰ
ਤੇਰੇ ਡੰਗਣੇ ਨੂੰ ਆਉਂਦੇ ਨਾਗ ਕਾਲੇ, ਜੇ ਦੇਵੇਂ ਇਹਨਾਂ ਦਾ ਜ਼ਹਿਰ ਨਿਕਾਲ ਹੈ ਤੂੰ
ਉਦੋਂ ਤੇਰੇ ਤੇ ਭੀਮ ਪ੍ਰਸੰਨ ਹੋ ਸੀ, ਹੋਗੇ ਹੱਕਾਂ ਤੋਂ ਜਦੋਂ ਬਹਾਲ ਹੈ ਤੂੰ
ਛੱਡ ਗੈਰਾਂ ਨੂੰ ਭੀਮ ਦਾ ਫੜ ਪੱਲਾ, ਚੰਗੀ ਚਾਹੁੰਦਾ ਏਂ ਜੇ 'ਬਿਹਾਰੀ ਲਾਲ' ਹੈ ਤੂੰ
ਜੇਕਰ ਅਜੇ ਨਾ ਰਹਿਬਰ ਦਾ ਫੜੇਂ ਪੱਲਾ, ਤਾਂ ਫਿਰ ਸਮਝ ਲਾ ਏ ਕਾਹਦਾ 'ਚਾਹਲ' ਹੈਂ ਤੂੰ।

ਲਲਕਾਰ

ਦਲਿਤ ਕੌਮ ਦੇ ਏਹ ਨੌਜਵਾਨੋ ਵਕਤ ਰਿਹਾ ਲਲਕਾਰ, ਲਲਕਾਰ ਉਠੋ
ਵਾਜਾਂ ਮਾਰਦਾ ਵਿਚ ਅਸਮਾਨ ਦੇਖੋ, ਬਾਬਾ ਸਾਹਿਬ ਦੇ ਰਾਜ ਦੁਲਾਰ ਉਠੋ
ਸਦੀਆਂ ਹੋ ਗਈਆਂ ਗ਼ਮਾਂ ਦੀ ਨੀਂਦ ਅੰਦਰ, ਜਾਗੋ ਹੁਣ ਹੋ ਕੇ ਹੁਸ਼ਿਆਰ ਉਠੋ
ਅੱਜ ਵਕਤ ਹੈ ਵਕਤ ਨੂੰ ਸੰਭਾਲਣੇ ਦਾ, ਕਦਰ ਵਕਤ ਦੀ ਕਰੋ ਦਲਦਾਰ ਉਠੋ
ਬਣਾ ਕੇ ਵੋਟ ਜਿਸ ਜਿਊਣ ਦਾ ਹੱਕ ਦਿੱਤਾ, ਉਹਦੀ ਯਾਦ ਵਿਚ ਹੋ ਕੇ ਬੇਜਾਰ ਉਠੋ
ਬੈਠੇ ਰਹਿ ਨਾ ਜਾਵਣਾ ਕਿਤੇ ਯਾਰੋ, ਖੜ੍ਹੇ ਹੋ ਜਾਓ ਵਿਚ ਕਤਾਰ ਉਠੋ
ਹਰ ਇਕ ਗੱਲ ਦਾ ਸਭ ਨੂੰ ਹੱਕ ਪੂਰਾ, ਦੇ ਗਿਆ ਜੋ ਭੀਮ ਅਵਤਾਰ ਉਠੋ
ਧੰਨ ਹੈ ਧੰਨ ਹੈ ਧੰਨ ਹੈ ਕਲਮ ਉਸਦੀ, ਬਾਬਾ ਸਾਹਿਬ ਦੇ ਜਾਓ ਬਲਿਹਾਰ ਉਠੋ
ਉਹਦਾ ਨਾਮ ਲੈ ਸੱਜਣੋ ਵਧੋ ਅੱਗੇ, ਨਹੀਂ ਆਵੇਗੀ ਕਦੇ ਵੀ ਹਾਰ ਉਠੋ
ਜਿਸ ਤੇ ਖਿਜ਼ਾ ਨਾ ਕਦੇ ਵੀ ਆ ਸਕੇ, ਐਸੀ ਹਮੇਸ਼ਾ ਲਈ ਬਣਕੇ ਬਹਾਰ ਉਠੋ
ਜਿਹੜਾ ਕਦਮ ਉਠੇ ਪੱਥਰ ਵਾਂਗ ਹੋਵੇ, ਰਸਤੇ ਕੰਢਿਆਂ ਤੇ ਦੇ ਕੇ ਭਾਰ ਉਠੋ
ਜ਼ੁਲਮ ਕਰਨ ਤੋਂ ਆਉਂਦੇ ਨਹੀਂ ਬਾਜ ਜਿਹੜੇ, ਬਣ ਕੇ ਉਹਨਾਂ ਦੇ ਲਈ ਲਲਕਾਰ ਉਠੋ
ਜਾਨ ਗਦਾਰਾਂ ਦੀ ਵੀ ਮੁੱਠ ਵਿਚ ਆ ਜਾਵੇ, ਦਲਿਤ ਕੌਮ ਦੇ ਏਹ ਪਹਿਰੇਦਾਰ ਉਠੋ
ਅੱਤਿਆਚਾਰ ਤੇ ਜ਼ੁਲਮ ਨੂੰ ਤੋੜਨੇ ਦੇ ਲਈ, ਦੋ ਚਾਰ ਨਹੀਂ ਲੱਖ ਹਜ਼ਾਰ ਉਠੋ
ਕਿਸਮਤ ਆਪਣੀ ਦਾ ਫੈਸਲਾ ਆਪ ਕਰਨਾ, ਅੱਜ ਤੁਸੀਂ ਹੋ ਖੁਦ ਮੁਖਤਿਆਰ ਉਠੋ
'ਬਿਹਾਰੀ ਲਾਲ' ਦੀਵਾਰਾਂ ਉਹ ਤੋੜ ਸੁੱਟੋ, ਜਿਹੜੀਆਂ ਪਈਆਂ ਇਨਸਾਨਾਂ ਵਿਚਕਾਰ ਉਠੋ।

ਬਿਹਾਰੀ ਲਾਲ ਚਾਹਲ
ਨਕੋਦਰੀਆ

ਜੂੰਅ 'ਤੇ ਜਾਊ ਕਰੋਨਾ?

ਫੈਲ ਰਿਹਾ ਏ ਜੰਗਲ ਦੀ ਅੱਗ ਵਾਂਗੂੰ
ਛਾਈ ਚਿੰਤਾ ਦੀ ਘਟਾ ਘਨਘੋਰ ਬੇਲੀ।

ਕੋਈ ਨ੍ਹੀ ਜਾਣਦਾ ਏਸਦੇ ਅੰਤ ਬਾਰੇ
ਖੂਨ ਪੀਣਾ ਇਸ ਕਿੰਨਾ ਕੁ ਹੋਰ ਬੇਲੀ।

ਸਹਿਮੇਂ ਲੋਕਾਂ ਨੂੰ ਸੁੱਕਣੇ ਪਾਈ ਰੱਖੇ
ਸੋਸ਼ਲ ਮੀਡ੍ਹੀਏ ਉੱਤੇ ਜੋ ਸ਼ੋਰ ਬੇਲੀ।

ਵਿਆਹ ਭੰਗੜੇ ਭੋਗ ਅਲੋਪ ਹੋ ਗਏ
ਚੜ੍ਹਦੀ ਦਿਸੇ ਨਾ ਖੁਸ਼ੀ ਦੀ ਲੋਰ ਬੇਲੀ।

ਦੜ ਵੱਟ ਜਮਾਨਾ ਪਏ ਕੱਟ ਰਹੇ ਆਂ
ਬਹਿ ਕੇ ਘਰਾਂ ਵਿਚ ਹੋਏ ਹਾਂ ਬੋਰ ਬੇਲੀ।

ਘੋੜੇ ਚੜ੍ਹਕੇ ਆਉਂਦਾ ਏ ਦੁੱਖ ਕਹਿੰਦੇ
ਜਾਂਦਾ ਹੁੰਦ

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਵਸ 'ਤੇ ਵਿਸ਼ੇਸ਼

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂਆਂ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਾਫੀ ਲੰਮਾ ਸਮਾਂ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ।

ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ ਦੇ ਦੌਰਿਆਂ ਤੋਂ ਅੰਮ੍ਰਿਤਸਰ ਪਰਤੇ। ਨੇੜਲੇ ਪਿੰਡ 'ਵਡਾਲੀ' ਵਿਖੇ 19 ਜੂਨ 1595 ਨੂੰ ਪਿਤਾ ਗੁਰੂ ਅਰਜਨ ਦੇਵ ਸਾਹਿਬ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਪ੍ਰਿਥੀ ਚੰਦ ਨੂੰ ਬੜੀ ਸੱਟ ਵੱਜੀ ਕਿ ਉਹ ਗੁਰਗੱਦੀ ਤੇ ਆਪਣੇ ਪੁੱਤਰ ਮਿਹਰਵਾਨ ਨੂੰ ਬਿਠਾਉਣਾ ਚਾਹੁੰਦਾ ਸੀ। ਇਸ ਲਈ ਉਸਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਹਰਿਗੋਬਿੰਦ ਸਾਹਿਬ ਜੀ ਨੂੰ ਮਾਰਨ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਗੁਰ ਪਿਤਾ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਵਿੱਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਘੋੜ ਸਵਾਰੀ, ਨੇਜ਼ਾਬਾਜ਼ੀ, ਬੰਦੂਕ ਅਤੇ ਪ੍ਰਚੱਲਿਤ ਸ਼ਸ਼ਤਰਾਂ ਨੂੰ ਚਲਾਉਣ ਲਈ ਅਭਿਆਸ ਕਰਵਾਏ।

ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਹਰਿਗੋਬਿੰਦ ਜੀ 11 ਸਾਲਾਂ ਦੇ ਸਨ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਹਨਾਂ ਨੇ ਮੁੜ ਕੇ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਸ਼ਸ਼ਤਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ ਤੇ ਸ਼ਸ਼ਤਰਧਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਣੀ ਹੈ। ਇਸੇ ਫੌਜ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਦਾ ਰੂਪ ਦਿੱਤਾ। 25 ਮਈ 1606 ਨੂੰ ਗੁਰੂ ਹਰਿ-ਗੋਬਿੰਦ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਪ੍ਰਚੱਲਿਤ ਪ੍ਰੰਪਰਾ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ, ਜਿਸਦਾ ਤਿਆਗ ਕਰਕੇ ਗੁਰਾਂ ਨੇ ਦੋ ਤਲਵਾਰਾਂ ਸਜਾਈਆਂ। ਇਕ ਪੀਰੀ ਦੀ ਇਕ ਮੀਰੀ ਦੀ। ਇਕ ਰੁਹਾਨੀ ਅਗਵਾਈ ਵਾਸਤੇ ਦੂਸਰੀ ਸੰਸਾਰਕ ਅਗਵਾਈ ਵਾਸਤੇ। ਉਹਨਾਂ ਮਰਹੱਟਾ ਗੁਰੂ ਸਮਰੱਥ ਰਾਮਦਾਸ ਜੀ ਨੂੰ ਸਪਸ਼ਟ ਕੀਤਾ ਕਿ ਸ਼ਸ਼ਤਰ ਧਾਰਨ ਤੇ ਵੀ ਅੰਤਰਮੁਖੀ ਸਾਧੂ ਹਾਂ ਤੇ ਬਾਹਰਮੁਖੀ ਰਾਜੇ। ਸ਼ਸ਼ਤਰ ਗਰੀਬ ਦੀ ਰਾਖੀ ਅਤੇ ਅੱਤਿਆਰੀਆਂ ਦੇ ਜ਼ੁਲਮ ਦਾ ਨਾਸ਼ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਹੀ ਹੈ। ਗੁਰੂ ਜੀ ਨੇ ਪੰਥ ਨੂੰ ਹਥਿਅਰਬੰਦ ਹੋਣ ਦਾ ਐਲਾਨ ਕੀਤਾ। ਉਹਨਾਂ ਨੇ ਸੰਗਤਾਂ ਨੂੰ ਹਿਦਾਇਤ ਕੀਤੀ ਕਿ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਸ਼ਾਮਲ ਹੋਣ। ਜੁਆਨੀਆਂ ਕਾਇਮ ਰੱਖਣ ਲਈ ਵਰਜਿਸ਼ ਕੁਸ਼ਤੀਆਂ, ਘੋੜ-ਸਵਾਰੀ, ਗਤਕਾ ਅਤੇ ਸ਼ਿਕਾਰ ਖੇਡਣ ਦਾ ਉਤਸ਼ਾਹ ਦਿੱਤਾ। ਮਲ-ਅਖਾੜਾ ਬਣਾਇਆ। ਸਿੱਖਾਂ ਨੂੰ ਘੋੜਿਆਂ ਦੇ ਵਿਉਪਾਰ ਵਿਚ ਲਾਇਆ। ਘੋੜਿਆਂ ਦਾ ਵਪਾਰ ਹੋਣ ਲੱਗਾ, ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਰਥਿਕ ਤੌਰ 'ਤੇ ਵੀ ਖੁਸ਼ਹਾਲ ਹੋਣ ਲੱਗੇ ਅਤੇ ਸੰਤ ਸਿਪਾਹੀ, ਸੂਰਬੀਰ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ।

ਸੂਰਬੀਰਾਂ ਦੀ ਕੌਮ ਦੇ ਵਿਕਾਸ, ਉਤਸ਼ਾਹ ਅਤੇ ਰੱਖਿਆ ਲਈ ਲੋਹਗੜ੍ਹ ਦਾ ਕਿਲਾ ਬਣਾਇਆ। ਅੰਮ੍ਰਿਤਸਰ ਸ਼ਹਿਰ ਨੂੰ ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦੇ ਅਧੀਨ ਨਾ ਹੋਣ। ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ, ਜੋ ਕਿ ਗੁਰੂ ਸਾਹਿਬ ਜੀ ਦੀ ਸੰਸਾਰਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰ੍ਹਾਂ ਦਰਬਾਰ ਸਾਹਿਬ ਅੰਮ੍ਰਿਤਸਰ ਜੁੜਦੀਆਂ। ਗੁਰਬਾਣੀ-ਪਾਠ, ਕਥਾ ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਅਕਾਲ ਤਖਤ ਸਾਹਿਬ ਜੁੜਦੀਆਂ। ਸਰੀਰਕ ਕਸਰਤਾਂ ਹੁੰਦੀਆਂ, ਸੂਰਮਿਆਂ ਦੀਆਂ ਬੀਰ ਰਸ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਲੱਗੇ, ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਸੰਗਤਾਂ ਫੈਸਲੇ ਆਪ ਕਰਨ ਲੱਗੇ।

ਗੁਰੂ ਜੀ ਨੇ 52 ਯੋਧਿਆਂ ਨੂੰ ਆਪਣੇ ਨਿੱਜੀ ਸੁਰੱਖਿਅਕ ਵਜੋਂ ਰੱਖਿਆ। ਫੌਜ ਦਾ ਮੁੱਢ ਬੰਨਿਆ। ਮਾਝਾ, ਮਾਲਵਾ, ਦੁਆਬਾ ਦੇ 500 ਯੋਧੇ ਗੁਰੂ ਜੀ ਨਾਲ ਆਣ ਲੱਗੇ, ਜਿਹਨਾਂ ਨੇ ਮਰ ਮਿਟਣ ਦਾ ਪ੍ਰਣ ਲਿਆ। ਗੁਰੂ ਜੀ ਦੇ ਖਿਲਾਫ ਪ੍ਰਬੰਧਕ ਜਹਾਂਗੀਰ ਦੇ ਕੰਨ ਭਰਨ ਲੱਗੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ।

ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਹਨਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਉਹਨਾਂ ਦੀਆਂ ਕਾਰਵਾਈਆਂ ਮੁਗਲ ਹਕੂਮਤ ਲਈ ਵੱਡਾ ਖਤਰਾ ਹਨ। ਸਮੇਂ ਸਿਰ ਦਬਾਅ ਦਿੱਤਾ ਜਾਵੇ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਦਿੱਤਾ। ਗੁਰੂ ਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗੱਲਬਾਤ ਵਿਚੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਦੀਆਂ ਕਾਰਵਾਈਆਂ ਖਤਰਨਾਕ ਤਾਂ ਨਹੀਂ। ਵਕਤੀ ਤੌਰ 'ਤੇ ਉਸਦੀ ਤਸੱਲੀ ਹੋ ਗਈ। ਵਧੇਰੇ ਪਰਖ ਕਰਨ ਲਈ ਬਹਾਨੇ ਨਾਲ ਉਸਨੇ ਸੁਖਾਵਾਂ ਮਾਹੌਲ ਬਣਾਇਆ। ਬਾਦਸ਼ਾਹ ਗੁਰੂ ਜੀ ਨੂੰ ਇਕ ਦਿਨ ਸ਼ਿਕਾਰ ਤੇ ਲੈ ਗਿਆ। ਇਕ ਸ਼ੇਰ ਨੇ ਬਾਦਸ਼ਾਹ 'ਤੇ ਹਮਲਾ ਕਰ ਦਿੱਤਾ। ਬੇਦਸ਼ਾਹ ਬੇਵੱਸ ਸੀ ਕਿ ਗੁਰੂ ਜੀ ਨੇ ਢਾਲ ਤਲਵਾਰ ਨਾਲ ਸ਼ੇਰ ਨੂੰ ਮਾਰ ਦਿੱਤਾ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰ-ਗੁਜ਼ਾਰ ਤਾਂ ਹੋ ਗਿਆ ਪਰ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ। ਇਹ ਸੱਚਮੁਚ ਹੀ ਮੁਗਲ ਹਕੂਮਤ ਲਈ ਖਤਰਾ ਹਨ। ਇਸ ਬਗਾਵਤ ਨੂੰ ਦਬਾਅ ਦੇਣਾ ਚਾਹੀਦਾ ਹੈ। ਉਸਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦੀ ਸਨ। ਜੋ ਬਹੁਤ ਮਾੜਾ ਜੀਵਨ ਬਿਤਾ ਰਹੇ ਸਨ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਹਨਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਗੁਰੂ ਜੀ ਦੀ ਨਜਾਇਜ਼ ਲੰਮੀ ਹੁੰਦੀ ਜਾ ਰਹੀ ਸਜ਼ਾ ਤੇ ਰੋਹ ਜਾਗ ਪਿਆ। ਸਿੱਖਾਂ ਨੇ ਰਿਹਾਈ ਲਈ ਵਿਦਰੋਹ ਕੀਤਾ। ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨਾ ਚਾਹਿਆ। ਗੁਰੂ ਜੀ ਨੇ ਆਪਣੀ ਰਿਹਾਈ ਦੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ।

ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਸ਼ਹਿਰ ਵਿਚ ਦੀਪਮਾਲਾ ਕੀਤੀ। ਗੁਰੂ ਜੀ ਦੀ ਉਪਮਾ 'ਬੰਦੀ ਛੋੜ' ਕਹਿ ਕੇ ਕੀਤੀ। ਗੁਰੂ ਜੀ ਜਦ ਦਿੱਲੀ ਪਹੁੰਚੇ ਤਾਂ ਬਾਦਸ਼ਾਹ ਜਹਾਂਗੀਰ ਦਰਸ਼ਨਾਂ ਲਈ ਆਇਆ। ਫਿਰ ਅੰਮ੍ਰਿਤਸਰ ਵੀ ਆਇਆ। ਗੁਰੂ ਜੀ ਨੇ ਮਾਝਾ, ਦੁਆਬਾ ਦਾ ਪ੍ਰਚਾਰ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ੍ਰੀਨਗਰ ਤੇ ਬਾਰਾਮੁਲਾ ਦੇ ਰਸਤੇ ਪੰਜਾ ਸਾਹਿਬ ਰਹਤਾਸ, ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੌਲਾ ਸ਼ਾਹ ਨਾਲ ਭੇਂਟ ਹੋਈ। ਉਸਦੇ ਸ਼ੰਕੇ ਦੂਰ ਕੀਤੇ ਕਿ ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜਰਾਨ, ਪੁੱਤਰ ਨਿਸ਼ਾਨ, ਆਰਫ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਆਚਾਰ, ਮਾਰੂਥਲ ਮੇ ਜਲ ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ। ਸੰਨ 1626 ਈ: ਵਿਚ ਉਸਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ 'ਤੇ ਬੈਠਾ। ਉਸਨੇ ਗੁਰੂ ਜੀ ਨੂੰ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੂੰ ਚਾਰ ਜੰਗਾਂ ਸਹੇੜਨੀਆਂ ਪਈਆਂ, ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਮੁਗਲ ਫੌਜ ਦੇ ਇਕੱਲੇ-ਇਕੱਲੇ ਸੈਨਾਪਤੀ ਨੂੰ ਮਾਰ ਮੁਕਾਇਆ।

1. ਪਹਿਲੀ ਜੰਗ ਮਈ 1628 ਈ: ਵਿਚ ਅੰਮ੍ਰਿਤਸਰ ਵਿਖੇ ਹੋਇਆ ਮੁਗਲ ਸੈਨਾਪਤੀ ਮੁਖਲਿਸ ਖਾਂ ਸੀ।
2. ਦੂਸਰਾ ਜੰਗ ਸਤੰਬਰ 1629 ਈ: ਹਰਿਗੋਬਿੰਦਪੁਰ ਵਿਖੇ ਹੋਇਆ ਮੁਗਲ ਸੈਨਾਪਤੀ ਅਬਦੁਲਾਹ ਖਾਂ ਸੀ।
3. ਤੀਜੀ ਜੰਗ ਨਵੰਬਰ 1631 ਈ: ਮਰਾਝ ਵਿਖੇ ਹੋਈ, ਸੈਨਾਪਤੀ ਲਲਾ ਬੇਗ ਸੀ।
4. ਚੌਥੀ ਜੰਗ 1634ਈ: ਵਿਚ ਕਰਤਾਰਪੁਰ ਵਿਖੇ ਹੋਈ, ਸੈਨਾਪਤੀ ਸੀ ਕਾਲੇ ਖਾਂ ਅਤੇ ਪੈਂਦੇ ਖਾਂ।

ਜੰਗਾਂ ਉਪਰੰਤ ਗੁਰੂ ਜੀ ਸ਼ਾਂਤਮਈ ਜਗ੍ਹਾ ਦੀ ਤਲਾਸ਼ ਵਿਚ ਸਨ ਤਾਂ ਕੀਰਤਪੁਰ ਦੀ ਉਸਾਰੀ ਕੀਤੀ, ਜਿੱਥੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਿਤ ਕੀਤਾ। ਆਪਣੇ ਛੋਟੇ ਪੋਤਰੇ ਹਰਿਰਾਏ ਸਾਹਿਬ ਜੀ ਨੂੰ ਮਾਰਚ 1644ਈ: ਵਿਚ ਗੁਰਗੱਦੀ ਸੌਂਪੀ। ਆਪ 3 ਮਾਰਚ 1644 ਈ: ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।

ਮਾਨਵੀ ਮੁੱਲਾਂ ਦਾ ਹਾਸ਼ੀਏ 'ਤੇ ਧੱਕੇ ਜਾਣਾ ਮੰਦਭਾਗਾ

ਕਿਸੇ ਵੀ ਧਰਮ/ ਸਮਾਜ ਅੰਦਰ ਆਈਆਂ ਕੁਰੀਤੀਆਂ ਧਰਮ/ਸਮਾਜ ਦੀ ਸਾਖ ਨੂੰ ਢਾਅ ਲਾਉਂਦੀਆਂ ਹਨ। ਹਰ ਧਰਮ/ ਸਮਾਜ ਦੇ ਅਨੁਯਾਈਆਂ ਵੱਲੋਂ ਇਹਨਾਂ ਕੁਰੀਤੀਆਂ ਨੂੰ ਇਮਾਨਦਾਰੀ ਨਾਲ ਵਿਚਾਰ ਕੇ ਦੂਰ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਦੂਜਿਆਂ ਵੱਲੋਂ ਸਮੇਂ-ਸਮੇਂ ਤੇ ਵੱਖ-ਵੱਖ ਤਰੀਕਿਆਂ ਨਾਲ ਲੱਗਦੇ ਦੋਸ਼ਾਂ ਜਾਂ ਇਤਰਾਜ਼ਾਂ ਤੋਂ ਬਚਿਆ ਜਾ ਸਕੇ। ਮੇਰਾ ਕੀ ਕਸੂਰ ਗੀਤ ਦੇ ਵਿਸ਼ੇ ਨੂੰ ਲੈ ਕੇ ਬਹੁਤ ਸਾਰੇ ਲੋਕਾਂ ਵੱਲੋਂ ਵੱਖ-ਵੱਖ ਮਾਧਿਅਮਾਂ ਰਾਹੀਂ ਆਪਣੇ ਵਿਚਾਰ ਟਿੱਪਣੀਆਂ ਦੇ ਰੂਪ ਵਿਚ ਪ੍ਰਗਟ ਕੀਤੇ ਗਏ ਹਨ ਅਤੇ ਇਸ ਤੋਂ ਵੱਧ ਲੋਕਾਂ ਦੇ ਵਿਚਾਰ ਉਹਨਾਂ ਦੇ ਜ਼ਿਹਨ ਵਿਚ ਖੌਰੂ ਪਾ ਰਹੇ ਹੋਣਗੇ। ਗੀਤ ਰਾਹੀਂ ਕੇਂਦਰ ਵਿਚ ਆਈਆਂ ਗੱਲਾਂ ਨੂੰ ਤਹੱਮਲ ਨਾਲ ਸੋਚ ਵਿਚਾਰ ਕਰਕੇ ਉਹਨਾਂ ਦੇ ਹੱਲ ਲੱਭਣ ਦੀ ਲੋੜ ਹੈ, ਨਾ ਕਿ ਤੈਸ਼ ਵਿਚ ਆ ਕੇ ਗੱਲ ਨੂੰ ਵਿਗਾੜਨ ਦੀ।

ਧਰਮ/ਸਮਾਜ ਵਿਚ ਆਈਆਂ ਕੁਰੀਤੀਆਂ ਉਤੇ ਚੋਟ, ਤਿੱਖੇ ਪ੍ਰਤੀਕਰਮ, ਮੱਧਕਾਲ ਦੀ ਕਵਿਤਾ ਰਾਹੀਂ ਹੁੰਦੇ ਆਏ ਹਨ। ਫਿਰ ਵੀ ਬਹੁਤ ਸਾਰੀਆਂ ਕੁਰੀਤੀਆਂ/ਪ੍ਰਸੰਗ ਉਸੇ ਰੂਪ ਵਿਚ ਚਲਦੇ ਆ ਰਹੇ ਹਨ ਅਤੇ ਚਲਦੇ ਰਹਿਣਗੇ। ਮੱਧਕਾਲ ਦੀ ਗੁਰਮਤਿ ਕਾਵਿ, ਸੂਫੀ ਕਾਵਿ ਅਤੇ ਭਗਤੀ ਕਾਵਿ ਰਾਹੀਂ ਰਚਨਾਕਾਰਾਂ ਨੇ ਧਰਮਾਂ/ਸਮਾਜਾਂ ਵਿਚ ਆਈਆਂ ਕੁਰੀਤੀਆਂ ਨੂੰ ਭੰਡਿਆ ਹੀ ਨਹੀਂ ਸਗੋਂ ਜੋ ਮਾਨਵਤਾ ਦੇ ਅਕਸ ਨੂੰ ਢਾਹ ਲਾਉਂਦੀਆਂ ਜਾਂ ਮਾਨਵਤਾ ਨੂੰ ਸ਼ਰਮਸਾਰ ਕਰਦੀਆਂ ਹਨ, ਉਤੇ ਨਿਡਰ ਅਤੇ ਜ਼ੋਰਦਾਰ ਸ਼ਬਦਾਂ ਵਿਚ ਕਰਾਰੀਆਂ ਚੋਟਾਂ ਕੀਤੀਆਂ। ਇਸ ਪਿੱਛੇ ਭਾਵਨਾ ਕਿਸੇ ਧਰਮ/ਸਮਾਜ ਨੂੰ ਨੀਵਾਂ ਦਿਖਾਉਣਾ ਨਹੀਂ, ਸਗੋਂ ਉਹਨਾਂ ਕੁਰੀਤੀਆਂ/ਖਾਮੀਆਂ ਨੂੰ ਦੂਰ ਕਰਕੇ ਹੋਰ ਸੁੰਦਰ ਅਤੇ ਮਾਨਵਤਾ ਦੇ ਭਲੇ ਲਈ ਯੋਗ ਬਣਾਉਣਾ ਹੀ ਸੀ।

ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਤਾਣੇ-ਬਾਣੇ ਨੂੰ ਉਲਝਿਆ ਵੇਖ ਗੀਤਕਾਰ ਦੀ ਤਰ੍ਹਾਂ ਹਰ ਦੂਜੇ ਤੀਜੇ ਸੰਵੇਦਨਸ਼ੀਲ ਮਨੁੱਖ ਦੀ ਇਹੀ ਸੋਚ ਹੋਵੇਗੀ। ਅਸਲ ਵਿਚ ਵਿਚਾਰ ਕਰਨ ਵਾਲੀ ਗੱਲ ਇਹ ਆ ਪਈ ਗੀਤਕਾਰ ਦੇ ਦਿਮਾਗ ਵਿਚ ਇਹ ਖਿਆਲ ਆਏ ਕਿੱਥੋਂ, ਕੁਦਰਤੀ ਹੈ ਪ੍ਰਚਾਰ, ਪ੍ਰਸਾਰ ਦੇ ਬਹੁਤ ਸਾਰੇ ਸਾਧਨ ਹਨ, ਜਿਸ ਰਾਹੀਂ ਆਪਣੇ ਦੇਸ਼ ਅਤੇ ਬਾਹਰੀ ਮੁਲਕਾਂ ਬਾਰੇ ਵੀ ਬਹੁਤ ਕੁਝ ਦੇਖਣ-ਸੁਣਨ ਲਈ ਮਿਲ ਜਾਂਦਾ ਹੈ। ਗੀਤਕਾਰ ਵੀ ਉਸ ਦਾ ਇਕ ਹਿੱਸਾ ਹੈ। ਗੀਤਕਾਰ ਨੇ ਗੀਤ ਵਿਚ ਜੋ ਪੇਸ਼ ਕੀਤਾ, ਉਹ ਕੋਈ ਨਵਾਂ ਨਹੀਂ ਹੈ। ਲੰਮੀ ਪ੍ਰੰਪਰਾ ਦਾ ਹਿੱਸਾ ਹੈ। ਪ੍ਰੰਪਰਾ ਵਿਚ ਪਏ ਅਜਿਹੇ ਪ੍ਰਸੰਗਾਂ ਨੂੰ ਲੈ ਕੇ ਗੀਤਕਾਰ ਨੇ ਜੋ ਇਤਰਾਜ਼ ਉਠਾਏ ਹਨ, ਅਸਲ ਵਿਚ ਉਹ ਗੌਲਣਯੋਗ ਹਨ, ਜੋ ਰੋੜ੍ਹਨਾ ਰੋੜ੍ਹੀ ਜਾਓ, ਜੋ ਪੀਣਾ ਪੀ ਜਾਓ, ਉਚਿਆਂ ਨੂੰ ਉਚੇ ਕਰੀ ਜਾਓ, ਆਦਿ ਹੋਰ ਵੀ ਬਹੁਤ ਕੁਝ ਹੈ ਜਿਸ ਨੂੰ ਲੈ ਕੇ ਕਿਸੇ ਨੂੰ ਕੋਈ ਦੁੱਖ ਨਹੀਂ, ਕੋਈ ਲੈਣ-ਦੇਣ ਨਹੀਂ, ਕੋਈ ਇਤਰਾਜ਼ ਨਹੀਂ। ਇਹ ਸਾਰਾ ਕੁਝ ਹੋਈ ਜਾਂਦਾ ਹੈ, ਪਰ ਸਮੱਸਿਆ ਤਾਂ ਉਦੋਂ ਬਣਦੀ ਹੈ ਦੁੱਖ ਤਾਂ ਉਦੋਂ ਲੱਗਦਾ ਹੈ ਜਦੋਂ ਨੀਵੀਂ ਜਾਤ ਦੇ ਮਨੁੱਖ/ਔਰਤ ਦੇ ਛੋਹ ਜਾਣ ਤੇ ਕੁੱਤਿਆਂ ਵਰਗਾ ਉਸ ਨਾਲ ਵਿਵਹਾਰ ਕੀਤਾ ਜਾਂਦਾ ਹੈ। ਧਾਰਮਿਕ ਸਥਾਨ ਦੇ ਅੰਦਰ ਗਰੀਬ/ਨੀਵੀਂ ਜਾਤ ਦੇ ਲੋਕਾਂ ਨੂੰ ਦੁਰਕਾਰਿਆ ਜਾਂਦਾ ਹੈ। ਸਭ ਧਰਮਾਂ ਦੇ ਅੰਦਰ ਇਸ ਤਰ੍ਹਾਂ

10 ਮਈ ਮਾਂ ਦਿਵਸ 'ਤੇ ਵਿਸ਼ੇਸ਼

"ਮਾਂ ਉਹ ਬੈਂਕ ਹੈ ਜਿਥੇ ਅਸੀਂ ਆਪਣੇ ਦੁੱਖ ਅਤੇ ਚਿੰਤਾਵਾਂ ਜਮਾਂ ਕਰਦੇ ਹਾਂ"

ਧਰਤੀ ਦੇ ਉਤੇ ਇਕ 'ਮਾਂ' ਹੀ ਹੈ ਜੋ ਆਪਣਾ ਪਿਆਰ ਆਪਣੇ ਸਾਰੇ ਬੱਚਿਆਂ ਦੇ ਵਿਚ ਬਰਾਬਰ ਵੰਡ ਸਕਦੀ ਹੈ ਤੇ ਹਰ ਬੱਚਾ ਮਾਂ ਤੋਂ ਸਾਰਾ ਪਿਆਰ ਲੈ ਸਕਦਾ ਹੈ। ਦੇਖਣ ਅਤੇ ਬੋਲਣ ਵਿਚ ਇਕ ਅੱਖਰ ਦਾ ਬਣਿਆ ਸ਼ਬਦ ਹੈ 'ਮਾਂ'। ਪਰ ਇਹ ਇਕੋ ਅੱਖਰ ਆਪਣੇ ਅੰਦਰ ਇਕ ਵਿਸ਼ਾਲ ਸੁਮੰਦਰ ਜਿੰਨਾ ਜ਼ਿਗਰਾ, ਹੀਰੇ ਮੋਤੀਆਂ ਵਰਗੇ ਵਿਚਾਰ ਅਤੇ ਪਾਣੀ ਵਾਂਗ ਹਰ ਰੰਗ ਵਿਚ ਰਮ ਜਾਣ ਵਰਗੇ ਸਰਬਉੱਚ ਗੁਣ ਸਮੋਈ ਸਦੀਆਂ ਤੋਂ ਚਲਿਆ ਆ ਰਿਹਾ ਹੈ। ਤੁਸੀਂ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠੇ ਹੋਵੋ 'ਮਾਂ' ਸ਼ਬਦ ਜ਼ਿਹਨ ਵਿਚ ਆਉਂਦਿਆਂ ਹੀ ਠੰਢੇ ਬੁਲ੍ਹੇ ਦੀ ਤਰ੍ਹਾਂ ਦਿਲ-ਦਿਮਾਗ਼ ਤਾਂ ਕੀ ਸਰੀਰ ਦੇ ਪੂਰੇ ਨਾਰੀ ਤੰਤਰ ਵਿਚ ਇਕ ਤਰ੍ਹਾਂ ਠੰਢਕ ਪਹੁੰਚਣ ਲਗਦੀ ਹੈ ਬਸ਼ਰਤੇ ਕਿ ਉਹ ਜ਼ਿਹਨ ਇਕ ਸਪੁੱਤਰ ਜਾਂ ਸਪੁੱਤਰੀ ਦਾ ਹੋਵੇ। ਗੁਰਬਾਣੀ ਤੋਂ ਪੁਛੀਏ ਕਿ ਮਾਤਾ ਕੀ ਹੈ ਤਾਂ ਫੁਰਮਾਨ ਹੈ 'ਮਾਤਾ ਧਰਤਿ ਮਹਤੁ' ਕਹਿਣ ਤੋਂ ਭਾਵ ਮਾਤਾ ਉਹ ਹੈ ਜਿਸ ਦਾ ਜਿਗਰਾ ਤੇ ਸਹਿਣਸ਼ਕਤੀ ਧਰਤੀ ਵਾਂਗਰਾ ਹੋਵੇ। ਇਕ ਅੰਗਰੇਜ਼ ਵਿਦਵਾਨ ਵੀ ਲਿਖਦਾ ਹੈ ਕਿ 'ਮਾਂ ਉਹ ਬੈਂਕ ਹੈ ਜਿਥੇ ਅਸੀਂ ਆਪਣੇ ਦੁੱਖ ਅਤੇ ਚਿੰਤਾਵਾਂ ਜਮਾਂ ਕਰਦੇ ਹਾਂ''।

'ਮਾਂ' ਦੀ ਮਮਤਾ ਦੀ ਵਿਸ਼ਾਲਤਾ ਦਾ ਇਸ ਗੱਲੋਂ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਜੀਵ-ਜੰਤੂਆਂ ਦੀ ਦੁਨੀਆ ਵਿਚ ਵੀ 'ਮਾਂ' ਆਪਣੇ ਮਮਤਾਈ ਭਰੇ ਗੁਣ ਵਿਸਰਨ ਨਹੀਂ ਦਿੰਦੀ। ਉਦਾਹਰਣ ਦੇ ਤੌਰ 'ਤੇ ਜਦੋਂ ਕਿਤੇ ਪਸ਼ੂ-ਪੰਛੀ ਦੀ ਮਾਂ ਵਿਛੜ ਜਾਏ ਤਾਂ ਜਿਵੇਂ ਉਹ ਪਸ਼ੂ ਜਾਂ ਪੰਛੀ ਅੜਿੰਗ-ਅੜਿੰਗ ਜਾਂ ਚੀਂ-ਚੀਂ ਕਰ ਕੇ ਵਾਜਾਂ ਮਾਰਦਾ ਹੈ ਉਹ ਕਈ ਛੋਟੇ ਦਿਲ ਵਾਲਿਆਂ ਕੋਲੋਂ ਦੇਖਿਆ ਨਹੀਂ ਜਾ ਸਕਦਾ, ਫਿਰ ਬੱਚੇ ਤੱਕ ਦੇ ਮੂੰਹ ਵਿਚੋਂ ਆਪ-ਮੁਹਾਰੇ ਨਿਕਲ ਜਾਂਦਾ ਹੈ ਕਿ ਇਸ ਨੂੰ ਇਸ ਦੀ ਮਾਂ ਕੋਲ ਛੱਡ ਦਿਉ। ਇਹ ਹੈ ਮਾਂ ਦੀ ਮਮਤਾ। ਯੂ. ਟਿਊਬ ਉਤੇ ਅਜਿਹੇ ਵਰਤਾਰੇ ਦੀਆਂ ਆਮ ਵੀਡੀਓਜ਼ ਵੇਖਣ ਨੂੰ ਮਿਲਦੀਆਂ ਹਨ।

ਅਸੀਂ ਤਾਂ ਫਿਰ ਵੀ ਗੁਰਬਾਣੀ ਅਨੁਸਾਰ 84 ਲੱਖ ਜੀਵਾਂ ਵਿੱਚੋਂ ਇਕ ਸ਼੍ਰੇਸ਼ਟ ਜੀਵ ਅਤੇ ਬੁੱਧੀਮਾਨ ਪ੍ਰਾਣੀ ਹਾਂ, ਸਾਨੂੰ ਤਾਂ ਇਸ ਮਮਤਾ ਰੂਪੀ ਰੱਬ ਦੀ ਹੋਰ ਸਮਝ ਹੋ ਸਕਦੀ ਹੈ। ਸਾਡੇ ਦੇਸ਼ ਵਿਚ ਹੀ ਮਾਂ ਦੇ ਰੂਪ ਵਿਚ ਰੱਬ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਮਾਂ ਨੂੰ ਰੱਬ ਦਾ ਦੂਜਾ ਰੂਪ ਵੀ ਮੰਨਿਆ ਜਾਂਦਾ ਹੈ। ਸਾਡੇ ਮੰਦਿਰਾਂ ਵਿਚ ਭਗਵਾਨ ਦੇ ਰੂਪ ਵਿਚ ਮਾਂ ਦੀਆਂ ਮੂਰਤੀਆਂ ਸਥਾਪਿਤ ਹਨ।

ਮਾਂ ਦੇ ਹੱਥਾਂ ਵਿਚ ਜਾਦੂ ਵੀ ਹੁੰਦਾ ਹੈ, ਇਸ ਸੁੱਖਦ ਗੱਲ ਦਾ ਅਹਿਸਾਸ ਉਨ੍ਹਾਂ ਲੋਕਾਂ ਕੋਲੋਂ ਪੁਛਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਛੋਟੇ ਹੁੰਦਿਆਂ ਆਪਣੀਆਂ ਪੁ²ੜਪੁੜੀਆਂ ਵਿਚ ਤੇਲ ਝਸਾਉਣ, ਕਿੱਕਰਾਂ ਦਾ ਲੱਗਿਆ ਕੰਡਾ ਕਢਾਉਣ ਦਾ ਜਾਂ ਅੱਖ ਚੁੱਭਣ 'ਤੇ ਚੁੰਨੀ ਨਾਲ ਭਾਫ਼ ਲੈਣ ਦਾ ਸੁਭਾਗ ਸਮਾਂ ਆਪਣੀ ਮਾਂ ਕੋਲੋਂ ਪ੍ਰਾਪਤ ਹੋਇਆ ਹੈ। ਕੁੜੀਆਂ ਲਈ ਮਾਂ ਸਿਰਫ ਮਾਂ ਹੀ ਨਹੀਂ ਹੁੰਦੀ ਵੱਡੀ ਉਮਰ ਹੁੰਦਿਆਂ ਹੀ ਉਹ ਇਕ ਆਦਰਸ਼ ਸਹੇਲੀ ਦੇ ਰੂਪ ਵਿਚ ਬਦਲ ਜਾਂਦੀ ਹੈ। ਜਦੋਂ ਵੀ ਕਿਤੇ ਦਿਲੋ ਦਰਦ ਬਾਹਰ ਨਿਕਲਦਾ ਹੈ ਤਾਂ ਜ਼ੁਬਾਨ ਦੇ ਉਤੇ ਮਾਂ ਦਾ ਨਾਂਅ ਆਹ ਨਿਕਲਦਾ ਹੈ। ਕੁੜੀਆਂ ਗੋਡਿਆਂ ਦੇ ਵਿਚ ਸਿਰ ਦੇ ਕੇ ਰੋਂਦੀਆਂ ਮਾਂ ਨੂੰ ਯਾਦ ਕਰਦੀਆਂ ਹਨ। ਪ੍ਰਵਾਸੀ ਹੰਢਾ ਰਹੀਆਂ

ਕੁੜੀਆਂ ਰੋਟੀ ਖਾਣ ਤੋਂ ਪਹਿਲਾਂ ਮਾਂ ਦੀ ਸੁੱਖ ਸਾਂਦ ਪੁੱਛਦੀਆਂ ਹਨ। ਇਕ 'ਮਾਂ' ਹੀ ਹੈ ਜਿਹੜੀ ਸਾਨੂੰ ਦੁਨੀਆ ਵਿਚ ਮਾਂ ਕਹਿਣ, ਕਹਾਉਣ ਅਤੇ ਮਾਂ-ਪਿਉ ਬਣ ਰੱਬ ਦਾ ਰੂਪ ਬਣਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸ ਦੁਨੀਆ ਵਿਚ ਮਾਂ ਦਾ ਸਤਿਕਾਰ ਕਰਨ ਵਾਲੇ ਸਪੁੱਤਰ ਵੀ ਬਹੁਤ ਹਨ ਅਤੇ ਮਾਂ ਦਾ ਨਿਰਾਦਰ ਕਰਨ ਵਾਲੇ ਕੁਪੁੱਤਰ ਵੀ ਬਹੁਤ ਹਨ। ਕਈਆਂ ਵਿਚਾਰਿਆਂ ਦੀ ਮਾਂ ਜਨਮ ਦਿੰਦੇ ਸਾਰ ਜਾਂ ਬਹੁਤ ਛੋਟੀ ਉਮਰੇ ਆਪਣੇ ਬੱਚਿਆਂ ਨੂੰ ਛੱਡ ਕੇ ਇਸ ਜ਼ਹਾਨ ਤੋਂ ਕੂਚ ਕਰ ਗਈ ਹੁੰਦੀ ਹੈ ਉਨ੍ਹਾਂ ਲਈ ਤਾਂ ਮਾਂ ਇਕ ਤਰ੍ਹਾਂ ਨਾਲ ਸੁਪਨਾ ਜਾਂ ਸ਼ਬਦੀ ਅੱਖਰ ਬਣ ਕੇ ਰਹਿ ਗਈ ਹੁੰਦੀ ਹੈ। ਉਨ੍ਹਾਂ ਨੂੰ ਤਾਂ ਮਾਂ ਡੂੰਘੇ ਹਉਕਿਆਂ ਦੇ ਵਿਚ ਵਹਿ ਗਈ ਇਕ ਤਮੰਨਾ ਨਜ਼ਰ ਆਉਂਦੀ ਹੈ।

ਅੱਜ ਪੂਰਾ ਸੰਸਾਰ ਪੜ੍ਹਾਈ-ਲਿਖਾਈ ਅਤੇ ਕੰਮ ਕਾਰ ਵਿਚ ਐਨਾ ਰਚ ਕੇ ਰਹਿ ਗਿਆ ਹੈ ਕਿ ਉਹ ਆਪਣੇ ਘਰ, ਫਿਰ ਦੇਸ਼ ਦੀਆਂ ਹੱਦਾਂ ਬੰਨੇ ਟੱਪ ਕੇ ਦੂਜੇ ਦੇਸ਼ਾਂ ਵਿਚ ਗੁਆਚੇ ਵਾਂਗ ਰਹਿਣ ਤੱਕ ਮਜ਼ਬੂਰ ਹੋ ਗਿਆ ਹੈ। ਇਨ੍ਹਾਂ ਹਲਾਤਾਂ ਵਿਚ ਉਹ ਜਿੱਥੇ ਸਿਰਫ 'ਕੰਮ ਦਾ ਪੁੱਤ' ਬਣ ਕੇ ਰਹਿ ਕੇ ਜਾਂਦਾ ਹੈ ਉੱਥੇ ਉਸਦੇ ਪਿਛੇ ਉਸ ਦੀ ਮਾਂ ਸੁੱਖਾਂ ਸੁੱਖਦੀ ਇਕ ਬਿਨਾਂ ਦੇਖ-ਭਾਲ ਦੀ ਹੋਂਦ ਕਾਰਨ ਸੁੱਕ ਰਹੇ ਦਰੱਖਤ ਦੇ ਮੁੱਢ ਬਣ ਕੇ ਰਹਿ ਜਾਂਦੀ ਹੈ। ਪਰ ਰੋਜ਼ੀ ਰੋਟੀ ਤੇ ਚੰਗੇਰੇ ਭਵਿੱਖ ਦੀ ਮਜ਼ਬੂਰੀ ਇਸ ਲਾ²ਡਲੇ ਪੁੱਤਰ ਨੂੰ ਅੱਖਾਂ ਤੋਂ ਭਾਵੇਂ ਦੂਰ ਕਰ ਦਿੰਦੀ ਹੈ ਪਰ ਦਿਲ ਵਿਚ ਉਹ ਅੱਗੇ ਤੋਂ ਵੀ ਜ਼ਿਆਦਾ ਨੇੜੇ ਆ ਜਾਂਦਾ ਹੈ। ਸੋ ਮਾਂ ਦੇ ਅਹਿਸਾਨਾਂ ਅਤੇ ਲਾਡਾਂ-ਪਿਆਰਾਂ ਦੇ ਦੇਣ ਦਾ ਪਲੜਾ ਤਾਂ ਕੋਈ ਬਰਾਬਰ ਨਹੀਂ ਕਰ ਸਕਦਾ ਪਰ ਫਿਰ ਵੀ ਅੱਜ ਦੇ ਆਧਨਿਕ ਬਣੇ ਮਨੁੱਖ ਨੇ 365 ਦਿਨਾਂ ਵਿੱਚੋਂ ਇਕ ਦਿਨ ਜ਼ਰੂਰ ਅਜਿਹਾ ਰੱਖ ਲਿਆ ਗਿਆ ਹੈ, ਜਿਸ ਦਿਨ ਨੂੰ 'ਮਾਂ ਦਿਵਸ' ਦੇ ਨਾਂਅ ਨਾਲ ਜਾਣਿਆ ਅਤੇ ਮਾਣਿਆ ਜਾ ਸਕੇ। ਬਹੁਤੇ ਮੁਲਕਾਂ ਵਿਚ ਇਹ ਦਿਵਸ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਨਿਰਧਾਰਤ ਕੀਤਾ ਗਿਆ ਹੈ। ਕਈ ਦੇਸ਼ਾਂ ਵਿਚ ਇਹ ਤਰੀਕ ਤੇ ਸਮਾਂ ਵੱਖਰਾ ਵੀ ਹੈ। ਇਸ ਦਿਵਸ ਨੂੰ ਸ਼ੁਰੂ ਹੋਇਆਂ ਵੀ ਕੋਈ ਬਹੁਤਾ ਸਮਾਂ ਨਹੀਂ ਹੋਇਆ। 1908 ਵਿਚ ਇਸ ਨੂੰ ਬਾਹਰਲੇ ਮੁਲਕਾਂ ਵਿਚ ਆਮ ਲੋਕਾਂ ਨੇ ਖੁੱਲ੍ਹ ਕੇ ਮਨਾਇਆ ਸੀ। ਇਸ ਤੋਂ ਬਾਅਦ 1914 ਵਿਚ ਅਮਰੀਕਾ ਦੇ ਰਾਸ਼ਟਰਪਤੀ ਨੇ ਕਾਨੂੰਨੀ ਤੌਰ 'ਤੇ ਇਸ ਨੂੰ 'ਮਾਂ-ਦਿਵਸ' ਐਲਾਨ ਦਿੱਤਾ ਸੀ। ਇਸ ਤੋਂ ਪਹਿਲਾਂ ਇਹੀ ਦਿਨ ਇੰਗਲੈਂਡ ਵਿਚ 'ਮਦਰਿੰਗ ਸੰਡੇ' ਦੇ ਨਾਂਅ ਨਾਲ ਮਨਾਇਆ ਜਾਂਦਾ ਸੀ। ਯੂਗੋਸਲਾਵੀਆ ਅਤੇ ਹੋਰ ਕਈ ਦੇਸ਼ ਇਸ ਦੀ ਰੀਸੇ ਆਪਣੇ ਮੁਲਕ ਵਿਚ ਵੀ ਇਹ ਦਿਨ ਮਨਾਉਂਦੇ ਸਨ। ਮੌਜੂਦਾ 'ਮਾਂ-ਦਿਵਸ' ਦੀ ਬਾਨੀ ਦੇ ਤੌਰ 'ਤੇ ਵਰਜੀਨੀਆ ਦੀ ਇਕ ਮਹਿਲਾ 'ਅੱਨਾ ਜਾਰਵਿਸ ਐਮ (1864-1948) ਨੂੰ ਮੰਨਿਆ ਜਾਂਦਾ ਹੈ।

ਉਂਝ ਇਸ 'ਮਾਂ ਦਿਵਸ' ਨੂੰ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਦਰਜ਼ਾ ਦਿਵਾਉਣ ਵਿਚ ਅਮਰੀਕਾ ਦੀ ਪ੍ਰਸਿੱਧ ਲੇਖਿਕਾ ਜੂਲੀਆ ਵਾਰਡ ਹੋਵੇ (1819-1910) ਦਾ ਵੀ ਕਾਫੀ ਯੋਗਦਾਨ ਰਿਹਾ ਹੈ। ਇਸ ਨੇ 1861 ਵਿਚ ਹੋਈ ਅਮਰੀਕਾ ਦੀ 'ਸਿਵਲ ਬਾਰ' ਬਾਰੇ ਇਕ ਕਿਤਾਬ ਵੀ ਲਿਖੀ ਸੀ ਜੋ ਕਿ ਚਰਚਾ ਦਾ ਵਿਸ਼ਾ ਬਣ ਗਈ ਸੀ। ਇਹ ਕਿਤਾਬ ਉਸ ਨੇ ਇਸ ਖ਼ੁਦ ਫੌਜੀ ਕੈਂਪਾਂ ਦਾ ਦੌਰਾ ਕਰਕੇ ਲਿਖੀ ਸੀ। ਇਸ ਲੜਾਈ ਤੋਂ ਪ੍ਰਭਾਵਿਤ ਔਰਤਾਂ ਦੀ ਦੁਰਦਸ਼ਾਂ ਵੀ ਇਸ ਨੇ ਆਪਣੀ ਕਿਤਾਬ ਵਿਚ ਬਾ-ਖੂਬੀ ਪੇਸ਼ ਕੀਤੀ ਸੀ। ਇਨ੍ਹਾਂ ਦੁਖਿਆਰੀ ਔਰਤਾਂ ਦੀ ਭਲਾਈ ਲਈ ਇਸ ਨੇ ਕਈ ਤਰ੍ਹਾਂ ਦੇ ਸਮਾਜ ਸੇਵੀ ਕੰਮ ਵੀ ਸ਼ੁਰੂ ਕੀਤੇ। ਇਸ ਨੇ ਅਮਰੀਕਾ ਵਿਚ 'ਮਾਂ ਦਿਵਸ' ਮਨਾਉਣ ਦੀ ਸ਼ੁਰੂਆਤ 1872 ਵਿਚ ਹੀ ਕਰ ਦਿੱਤੀ ਸੀ।

1887 ਵਿਚ ਇਕ ਵੱਡਾ ਸਮਾਗਮ ਵੀ ਕੀਤਾ ਗਿਆ। ਇਸ ਤੋਂ ਬਾਅਦ ਲਗਾਤਾਰ ਸਮਾਗਮ ਕੀਤੇ ਅਤੇ 1904 ਤੱਕ ਸਭ ਦੇਸ਼ਾਂ ਤੇ ਲੋਕਾਂ ਦਾ ਧਿਆਨ ਇਸ 'ਮਾਂ -ਦਿਵਸ' ਵੱਲ ਖਿੱਚਣ ਦਾ ਟੀਚਾ ਮਿੱਥਿਆ ਗਿਆ। ਇਸ ਗੱਲ ਨੂੰ ਸਿਰੇ ਚਾੜ੍ਹਨ ਲਈ ਅੱਨਾ ਜਾਰਵਿਸ ਨੇ ਰਾਸ਼ਟਰੀ ਪੱਧਰ 'ਤੇ ਇਸ ਸਬੰਧੀ ਲੋਕਾਂ ਨੂੰ ਜਾਗੂਰਿਕ ਕਰਨ ਦਾ ਬੀੜਾ ਚੁੱਕਿਆ। ਇਸ ਨੇ ਮਈ ਦੇ ਦੂਜੇ ਐਤਵਾਰ ਨੂੰ ਇਸ ਵਿਸ਼ੇਸ਼ ਦਿਨ ਲਈ ਚੁਣਿਆ। ਇਸ ਦਿਨ ਜਿਨ੍ਹਾਂ ਦੀ ਮਾਂ ਜਿੰਦਾ ਹੁੰਦੀ ਹੈ ਉਨ੍ਹਾਂ ਨੂੰ ਰੰਗ-ਬਿਰੰਗੇ ਫੁੱਲਾਂ ਦੀ ਛਾਪ ਵਾਲੇ ਕੱਪੜੇ ਪਹਿਨਣ ਲਈ ਕਿਹਾ ਗਿਆ ਜਦ ਕਿ ਜਿਨ੍ਹਾਂ ਦੀ ਮਾਂ ਸਦਾ ਲਈ ਵਿਛੜ ਚੁੱਕੀ ਹੁੰਦੀ ਹੈ ਉਨ੍ਹਾਂ ਲਈ ਚਿੱਟੇ ਰੰਗ ਦੇ ਫੁੱਲਾਂ ਵਾਲੇ ਕੱਪੜੇ ਪਹਿਨਣ ਲਈ ਕਿਹਾ ਗਿਆ। 10 ਮਈ, 1908 ਨੂੰ ਪਹਿਲਾ ਵੱਡਾ ਸਮਾਗਮ ਗ੍ਰਾਫਨ ਸ਼ਹਿਰ ਦੇ ਇਕ ਚਰਚ ਵਿਚ ਅਤੇ ਫਿਲਾਡੇਲਫੀਆ ਵਿਚ ਕਈ ਜਗ੍ਹਾ ਅਜਿਹੇ ਸਮਾਗਮ ਕੀਤੇ ਗਏ।

1912 ਵਿਚ 'ਮਾਂ ਦਿਵਸ' ਮਨਾਉਣ ਬਾਰੇ ਇਕ ਮਤਾ ਪਾਸ ਕੀਤਾ ਗਿਆ ਅਤੇ ਇਸ ਵਿਚ ਅੱਨਾ ਜਾਰਵਿਸ ਨੂੰ 'ਫਾਊਂਡਰ ਬਾਨੀ' ਦੇ ਤੌਰ 'ਤੇ ਪੇਸ਼ ਕੀਤਾ ਗਿਆ। ਇਸ ਨੇਕ ਕੰਮ ਨੂੰ ਉਦੋਂ ਪੂਰਨ ਸ²ਫਲਤਾ ਮਿਲ ਗਈ ਜਦੋਂ 9 ਮਈ, 1914 ਨੂੰ ਰਾਸ਼ਟਰਪਤੀ ਵੱਲੋਂ ਇਸ ਇਤਿਹਾਸਕ ਫੈਸਲੇ ਉੱਤੇ ਦਸਤਖ਼ਤ ਕਰ ਦਿੱਤੇ ਗਏ।

ਅੱਜ ਭਾਰਤ ਦੇਸ਼ ਸਮੇਤ ਅਨੇਕਾਂ ਮੁਲਕਾਂ ਵਿਚ ਲੋਕ 'ਮਾਂ ਦਿਵਸ' ਦੇ ਮੌਕੇ ਉਤੇ ਆਪਣੀ ਮਾਂ ਲਈ ਤਰ੍ਹਾਂ-ਤਰ੍ਹਾਂ ਦੇ ਤੋਹਫੇ ਭੇਜ ਰਹੇ ਹਨ ਅਤੇ ਖੁਦ ਸਾਰੇ ਇਕੱਤਰ ਹੋ ਕੇ ਜਸ਼ਨ ਮਨਾ ਰਹੇ ਹਨ। ਦੂਰ ਦੁਰਾਡੇ ਬੈਠੇ ਲੋਕੀਂ ਆਪਣੀ ਮਾਂ ਨੂੰ ਇੰਟਰਨੈਟ ਦੇ ਸਹਾਰੇ ਫੁੱਲਾਂ ਦੇ ਗੁਲਦਸਤੇ, ਮਹਿੰਗੇ ਤੋਂ ਮਹਿੰਗੇ ਤੋਹਫੇ ਅਤੇ ਗਰੀਟਿੰਗ ਕਾਰਡ ਕਈ ਦਿਨ ਪਹਿਲਾਂ ਤੋਂ ਭੇਜ ਰਹੇ ਹਨ। ਵੱਟਸਐਪ ਅਤੇ ਹੋਰ ਵੀਡੀਓ ਕਾਲਿੰਗ ਸਹੂਲਤਾਂ ਨੇ ਅਜਿਹੇ ਮੌਕਿਆਂ ਨੂੰ ਹੋਰ ਖੁਸ਼ਗਵਾਰ ਬਣਾ ਦਿੱਤਾ ਹੈ।

ਹਾਸਿਆਂ ਦਾ ਬਾਦਸ਼ਾਹ

ਸਵ. ਕਾਮੇਡੀਅਨ ਮੇਹਰ ਮਿੱਤਲ ਦੀ ਹੂ-ਬ-ਹੂ ਕਾਪੀ ਗੁਰਵਿੰਦਰ ਸਰਾਂ ਉਰਫ ਮਿੰਨੀ ਮਿੱਤਲ

ਗੁਰਬਾਜ ਗਿੱਲ
91-98723-62507

ਹੱਸਣਾ ਤੇ ਹਸਾਉਣਾ ਜੀਵਨ ਦੇ ਸਿਹਤਮੰਦ ਹੋਣ ਦੇ ਨਾਲ-ਨਾਲ ਰੂਹ ਨੂੰ ਇੱਕ ਵੱਖਰਾ ਸਕੂਨ ਦੇਣ ਦੀ ਵੀ ਕਲਾ ਹੈ। ਪਰ ਜਨਾਬ! ਅੱਜ ਅਸੀਂ ਆਪਣੇ ਰੁਝੇਵਿਆਂ ਭਰੀ ਜਿੰਦਗੀ ਵਿੱਚ ਇੰਨੇ ਰੁੱਝੇ ਹੋਏ ਹਾਂ ਕਿ ਆਪ ਤਾਂ ਕੀ ਹੱਸਣਾ, ਦੂਜਿਆ ਦੇ ਹਾਸੇ ਖੋਹਣ ਤੇ ਦਿਨ-ਰਾਤ ਲੱਗੇ ਹੋਏ ਆਂ। ਅੱਜ ਦੇ ਸਮੇਂ ਵਿੱਚ ਹੱਸਣਾ ਸਾਡੀ ਜਿੰਦਗੀ ਵਿੱਚੋਂ ਬਿਲਕੁੱਲ ਗੁੰਮ ਹੋ ਚੁੱਕਾ ਹੈ, ਹਾਸਿਆ ਦੀ ਜਗ੍ਹਾਂ ਸਿਰਫ ਬੁੱਲਾ ਵਿੱਚ ਮੁਸਕਰਾਉਣਾ ਹੀ ਰਹਿ ਗਿਆ ਤੇ ਉਹ ਵੀ ਨਕਲੀ। ਕੁੱਝ ਕੁ ਲੋਕ ਦੁਨੀਆ ਵਿੱਚ ਅਜਿਹੇ ਹੁੰਦੇ ਨੇ, ਜਿਨ੍ਹਾਂ ਦੇ ਜੀਵਨ ਦਾ ਮਕਸਦ ਹੀ ਦੁਸਰਿਆਂ ਨੂੰ ਖੁਸ਼ੀ ਦੇਣਾ ਅਤੇ ਹੱਸਾਉਣਾ ਹੁੰਦਾ। ਅਜਿਹਾ ਹੀ ਹੈ, ਹਾਸਿਆ ਦਾ ਬਾਦਸ਼ਾਹ, ਸਵ. ਕਾਮੇਡੀਅਨ ਮੇਹਰ ਮਿੱਤਲ ਦੀ ਹੂ-ਬ-ਹੂ ਕਾਪੀ ਗੁਰਵਿੰਦਰ ਸਰਾਂ ਉਰਫ ਮਿੰਨੀ ਮਿੱਤਲ। ਮੰਡੀ ਡੱਬਵਾਲੀ ਦੇ ਨੇੜਲੇ ਪਿੰਡ ਪੰਨੀਵਾਲਾ ਰੁਲਦੂ (ਸਿਰਸਾ, ਹਰਿਆਣਾ) ਵਿਖੇ ਪਿਤਾ. ਮੁਕੰਦ ਸਿੰਘ ਸਰਾਂ (ਓਰਡੀਨਰੀ ਲੈਫਟੀਨੈਂਟ ਆਰਮੀ ਆਫੀਸਰ) ਦੇ ਘਰ ਮਾਤਾ ਸ੍ਰੀਮਤੀ ਬਲਜੀਤ ਕੌਰ ਦੀ ਕੁੱਖੋਂ ਜਨਮੇ, ਗੁਰਵਿੰਦਰ ਨੇ ਕਦੇ ਸੁਪਨੇ ਚ' ਵੀ ਨਹੀਂ ਸੋਚਿਆ ਹੋਵੇਗਾ ਕਿ ਉਹ ਦੁਨੀਆ ਚ' ਮਿੰਨੀ ਮਿੱਤਲ ਬਣ ਕੇ ਇੰਨ੍ਹਾਂ ਨਾਮ ਕਮਾਏਗਾ। ਰਾਜਵਿੰਦਰ ਸਿੰਘ ਸਰਾਂ ਦੇ ਵੱਡੇ ਵੀਰ ਗੁਰਵਿੰਦਰ ਦਾ ਝੁਕਾਅ ਬਚਪਨ ਤੋਂ ਹੀ ਐਕਟਿੰਗ ਵੱਲ ਸੀ। ਪੜਾਈ ਕਰਦਿਆਂ ਵੀ ਇਹ ਜਨੂੰਨ ਉਹਦੇ ਸਿਰ ਚੜ੍ਹ ਬੋਲਦਾ ਰਿਹਾ। ਜਿਸ ਨੇ ਗੁਰਵਿੰਦਰ ਨੂੰ ਜਾ ਦਿੱਲੀ ਪਹੁੰਚਾਇਆ। ਦਿੱਲੀ ਉਸ ਨੇ ਪ੍ਰਸਿੱਧ ਗਾਇਕ ਦਲੇਰ ਮਹਿੰਦੀ, ਸੁੱਖਾ ਦਿੱਲੀ ਵਾਲਾ, ਮੀਕਾ ਤੇ ਅਸ਼ੋਕ ਮਸਤੀ ਵਰਗੇ ਕਲਾਕਾਰਾਂ ਨਾਲ ਬਹੁਤ ਸਟੇਜਾਂ ਲਾਈਆ, ਫਿਰ ਉਹ ਪੰਜਾਬ ਆ ਗਿਆ, ਪੰਜਾਬ ਆ ਕੇ ਉਸ ਨੇ ਪ੍ਰਸਿੱਧ ਗਾਇਕਾ ਅੰਮ੍ਰਿਤਾ ਵਿਰਕ ਨਾਲ ਸਟੇਜਾਂ ਲਾਉਣੀਆ ਸੁਰੂ ਕੀਤੀਆ ਤਾਂ ਹੋਰ ਕਲਾਕਾਰਾਂ ਦੇ ਵੀ ਫੋਨ ਆਉਣ ਲੱਗੇ। ਸਵ. ਧਰਮਪ੍ਰੀਤ, ਪ੍ਰੀਤ ਬਰਾੜ ਅਤੇ ਹਰਪ੍ਰੀਤ ਢਿੱਲੋਂ-ਜੱਸੀ ਕੌਰ ਆਦਿ ਪੰਜਾਬ ਦੇ ਹੋਰ ਵੀ ਬਹੁਤ ਸਾਰੇ ਨਾਮਵਰ ਕਲਾਕਾਰਾਂ ਨਾਲ ਸਟੇਜਾਂ ਲਾਈਆ। ਗੁਰਵਿੰਦਰ ਸਰਾਂ ਉਰਫ ਮਿੰਨੀ ਮਿੱਤਲ ਨੇ ਦੱਸਿਆ ਕਿ ਮੈਂ ਆਪਣੇ ਉਸਤਾਦ ਮੇਹਰ ਮਿੱਤਲ ਸਾਹਬ ਦੀ ਫ਼ਿਲਮ "ਰਾਣੋ" ਤੋਂ ਪ੍ਰਭਾਵਿਤ ਹੋ ਕੇ ਐਕਟਿੰਗ ਲਾਈਨ ਵੱਲ ਆਇਆ। ਭਜਨਾ ਅਮਲੀ ਸੱਪਾਂ ਵਾਲਾ, ਠੱਗ ਮੰਗਤੇ, ਅਤਰੋ ਨਿਕਲੀ ਠੱਗ, ਘਾਲਾ ਮਾਲਾ, ਹੈਵੀਡੇਟ ਅਤੇ

ਮੂਰਖ-420-21 ਆਦਿ ਪੈਂਤੀ-ਚਾਲੀ ਟੈਲੀ ਫ਼ਿਲਮਾਂ ਕੀਤੀਆ। ਫੇਰ ਪ੍ਰਸਿੱਧ ਫ਼ਿਲਮੀ ਨਿਰਮਾਤਾ ਤੇ ਅਦਾਕਾਰ ਸੁਖਜਿੰਦਰ ਸੇਰਾ ਨਾਲ ਮੇਲ ਹੋਇਆ, ਉਹਨਾਂ ਨੇ ਮੈਨੂੰ "ਰਹਿਮਤਾਂ" ਚ' ਕੰਮ ਦਿੱਤਾ, ਜਿਸ ਨਾਲ ਮੇਰਾ ਵੱਡੇ ਪਰਦੇ ਤੇ ਆਉਣ ਦਾ ਸੁਪਨਾ ਪੂਰਾ ਹੋਇਆ। "ਜੱਟ ਇਨ ਮੂਡ", "ਚੰਨੋ", "ਆਮ ਆਦਮੀ", "ਬਲੈਕ ਐਂਡ ਟੀ ਵੀ", "ਯਾਰ ਬੇਲੀ" ਅਤੇ 'ਤੂੰ ਮੇਰਾ ਕੀ ਲੱਗਦਾ' ਆਦਿ ਫ਼ਿਲਮਾਂ ਆਈਆ ਤਾਂ ਹਰ ਪਾਸੇ ਮਿੰਨੀ ਮਿੱਤਲ-ਮਿੰਨੀ ਮਿੱਤਲ ਹੋ ਗਈ। ਜਲਦੀ ਹੀ ਉਹਦੀਆਂ 'ਬਰਾਤ ਬੰਦੀ', 'ਮੂਲ ਮੰਤਰ', 'ਬੀਗੜ ਦਾ ਵਿਆਹ', 'ਦੇਊ ਵਧਾਈਆਂ' ਅਤ

ਸਰਕਾਰਾਂ ਸਿਹਤ ਸੇਵਾਵਾਂ ਦੇ ਸੁਧਾਰ ਲਈ ਪਹਿਲ ਕਦਮੀ ਕਰਨ

ਬਾਹਰਲੇ ਦੇਸ਼ਾਂ 'ਚ ਜਾਣ ਦਾ ਰੁਝਾਣ ਪਿਛਲੇ ਸਾਲਾਂ ਤੋਂ ਤੇਜੀ ਨਾਲ ਵੱਧ ਰਿਹਾ ਹੈ। ਬਹੁਤੇ ਨੋਜਵਾਨ ਆਈਲੈਟਸ ਕਰਕੇ ਬਾਹਰਲੇ ਦੇਸ਼ਾਂ 'ਚ ਪੜ੍ਹਾਈ ਕਰਨ ਚਲੇ ਜਾਂਦੇ ਹਨ। ਉੱਧਰ ਜਿਹੋ ਜਿਹੇ ਵੀ ਕੋਰਸ 'ਚ ਦਾਖਲਾ ਮਿਲਦਾ ਹੈ, ਉਹੀ ਕਰ ਲੈਂਦੇ ਹਨ। ਕਈ ਇੱਧਰ ਮੈਡੀਕਲ ਦੀ ਪੜ੍ਹਾਈ ਕਰ ਕੇ ਜਾਂਦੇ ਹਨ ਪਰ ਉੱਥੇ ਹੋਟਲ ਮਨੇਜਮੈਂਟ 'ਚ ਜਾਂ ਕਿਸੇ ਵੀ ਹੋਰ ਤਰ੍ਹਾਂ ਦਾ ਕੋਈ ਨਾ ਕੋਈ ਕੋਰਸ ਕਰਕੇ ਕੰਮ ਕਰਨ ਲੱਗ ਜਾਂਦੇ ਹਨ। ਕਈ ਇੱਧਰੋਂ ਇੰਜੀਨੀਅਰ, ਡਾਕਟਰੀ ਦੀਆਂ ਡਿਗਰੀਆਂ ਕਰਕੇ ਬਾਹਰ ਚਲੇ ਜਾਂਦੇ ਹਨ। ਇਨ੍ਹਾਂ ਨੂੰ ਦੇਖ ਕਈ ਡਾਕਟਰ ਵਗੈਰਾ ਇੱਧਰੋਂ ਵਧੀਆ ਸਹੂਲਤਾਂ ਦੀ ਘਾਟ ਨੂੰ ਦੇਖਦਿਆਂ ਸਰਕਾਰੀ ਨੌਕਰੀ ਛੱਡ ਕੇ ਬਾਹਰਲੇ ਦੇਸ਼ਾਂ 'ਚ ਚਲੇ ਜਾਂਦੇ ਹਨ।ਇੱਕ ਕਾਰਨ ਇਹ ਵੀ ਹੈ ਕਿ ਸਾਡੇ ਦੇਸ਼ ਦੀ ਲੋਕਤੰਤਰ ਪ੍ਰਣਾਲੀ ਨੇ ਇੰਨੀਆਂ ਜ਼ਿਆਦਾ ਖੁੱਲ੍ਹਾਂ ਦਿੱਤੀਆਂ ਹਨ ਜੋ ਕਿ ਦੋ ਪਾਸੜ ਬਣੇ ਕਾਨੂੰਨਾਂ ਦੀ ਆੜ ਹੇਠ ਆਮ ਵਿਅਕਤੀ ਦੇ ਹੱਕਾਂ ਦੀ ਰਾਖੀ ਨਹੀਂ ਹੋ ਰਹੀ, ਇਸ ਲਈ ਕਿਸੇ ਵੀ ਗੱਲ ਲਈ ਇਨਸਾਫ ਲੈਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ।ਹੁਣ ਇਸ ਦਾ ਖਮਿਆਜ਼ਾ ਕੋਰੋਨਾ ਕਾਰਨ ਉਤਪੰਨ ਹੋਈ ਸੰਕਟ ਦੀ ਘੜੀ ਵਿੱਚ ਪੰਜਾਬ ਦੇ ਲੋਕਾਂ ਨੂੰ ਮਾੜੀਆਂ ਸਿਹਤ ਸੇਵਾਵਾਂ ਸਦਕਾ ਭੁਗਤਣਾ ਪੈ ਰਿਹਾ ਹੈ।ਸਹੂਲਤਾਂ ਦੀ ਘਾਟ ਅਤੇ ਠੇਕੇ ਤੇ ਨੌਕਰੀ ਦੀ ਚਿੰਤਾ ਸਦਕਾ ਸਾਡੇ ਦੇਸ਼ ਦਾ ਨਰਸਿੰਗ ਸਟਾਫ ਅਤੇ ਡਾਕਟਰ ਪੜ੍ਹਾਈ ਇਥੋਂ ਕਰਕੇ ਬਾਹਰਲੇ ਦੇਸ਼ਾਂ ਨੂੰ ਚਲੇ ਜਾਂਦੇ ਹਨ। ਜੋ ਇੱਧਰ ਵੀ ਰਹਿੰਦੇ ਹਨ,ਉਹ ਸਰਕਾਰੀ ਡਿਊਟੀ ਕਰਨ ਦੀ ਥਾਂ ਆਪਣਾ ਨਿੱਜੀ ਕਲੀਨਕ / ਹਸਪਤਾਲ ਖੋਲ੍ਹਣ ਨੂੰ ਤਰਜੀਹ ਦਿੰਦੇ ਹਨ।ਬਹੁਤਿਆਂ ਦੇ ਮਾਂ ਬਾਪ ਪਹਿਲਾਂ ਹੀ ਡਾਕਟਰੀ ਪੇਸ਼ੇ ਨਾਲ ਜੁੜੇ ਹੁੰਦੇ ਹਨ। ਇਸ ਲਈ ਨਵੇਂ ਬਣੇ ਡਾਕਟਰਾਂ ਨੂੰ ਪਹਿਲਾਂ ਹੀ ਚਲ ਰਹੇ ਕਲੀਨਿਕ / ਹਸਪਤਾਲ ਚਲਾਉਣੇ ਔਖੇ ਨਹੀਂ ਲੱਗਦੇ।ਇਨ੍ਹਾਂ ਡਾਕਟਰਾਂ ਦੀਆਂ ਫੀਸਾਂ / ਖਰਚੇ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੁੰਦੇ ਹਨ। ਇਸ ਲਈ ਆਮ ਮਰੀਜ਼ ਸਰਕਾਰੀ ਹਸਪਤਾਲਾਂ ਦੇ ਗੇੜੇ ਲਾਉਂਦੇ ਰਹਿੰਦੇ ਹਨ ਜਿਥੇ ਸਿਹਤ ਸਹੂਲਤਾਂ ਵੱਲ ਵਿਭਾਗ ਦੀ ਨਜ਼ਰ ਹੀ ਨਹੀਂ ਪੈਂਦੀ। ਹੁਣ ਕੋਰੋਨਾ ਕਾਰਨ ਪੈਦਾ ਹੋਈ ਸੰਕਟ ਦੀ ਘੜੀ ਵਿੱਚ ਪ੍ਰਾਈਵੇਟ

ਡਾਕਟਰਾਂ ਨੂੰ ਵੀ ਇਨਸਾਨੀਅਤ ਦੇ ਨਾਤੇ ਆਪਣੀਆਂ ਸੇਵਾਵਾਂ ਸਰਕਾਰ ਨੂੰ ਦੇਣ ਲਈ ਪੇਸ਼ਕਸ਼ ਕਰਨੀ ਚਾਹੀਦੀ ਹੈ ਤਾਂ ਜੋ ਮਨੁੱਖੀ ਜਾਨਾਂ ਦੀ ਸਲਾਮਤੀ ਲਈ ਹੋਰ ਵਧੀਆ ਉਪਰਾਲੇ ਕੀਤੇ ਜਾ ਸਕਣ। ਕਈ ਡਾਕਟਰਾਂ ਨੇ ਤਾਂ ਆਪਣੇ ਕਲੀਨਿਕ ਹੀ ਬੰਦ ਕਰ ਦਿੱਤੇ ਹਨ,ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਹੁਣ ਤਾਂ ਕਈ ਡਾਕਟਰ ਦੂਰੋਂ ਹੀ ਮੋਬਾਇਲ ਤੇ ਗੱਲ ਕਰਕੇ ਦਵਾਈ ਪਰਚੀ ਤੇ ਲਿਖ ਕੇ ਦੇਣ ਲੱਗ ਪਏ ਹਨ।ਮਰੀਜ਼ਾਂ ਨੂੰ ਚੈਕ ਕਰਨ ਤੋਂ ਝਿਜਕਣ ਲੱਗ ਪਏ ਹਨ ਜੋ ਕਿ ਇਸ ਪੇਸ਼ੇ ਲਈ ਇਸ ਦੇ ਵਕਾਰ ਲਈ ਸਵਾਲ ਖੜ੍ਹੇ ਕਰਦਾ ਦਿਖਾਈ ਦਿੰਦਾ ਹੈ।ਸਾਡੇ ਸਮਾਜ ਅੰਦਰ ਡਾਕਟਰ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ।ਇਹ ਨਾ ਹੋਵੇ ਕਿ ਲੋਕਾਂ ਅੰਦਰ ਡਾਕਟਰਾਂ ਪ੍ਰਤੀ ਇਹ ਨਜ਼ਰੀਆ ਕੋਈ ਹੋਰ ਰੂਪ ਲੈ ਲਵੇ।ਸਰਕਾਰ ਨੂੰ ਇਸ ਸਮੇਂ ਦੌਰਾਨ ਸਰਕਾਰੀ ਹਸਪਤਾਲਾਂ ਦੇ ਪੂਰੇ ਸਟਾਫ ਨੂੰ ਵਿਸ਼ੇਸ਼ ਪੈਕੇਜ਼ ਦੇਣਾ ਵੀ ਬਣਦਾ ਹੈ। ਇਸ ਔਖੀ ਘੜੀ ਵਿੱਚ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰ ਕੇ ਉਨ੍ਹਾਂ ਨੂੰ ਪੂਰੀ ਤਨਖਾਹ ਦੇਣੀ ਚਾਹੀਦੀ ਹੈ, ਜੋ ਕਿ ਉਨ੍ਹਾਂ ਦਾ ਹੱਕ ਵੀ ਹੈ।ਕੋਰੋਨਾ ਵਾਇਰਸ ਦੇ ਪੰਜਾਬ'ਚ ਦਸਤਕ ਦੇਣ ਨਾਲ ਰਾਜ ਦੇ ਸਿਹਤ ਵਿਭਾਗ ਲਈ ਇਹ ਚੁਣੌਤੀ ਬਣ ਕੇ ਸਾਹਮਣੇ ਖੜੀ ਹੈ । ਕੋਈ ਵੀ ਜੰਗ ਲੜਨ ਲਈ ਪਹਿਲਾਂ ਤਿਆਰੀ ਹੋਣੀ ਜ਼ਿਆਦਾ ਮਾਅਨੇ ਰੱਖਦੀ ਹੈ।ਕੋਰੋਨਾ ਦੇ ਪਹਿਲੇ ਕੁਝ ਹੀ ਕੇਸਾਂ ਦੇ ਪਾਜ਼ੇਟਿਵ ਸਾਹਮਣੇ ਆਉਣ ਤੇ ਕੀਤੇ ਇੰਤਜਾਮਾਂ ਦੀ ਪੋਲ ਖੁੱਲ੍ਹਣੀ ਸ਼ੁਰੂ ਹੋ ਗਈ ਸੀ ।ਕਈ ਹਸਪਤਾਲਾਂ ਦੇ ਕੋਰੋਨਾ ਵਿਭਾਗ 'ਚ ਫਰੰਟ ਲਾਈਨ ਤੇ ਕੰਮ ਕਰ ਰਹੇ ਸਟਾਫ ਵਲੋਂ ਉਨ੍ਹਾਂ ਨੂੰ ਪੂਰਾ ਸ਼ਾਜੋ ਸਮਾਨ ਨਾ ਮਿਲਣ ਤੇ ਰੋਸ ਜਤਾਇਆ ਜਾ ਰਿਹਾ ਹੈ ਜੋ ਕਿ ਸਰਕਾਰ ਦੇ ਦਾਅਵਿਆਂ ਦੀ ਸੱਚਾਈ ਨੂੰ ਝੁਠਲਾਉਂਦੇ ਨਜ਼ਰ ਆਉਂਦੇ ਹਨ। ਸਰਕਾਰਾਂ ਵਲੋਂ ਮੈਡੀਕਲ ਸਹੂਲਤਾਂ ਵੱਲ ਜੋ ਧਿਆਨ ਦੇਣਾ ਬਣਦਾ ਸੀ ਉਹ ਆਜ਼ਾਦੀ ਤੋਂ ਬਾਅਦ ਅਜੇ ਤੱਕ ਨਹੀਂ ਦਿੱਤਾ ਗਿਆ। ਮੈਡੀਕਲ ਪੜ੍ਹਾਈ ਬਹੁਤ ਮਹਿੰਗੀ ਹੋਣ ਕਾਰਨ ਕਈ ਹੁਸ਼ਿਆਰ ਵਿਦਿਆਰਥੀ ਘਰ ਦੀ ਆਰਥਿਕ ਸਥਿਤੀ ਕਾਰਨ ਮੈਡੀਕਲ ਲਾਈਨ 'ਚ ਜਾਣ ਦਾ ਹੀਆ ਨਹੀਂ ਕਰ ਪਾਉਂਦੇ ।ਸਰਕਾਰ ਨੂੰ ਲੋਕਾਂ ਦੀ ਵਧੀਆ ਸਿਹਤ ਸੇਵਾਵਾਂ ਦੇਣ ਲਈ ਵਧੇਰੇ ਮੈਡੀਕਲ ਕਾਲਜ ਖੋਲ੍ਹਣੇ ਚਾਹੀਦੇ ਹਨ, ਇਹ ਪੜ੍ਹਾਈ ਲਈ ਖਰਚੇ ਘਟਾ ਕੇ ਆਮ ਪਰਿਵਾਰਾਂ ਦੇ ਬੱਚਿਆਂ ਲਈ ਵੀ ਡਾਕਟਰ ਬਣਨ ਦਾ ਮੌਕਾ ਦੇਣਾ ਚਾਹੀਦਾ ਹੈ ।ਇਨ੍ਹਾਂ ਪਰਿਵਾਰਾਂ ਦੇ ਬੱਚੇ ਡਾਕਟਰ ਬਣ ਕੇ ਅਮੀਰ ਪਰਿਵਾਰਾਂ ਦੇ ਬਣੇ ਡਾਕਟਰਾਂ ਨਾਲੋਂ ਅਵੱਸ਼ ਦਿਲੋਂ ਵਧੀਆ ਸੇਵਾਵਾਂ ਦੇਣਗੇ ਕਿਉਂ ਕਿ ਉਨ੍ਹਾਂ ਨੂੰ ਆਮ ਲੋਕਾਂ ਦੀਆਂ ਜ਼ਮੀਨੀ ਪੱਧਰ ਦੀਆਂ ਮੁਸ਼ਕਲਾਂ ਦੀ ਹਕੀਕਤ ਨੂੰ ਆਪ ਵੀ ਹੰਢਾਇਆ ਹੁੰਦਾ ਹੈ।

ਮੇਜਰ ਸਿੰਘ ਨਾਭਾ
91-94635-53962

ਪੁਰਾਤਨ ਸੰਗੀਤਕ ਸਾਜੋ ਸਮਾਨ ਸਾਂਭੀ ਬੈਠਾ 'ਅਵਤਾਰ ਸਿੰਘ ਬਰਨਾਲਾ'

ਸਮੇਂ ਦੀ ਕਰਵਟ ਨਾਲ ਕਈ ਕਿਸਮ ਦੇ ਨਵੇਂ ਸਾਊਂਡ ਸਿਸਟਮ ਆ ਜਾਣ ਕਾਰਨ ਤਵਿਆਂ ਵਾਲੀਆਂ ਗ੍ਰਾਮੋਫੋਨ ਮਸੀਨਾਂ ਤੇ ਤਵੇ ਰਿਕਾਰਡ ਲਗਭਗ ਗਾਇਬ ਹੀ ਹੋ ਚੁੱਕੇ ਹਨ। ਪਰ ਕਈ ਵਿਅਕਤੀ ਅੱਜ ਵੀ ਅਜਿਹੀਆਂ ਵਿਰਾਸਤੀ ਚੀਜਾਂ ਨੂੰ ਸੰਭਾਲਣ ਦੇ ਯਤਨ ਵਿਚ ਲੱਗੇ ਹੋਏ ਹਨ। ਅਜਿਹੇ ਵਿਆਕਤੀਆਂ ਵਿਚੋਂ ਇਕ ਹੈ ਬਰਨਾਲੇ ਦਾ ਜੰਮਪਲ ਅਤੇ ਹਾਲ ਆਬਾਦ ਸਾਦਿਕ ਰੋਡ ਫਰੀਦਕੋਟ ਦਾ ਅਵਤਾਰ ਸਿੰਘ ਬਰਨਾਲਾ, ਜਿਸ ਨੇ ਗ੍ਰਾਮੋਫੋਨ ਮਸੀਨਾਂ, ਤਵੇ, ਟੇਪ ਰਿਕਾਰਡਾਂ, ਟਿਊਬਾਂ ਵਾਲੇ ਰੇਡੀਉ ਅਤੇ ਹੋਰ ਸੰਗੀਤਕ ਸਮਾਨ ਸੰਭਾਲ ਕੇ ਰੱਖਿਆ ਹੋਇਆ ਹੈ। ਉਸਦੀ ਸੰਗੀਤਕ ਲਾਇਬ੍ਰੇਰੀ ਵਿਚ ਪੰਜਾਬ ਦੀ ਮਸਹੂਰ ਗਾਇਕਾਂ ਪ੍ਰਕਾਸ ਕੌਰ ਤੇ ਸੁਰਿੰਦਰ ਕੌਰ ਦੇ ਗੀਤ 'ਡਾਚੀ ਵਾਲਿਆ ਮੋੜ ਮੁਹਾਰ ਵੇ','ਸੂਈ ਵੇ ਸੂਈ ਬਾਲਮਾਂ ਸੂਈ ਵੇ','ਕਰ ਛਤਰੀ ਦੀ ਛਾਂ ਮੈਂ ਛਾਵੇਂ ਵਹਿੰਨੀ ਆਂ','ਚੰਨ ਵੇ ਕੇ ਸੌਕਣ ਮੇਲੇ ਦੀ','ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ', 'ਬਾਜਰੇ ਦਾ ਸਿੱਟਾ।' ਮੁਹੰਮਦ ਸਦੀਕ ਤੇ ਰਣਜੀਤ ਕੌਰ ਦੇ 'ਜੱਟੀ ਮਿਲੀ ਜੱਟ ਨੂੰ ਪਤੰਗ ਵਰਗੀ','ਮੇਰੀ ਐਸੀ ਝਾਂਜਰ ਛਣਕੇ ','ਰਹੀ ਬਚਕੇ ਹਾਨਣੇ','ਪੱਟ ਦਿੱਤੀ ਗੁੱਤ ਮੈਂ','ਤੇਲੂ ਰਾਮ ਦੀ ਹੱਟੀ ਦਾ ਜਰਦਾ।' ਸੀਤਲ ਸਿੰਘ ਦਾ 'ਜੱਟੀਏ ਟਰੱਕ ਤੇਰੇ ਯਾਰ ਦਾ।' ਜਗਮੋਹਣ ਦੀਪ ਤੇ ਕੇ ਦੀਪ ਦੇ 'ਘੜਾ ਵੱਜਦਾ ਘੜੋਲੀ ਵੱਜਦੀ','ਮੇਰੀ ਕੀਨੇ ਖਿੱਚ ਲਈ ਪਤੰਗ ਵਾਲੀ ਡੋਰ।' ਨਰਿੰਦਰ ਬੀਬਾ ਦਾ 'ਮਾਝੇ ਦੀ ਮੈਂ ਜੱਟੀ।' ਹਰਚਰਨ ਸਿੰਘ ਗਰੇਵਾਲ ਦੇ 'ਮੇਰੀ ਵਾਰੀ ਆਈ ਪਤੀਲਾ ਖੜਕੇ','ਤੇਰੀ ਪੀਂਘ ਦਾ ਹੁਲਾਰਾ ਬਣ ਜਾਵਾਂ।' ਸਨੇਹਲਤਾ ਤੇ ਦੀਦਾਰ ਸੰਧੂ ਦਾ 'ਤੂੰਬਾ ਮੇਰੀ ਜਾਨ ਕੁੜੇ।' ਸਵਰਨ ਲਤਾ ਕਰਮਜੀਤ ਧੂਰੀ ਦੇ 'ਸੱਥ ਵਿਚ ਲੱਗੀ ਵੇ ਕਚਹਿਰੀ','ਕਾਹਨੂੰ ਮਾਰਨੈ ਚੰਦਰਿਆ ਛਮਕਾਂ।' ਸੋਹਣ ਸਿੰਘ ਮਸਤਾਨਾ ਦੇ 'ਸੋਂਹ ਖਾ ਲਈ ਭਗਤ ਸਿੰਘ ਨੇ','ਕੋਈ ਨਹੀਂ ਕਿਸੇ ਦਾ ਯਾਰ।' ਹਰਨੇਕ ਸਿੰਘ ਨੇਕ ਦੇ 'ਚੋਰੀ ਆ ਜਾ ਕੰਧ ਟੱਪ ਕੇ','ਨਾਲਾ ਟੰਗ ਲੈ ਘੁੰਗਰੂਆਂ ਵਾਲਾ।' ਨਰਿੰਦਰ ਚੰਚਲ ਦਾ 'ਲੱਗੀ ਵਾਲੇ ਕਦੇ ਨਾ ਸੋਂਦੇ।' ਹਰਚਰਨ ਗਰੇਵਾਲ ਤੇ ਸੁਰਿਦਰ ਕੌਰ ਦਾ 'ਲੱਕ ਹਿੱਲੇ ਮਜਾਜਣ ਜਾਂਦੀ ਦਾ।' ਸੁਦੇਸ ਕਪੂਰ ਤੇ ਰਮੇਸ ਰੰਗੀਲਾ ਦਾ 'ਬਿਨਾਂ ਬਰੇਕੋਂ ਆਉਂਦੇ ਜੱਟ ਨੂੰ।' ਲਾਲ ਚੰਦ ਯਮਲਾ ਜੱਟ ਦਾ 'ਮੈਂ ਕੀ ਪਿਆਰ

ਵਿਚੋਂ ਖੱਟਿਆ।' ਆਸਾ ਸਿੰਘ ਮਸਤਾਨਾ ਦਾ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ।' ਕਰਮਜੀਤ ਧੂਰੀ ਦਾ 'ਮਿੱਤਰਾਂ ਦੀ ਲੂਣ ਦੀ ਡਲੀ।' ਗੁਰਮੀਤ ਬਾਵਾ ਤੇ ਕ੍ਰਿਪਾਲ ਬਾਵਾ ਦਾ 'ਛੜਿਆ ਦੀ ਨਜਰ ਬੁਰੀ' ਆਦਿ ਦੇ ਰਿਕਾਰਡ ਉਸ ਕੋਲ ਮੌਜੂਦ ਹਨ। ਇਨ੍ਹਾਂ ਪੁਰਾਤਨ ਤਵਿਆਂ ਤੋਂ ਇਲਾਵਾ ਮੁਹੰਮਦ ਰਫੀ, ਚਾਂਦੀ ਰਾਮ ਚਾਂਦੀ, ਫਕੀਰ ਸਿੰਘ ਫਕੀਰ, ਰਣਵੀਰ ਸਿੰਘ ਰਾਣਾ, ਆਸਾ ਸਿੰਘ ਮਸਤਾਨਾ, ਕੁਲਦੀਪ ਮਾਣਕ, ਏ ਐਸ ਕੰਗ, ਸਿਵ ਕੁਮਾਰ ਬਟਾਲਵੀ, ਗੁਰਪਾਲ ਸਿੰਘ ਪਾਲ, ਲੱਖੀ ਵਣਜਾਰਾ, ਅਮਰ ਸਿੰਘ ਸੌਕੀ, ਉਦੇ ਸਿੰਘ, ਨਿੱਕਾ ਸਿੰਘ ਦਰਦੀ, ਬਾਵਾ ਸਿੰਘ ਸਿੱਧੂ, ਮੋਹਣ ਸਿੰਘ ਸੌਕੀ, ਨਿਰੰਜਨ ਸਿੰਘ, ਪ੍ਰਕਾਸ ਸਿੱਧੂ, ਪ੍ਰਕਾਸ ਚੰਦ ਚਮਨ, ਕਰਨੈਲ ਗਿੱਲ, ਗੁਰਚਰਨ ਪੋਹਲੀ, ਪ੍ਰੇਮਿਲਾ ਪੰਮੀ, ਧੰਨਾ ਸਿੰਘ ਰੰਗੀਲਾ, ਜਗਦੇਵ ਯਮਲਾ, ਚਾਂਦੀ ਰਾਮ ਆਦਿ ਦੇ ਰਿਕਾਰਡ ਵੀ ਉਸ ਕੋਲ ਮੌਜੂਦ ਹਨ। ਪਾਕਿਸਤਾਨ ਦਾ ਆਲਮ ਲੁਹਾਰ, ਨੂਰ ਜਹਾਂ, ਰੇਸਮਾਂ, ਸੌਕਤ ਅਲੀ, ਅਨਾਇਤ ਅਲੀ, ਜਨਾਬ ਨੁਸਰਤ ਫਤਹਿ ਅਲੀ ਖਾਂ ਦੀਆਂ ਸੁਰੀਲੀਆਂ ਅਵਾਜਾਂ ਵੀ ਅਵਤਾਰ ਸਿੰਘ ਨੇ ਸਾਂਭ ਕੇ ਰੱਖੀਆਂ ਹੋਈਆਂ ਹਨ। ਧਾਰਮਿਕ ਰਿਕਾਰਡਿੰਗ ਵਿਚ ਸਾਕਾ ਸਰਹਿੰਦ, ਸਾਕਾ ਚਮਕੌਰ ਦੀ ਗੜ੍ਹੀ, ਸਾਕਾ ਤੱਤੀ ਤਵੀ, ਬਾਬਾ ਦੀਪ ਸਿੰਘ, ਨਾਂਨਕ ਵੀਰਾ ਘੋੜੀ, ਏਕ ਨੂਰ ਸੇ, ਆਸਾ ਦੀ ਵਾਰ, ਸਬਦ ਤੇ ਸਲੋਕ, ਧੰਨ ਨਾਨਕ ਤੇਰੀ ਵੱਡੀ ਕਮਾਈ, ਲਤਾ ਮੰਗੇਸਕਰ ਦਾ 1972 'ਚ ਇਕੋ ਇਕ ਰਿਕਾਰਡ ਹੋਇਆ ਧਾਰਮਿਕ ਤਵਾ 'ਮਿਲ ਮੇਰੇ ਪ੍ਰੀਤਮਾ' ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀਆ, ਢਾਡੀਆਂ, ਕਵੀਸਰਾਂ ਦੇ ਰਿਕਾਰਡ ਵੀ ਉਸ ਕੋਲ ਹਨ। ਹਿੰਦੀ ਫਿਲਮੀ ਗੀਤਾਂ ਦੇ ਤਵਿਆਂ 'ਚ ਤਾਜ, ਬਲੈਕ ਮੇਲ, ਸੂਰਜ, ਪਾਕੀਜਾ, ਰੋਟੀ ਕੱਪੜਾ ਔਰ ਮਕਾਨ, ਬਾਬਲ, ਮੁਗਲੇ ਆਜਮ, ਬਰਸਾਤ, ਪ੍ਰੇਮ ਰੋਗ, ਦਾਗ, ਰਾਜਾ ਰਾਣੀ, ਬਸੰਤੀ, ਕਭੀ ਕਭੀ, ਪੱਥਰ ਕੇ ਸਨਮ, ਨੂਰੀ, ਗੂੰਜ ਉਠੀ ਸਹਿਨਾਈ, ਆਂਧੀ, ਕਸੋਟੀ ਆਦਿ ਹੋਰ ਬਹੁਤ ਸਾਰੀਆਂ ਫਿਲਮਾਂ ਦੇ ਰਿਕਾਰਡ ਜਿਨ੍ਹਾਂ ਦੇ ਨਾਂਅ ਗਿਣਾਉਣੇ ਸੰਭਵ ਨਹੀਂ ਹਨ, ਹਜਾਰਾਂ ਦੀ ਗਿਣਤੀ ਵਿਚ ਉਸਦੇ ਸੰਗ੍ਰਹਿ ਵਿਚ ਪਏ ਹਨ। ਇਸ ਤੋਂ ਇਲਾਵਾ ਉਸ ਕੋਲ ਸਵਿਟਜਰਲੈਂਡ ਦੀ 100 ਸਾਲ ਪੁਰਾਣੀ ਰਿਕਾਰਡ ਮਸੀਨ, ਕੋਲੰਬੀਆ ਅਹੁਜਾ ਕੰਪਨੀ ਦੀ, ਬਿਨ੍ਹਾਂ ਬੈਟਰੀ, ਸੈੱਲ ਤੋਂ ਚੱਲਣ ਵਾਲੀ ਮਸੀਨ, ਬੁਸ, ਫਲਿਪਸ, ਐਚ ਐਮ ਵੀ ਕੰਪਨੀਆਂ ਦੀਆਂ ਬਿਜਲੀ ਨਾਲ ਚੱਲਣ ਵਾਲੀਆਂ ਗ੍ਰਾਮੋਫੋਨ ਮਸੀਨਾਂ ਵੀ ਸੰਭਾਲੀਆਂ ਹੋਈਆ ਹਨ। ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਵਿਖੇ ਨੋਕਰੀ ਕਰ ਰਹੇ ਅਵਤਾਰ ਸਿੰਘ ਕੋਲ ਅਕਾਈ ਕੰਪਨੀ, ਫਲਿਪਸ ਦੀਆਂ ਫਿਰਕੀਆਂ ਵਾਲੀਆਂ ਟੇਪ ਰਿਕਾਰਡਾਂ ਅਤੇ ਮਰਫੀ, ਫਲਿਪਸ ਕੰਪਨੀਆਂ ਦੇ ਟਿਊਬਾਂ ਵਾਲੇ ਰੇਡੀਉ, ਅਹੂਜਾ, ਫਲਿਪਸ ਕੰਪਨੀ ਦੇ ਐਮਪਲੀਫੇਅਰ ਵੀ ਹਨ। ਅਵਤਾਰ ਸਿੰਘ ਵੱਲੋਂ ਇਕੱਠੇ ਕੀਤੇ ਇਸ ਭੰਡਾਰ 'ਤੇ ਹੁਣ ਤੱਕ ਲੱਖਾਂ ਰੁਪਏ ਖਰਚੇ ਜਾ ਚੁੱਕੇ ਹਨ। ਉਸ ਨੂੰ ਇਹ ਚੀਜਾਂ ਇਕੱਠੀਆਂ ਕਰਨ ਦਾ ਸੌਕ 1979 ਵਿਚ ਆਪਣੇ ਮਾਮੇ ਅੰਮ੍ਰਿਤਪਾਲ ਸਿੰਘ ਦੇ ਵਿਆਹ ਉੱਤੇ ਰਿਕਾਰਡ ਪਲੇਅਰ ਉੱਤੇ ਤਵੇ ਰੱਖ ਕੇ ਚਲਾਉਂਦਿਆ ਪਿਆ। ਫਰੀਦਕੋਟ ਸਹਿਰ ਵਿਚ ਆਪਣੀ ਜੀਵਣ ਸਾਥਣ ਰਣਵੀਰ ਕੌਰ,ਸਪੁੱਤਰ ਰਤਿੰਦਰਪਾਲ ਸਿੰਘ ਰਾਹੁਲ ਅਤੇ ਪੁੱਤਰੀ ਰੂਬਲ ਸਮੇਤ ਰਹਿ ਰਿਹਾ ਅਵਤਾਰ ਸਿੰਘ ਕਈ ਵਿਰਾਸਤੀ ਮਲਿਆਂ 'ਤੇ ਆਪਣੇ ਇਸ ਸੰਗੀਤਕ ਸਾਜੋ ਸਮਾਨ ਦੀ ਪ੍ਰਦਰਸਨੀ ਵੀ ਲਾ ਚੁੱਕਾ ਹੈ।

ਤਸਵਿੰਦਰ ਸਿੰਘ ਬੜੈਚ
91-98763-22677

ਜਲੰਧਰ ਪੁਲਿਸ ਲਈ ਪਰਵਾਸੀ ਮਜ਼ਦੂਰ ਬਣ ਸਕਦੇ ਨੇ ਖਤਰਾ

ਜਲੰਧਰ– ਵੱਡੀ ਗਿਣਤੀ ਵਿੱਚ ਪਰਾਵਸੀ ਮਜ਼ਦੂਰ ਇਥੇ ਆ ਰਹੇ ਹਨ ਤਾਂ ਜੋ ਆਪਣੇ ਘਰਾਂ ਲਈ ਰੇਲ ਗੱਡੀਆ 'ਤੇ ਚੜ੍ਹ ਸਕਣ। ਇਨ੍ਹਾਂ ਦੀ ਜ਼ਿਆਦਾ

ਭੀੜ ਹੋਣ ਕਾਰਨ ਪੁਲੀਸ ਮੁਲਾਜ਼ਮਾਂ ਨੂੰ ਮਜ਼ਦੂਰਾਂ ਵਿੱਚ ਸਮਾਜਿਕ ਦੂਰੀ ਬਣਾ ਕੇ ਰੱਖਣ ਦੇ ਨਿਯਮਾਂ ਨੂੰ ਲਾਗੂ ਕਰਵਾਉਣ ਵਿੱਚ ਤੰਗੀ ਆ ਰਹੀ ਹੈ। ਡਿਊਟੀ 'ਤੇ ਤਾਇਨਾਤ ਪੁਲੀਸ ਮੁਲਾਜ਼ਮਾਂ ਲਈ ਦੂਹਰੀ ਲੜਾਈ ਹੈ। ਇਕ ਤਾਂ ਉਨ੍ਹਾਂ ਭੀੜ ਨੂੰ ਸੰਭਾਲਣਾ ਹੈ ਤੇ ਦੂਜਾ ਆਪਣੇ ਆਪ ਨੂੰ ਕਰੋਨ ਤੋਂ ਵੀ ਬਚਾਉਣਾ ਹੈ।

ਪੁਲੀਸ ਨੇ ਏਨਾ ਕੁ ਕੰਟਰੋਲ ਤਾਂ ਕਰ ਲਿਆ ਹੈ ਕਿ ਇਨ੍ਹਾਂ ਮੈਡੀਕਲ ਚੈਕਅੱਪ ਕੈਂਪਾਂ ਦੇ ਅੰਦਰ ਤਾਂ ਭੀੜ ਨਹੀ ਹੈ ਪਰ ਬਾਹਰ ਹੱਦੋਂ ਵੱਧ ਭੀੜ ਪੁਲੀਸ ਲਈ ਵੱਡੀ ਸਿਰਦਰਦੀ ਬਣੀ ਹੋਈ ਹੈ। ਅੱਜ ਸਵੇਰੇ ਗਯਾ ਜਾਣ ਵਾਲੇ ਮਜ਼ਦੂਰਾਂ ਨੇ ਦੱਸਿਆ ਕਿ ਉਹ ਰਾਤ ਦੇ ਹੀ ਇੱਥੇ ਆ ਗਏ ਸੀ। ਸੜਕਾਂ ਦੇ ਕਿਨਾਰਿਆ 'ਤੇ ਸੌਂ ਗਏ ਸਨ। ਬਸਤੀ ਸ਼ੇਖ ਤੋਂ ਹਰਿ ਜੀ ਸੇਵਾ ਸੁਸਾਇਟੀ ਵਾਲੇ ਸੜਕ ਤੇ ਰਾਤ ਕੱਟਣ ਆਏ ਪਰਵਾਸੀ ਮਜ਼ਦੂਰਾਂ ਨੂੰ ਲੰਗਰ ਛਕਾਉਣ ਵਿੱਚ ਲੱਗੇ ਰਹੇ। ਬੱਚਿਆਂ ਲਈ ਵੀ ਦੁੱਧ ਲੈਕੇ ਆਏ ਸਨ। ਲੰ

ਇਕ ਹੋਣਹਾਰ ਕਲਮ ਤੇ ਅਵਾਜ਼ : ਸੰਦੀਪ ਸੋਖਲ (ਬਾਦਸ਼ਾਹਪੁਰੀ)

ਪ੍ਰੀਤਮ ਲੁਧਿਆਣਵੀ
9876428641

ਇਕ ਮੱਧਵਰਗੀ ਪਰਿਵਾਰ ਵਿੱਚ 21 ਅਗਸਤ 1994 ਨੂੰ ਪੂਰਨਮਾਸ਼ੀ ਵਾਲੇ ਦਿਨ ਜਿਲ੍ਹਾ ਸੰਗਰੂਰ ਦੇ ਪਿੰਡ ਬਾਦਸ਼ਾਹਪੁਰ ਵਿਖੇ ਪੈਦਾ ਹੋਈ ਸੰਦੀਪ ਨੇ ਬੀ. ਏ. ਦੀ ਡਿਗਰੀ ਇਲਾਕੇ ਦੇ ਦੇਸ਼ ਭਗਤ ਕਾਲਜ, ਬਰੜਵਾਲ ਤੋਂ ਪਹਿਲੇ ਦਰਜੇ ਵਿੱਚ ਪਾਸ ਕੀਤੀ। ਐਸ. ਡੀ. ਕਾਲਜ, ਬਰਨਾਲਾ ਤੋਂ ਉਸ ਨੇ ਲਾਇਬਰੇਰੀ ਸਾਇੰਸ ਦੀ ਬੈਚਲਰ ਡਿਗਰੀ ਅਤੇ ਪੰ: ਯੂਨੀ: ਪਟਿਆਲਾ ਤੋਂ ਲਾਇਬ੍ਰੇਰੀ ਸਾਇੰਸ ਦੀ ਮਾਸਟਰ ਡਿਗਰੀ ਕੀਤੀ। ਲਿਖਣ ਦੇ ਸ਼ੌਂਕ ਬਾਰੇ ਗੱਲਬਾਤ ਕਰਦਿਆਂ ਸੰਦੀਪ ਨੇ ਕਿਹਾ,'' ਮੈਨੂੰ ਸਕੂਲ ਦੇ ਸਮੇਂ ਤੋਂ ਹੀ ਤੁਕਾਂ ਜੋੜ-ਜੋੜ ਗਾਉਣਾ ਬਹੁਤ ਚੰਗਾ ਲੱਗਦਾ ਸੀ। ਸਕੂਲ ਦੀ ਹੋਣ ਵਾਲੀ ਬਾਲ-ਸਭਾ ਵਿੱਚ ਮੈਂ ਕੋਈ-ਨਾ-ਕੋਈ ਗੀਤ ਜਾਂ ਕਵਿਤਾ ਜ਼ਰੂਰ ਗਾਉਂਦੀ। ਹਰ ਪ੍ਰੋਗਰਾਮਾਂ ਜਾਂ ਪ੍ਰਤੀਯੋਗਤਾਵਾਂ ਚਾਹੇ ਉਹ ਗਾਉਣਾ, ਲਿਖਣਾ ਜਾਂ ਭਾਸ਼ਣ ਮੁਕਾਬਲਾ ਆਦਿ ਕੁਝ ਵੀ ਹੁੰਦਾ, ਪਹਿਲਾ ਜਾਂ ਦੂਜਾ ਸਥਾਨ ਹਾਸਲ ਹੁੰਦਾ ਸੀ, ਮੈਨੂੰ। ਜਦੋਂ ਵੀ ਮੈਂ ਕਿਸੇ ਦੀ ਅਖ਼ਬਾਰ ਵਿਚ ਲੱਗੀ ਰਚਨਾ ਨਾਲ ਉਸਦੀ ਫੋਟੋ ਦੇਖਦੀ ਤਾਂ ਮੇਰਾ ਵੀ ਦਿਲ ਕਰਦਾ ਕਿ ਮੈਂ ਵੀ ਲਿਖਾਂ ਤੇ ਮੇਰੀ ਵੀ ਫੋਟੋ ਛਪੇ। ਉਦੋਂ ਉਹ ਸਭ ਕੁਝ ਇਕ ਸੁਪਨੇ ਵਰਗਾ ਹੀ ਲੱਗਦਾ ਸੀਂ।''

ਸੰਦੀਪ ਸੋਖਲ ਦਾ ਮੰਨਣਾ ਹੈ ਕਿ ਉਸ ਲਈ ਸਭ ਤੋਂ ਵਡਮੁੱਲਾ ਤੋਹਫਾ ਜੋ ਉਸਨੂੰ ਰੱਬ ਨੇ ਦਿੱਤਾ, ਉਹ ਹੈ ਉਸ ਦੇ ਦੋ ਛੋਟੇ ਭਰਾ ਅਤੇ ਉਸ ਦੇ ਪਿਤਾ ਸ੍ਰ. ਮਲਕੀਤ ਸਿਘ ਤੇ ਮਾਤਾ ਸਿੰਦਰ ਕੌਰ ਜੀ। ਉਸ ਨੇ ਕਿਹਾ, ''ਮੈਨੂੰ ਮੇਰੇ ਮਾਪਿਆਂ ਨੇ ਸ਼ੁਰੂ ਤੋਂ ਹੀ ਪੁੱਤਾਂ ਵਾਂਗੂੰ ਪਾਲਿਆ। ਬੇਸ਼ੱਕ ਮੇਰੇ ਪਿਤਾ ਜੀ ਬਿਲਕੁਲ ਅਨਪੜ੍ਹ ਹਨ ਪਰ ਉਹਨਾਂ ਦੀ ਸੋਚ 'ਤੇ ਸੱਚੀਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ। ਉਨ੍ਹਾਂ ਦੇ ਸਹਿਯੋਗ ਸਦਕਾ ਹੀ ਮੈਨੂੰ ਭਾਸ਼ਾ ਵਿਭਾਗ ਪੰਜਾਬ ਅਤੇ ਹੋਰ ਬਹੁਤ ਸਾਰੇ ਕਵੀ-ਦਰਬਾਰਾਂ ਵਿਚ ਜਾ ਕੇ ਬੋਲਣ ਦਾ ਮੌਕਾ ਮਿਲਿਆ। ਘਰ ਵਾਪਿਸ ਆਉਂਦਿਆਂ ਜਦੋਂ ਉਹ ਮੇਰੇ ਹੱਥ ਵਿਚ ਇਨਾਮ ਵਜੋਂ ਮਿਲੀ ਟਰਾਫੀ ਜਾਂ ਕੋਈ ਸਰਟੀਫਿਕੇਟ ਦੇਖਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਜੋ ਖੁਸ਼ੀ ਮੈਂ ਮਹਿਸੂਸ ਕਰਦੀ ਹਾਂ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀ ਕੀਤਾ ਜਾ ਸਕਦਾ।''

ਸੰਦੀਪ ਦੀਆਂ ਕਵਿਤਾਵਾਂ ਦੇ ਮੁੱਖ ਵਿਸ਼ੇ ਨਸ਼ਾ, ਭਰੂਣ-ਹੱਤਿਆ, ਬੇਰੁਜ਼ਗਾਰੀ, ਔਰਤ ਨਾਲ ਧੱਕੇਸ਼ਾਹੀ, ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ, ਧਰਮ, ਕੁਦਰਤ, ਕਿਰਸਾਨੀ ਜੀਵਨ ਦੀਆਂ ਮੁਸ਼ਕਿਲਾਂ, ਮਤਲਬੀ ਸਰਕਾਰਾਂ, ਵਿਛੋੜਾ ਅਤੇ ਜਵਾਨ ਉਮਰ ਦੀਆਂ ਸੱਧਰਾਂ ਆਦਿ ਹਨ। ਅਦਾਰਾ "ਅਦਬੀ ਸਾਂਝ ਮਾਸਿਕ ਮੈਗਜ਼ੀਨ'', ਜਿਸ ਵਿੱਚ ਉਸ ਦੀ ਪਲੇਠੀ ਕਵਿਤਾ, "ਧੀਆਂ'' ਛਪੀ ਸੀ, ਦੇ ਸੰਪਾਦਕ ਸ੍ਰ. ਅਵਤਾਰ ਸਿੰਘ ਰਾਏਸਰ ਜੀ ਅਤੇ "ਸਾਂਝਾ ਮੀਡੀਆ ਮੈਗਜ਼ੀਨ'' ਦੇ ਸੰਪਾਦਕ ਜਨਾਬ ਨਰੇਸ਼ ਗਰਗ ਜੀ ਦਾ ਉਹ ਤਹਿ ਦਿਲੋਂ ਧੰਨਵਾਦ ਕਰਦੀ ਹੈ, ਜਿਹੜੇ ਆਪਣੇ ਪੇਪਰ ਵਿਚ ਲਗਾਤਾਰ ਜਗ੍ਹਾ ਦੇ ਕੇ ਮਾਣ ਬਖ਼ਸ਼ ਰਹੇ ਹਨ, ਉਸ ਨੂੰ। ਸੰਦੀਪ ਦੀ ਆਉਣ ਵਾਲੀ ਪਲੇਠੀ ਕਾਵਿ-ਪੁਸਤਕ, "ਅੱਕ ਦੇ ਫੁੱਲ'' ਦੀ ਸਿਰਲੇਖ ਕਵਿਤਾ ਦੀਆਂ ਦੋ ਤੁਕਾਂ ਦੇਖੋ -

''ਅਸੀਂ ਅੱਕ ਦੇ ਫੁੱਲ ਸੱਜਣਾ, ਸਾਨੂੰ ਖ਼ੁਸ਼ਬੂਆਂ ਭਾਂਉਂਦੀਆਂ ਨੀ।
ਅਸੀਂ ਉੱਗੇ ਵਿਚ ਉਜਾੜਾਂ ਦੇ, ਬਹਾਰਾਂ ਮਿਲਣ ਆਉਂਦੀਆਂ ਨੀ।''

ਸੰਦੀਪ ਦੀਆਂ ਗਤੀ-ਵਿਧੀਆਂ ਲਿਖਣ ਅਤੇ ਗਾਉਣ ਤੱਕ ਹੀ ਸੀਮਿਤ ਨਹੀ, ਤਰਕਸ਼ੀਲ ਭਵਨ ਬਰਨਾਲਾ ਵਿਖੇ 8 ਮਾਰਚ, 2020 ਨੂੰ ਔਰਤ-ਦਿਵਸ ਨੂੰ ਸਮਰਪਿਤ ਸਮਾਗਮ ਵਿਚ ਬਤੌਰ ਸਟੇਜ-ਸੰਚਾਲਕਾ ਸ਼ਾਨਦਾਰ ਭੂਮਿਕਾ ਨਿਭਾ ਕੇ ਵਧੀਆ ਸਟੇਜ-ਸੰਚਾਲਕਾ ਹੋਣ ਦੀ ਵੀ ਮੋਹਰ ਲਗਾ ਦਿੱਤੀ ਹੈ, ਉਸਨੇ। ਅੱਜ ਕੱਲ੍ਹ, "ਦ ਕੈਂਬ੍ਰਿਜ ਸਕੂਲ, ਹਥਨ'' (ਮਲੇਰਕੋਟਲਾ) ਵਿਖੇ ਬਤੌਰ ਲਾਇਬਰੇਰੀਅਨ ਸੇਵਾ ਨਿਭਾ ਰਹੀ ਸੰਦੀਪ ਸੋਖਲ ਨੇ ਇਕ ਹੋਰ ਸਵਾਲ ਦਾ ਜੁਵਾਬ ਦਿੰਦਿਆਂ ਕਿਹਾ, "ਮੈਨੂੰ ਮੇਰੇ ਸਾਹਿਤਕਾਰ ਦੋਸਤ, ਯਾਦਵਿੰਦਰ ਸਿੰਘ ਸੰਧੂ (ਨਾਵਲਕਾਰ), ਸਤਿਨਾਮ ਆਮੀ ਅਤੇ ਮੇਰੇ ਅਜ਼ੀਜ਼ ਦੋਸਤ ਜਰਨੈਲ ਸਿੰਘ ਸਿੱਧੂ ਨੇ ਮੇਰੀ ਕਲਮ ਨੂੰ ਨਿਖਾਰਨ ਵਿੱਚ ਬਹੁਤ ਸਹਿਯੋਗ ਪਾਇਆ ਹੈ। ਮੇਰੇ ਅਧਿਆਪਕ ਸਾਥੀਆਂ ਦਾ ਵੀ ਖੂਬ ਸਹਿਯੋਗ ਮਿਲ ਰਿਹਾ ਹੈ, ਮੈਨੂੰ।'' "ਕਲਮਾਂ ਅਤੇ ਅਵਾਜ਼ਾਂ ਮੂਹਰੇ ਕਿਸੇ ਵੀ ਹਥਿਆਰ ਦਾ ਅਸਰ ਨਹੀਂ ਹੁੰਦਾ। ਕਲਮਾਂ ਅਤੇ ਅਵਾਜ਼ਾਂ ਬਦਲ ਸਕਦੀਆਂ ਹਨ, ਸਮਾਜ ਨੂੰ ਅਤੇ ਲੋਕਾਂ ਦੀ ਸੋਚ ਨੂੰ'' ਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਲੀ ਇਹ ਮੁਟਿਆਰ ਸਾਡੇ ਸਾਹਿਤਕ ਤੇ ਸੱਭਿਆਚਾਰਕ ਹਲਕਿਆਂ ਦੀ ਆਉਣ ਵਾਲੀ ਕੱਲ੍ਹ ਦਾ ਚਾਨਣ ਬਣ ਗੁਜ਼ਰੇ! ਦਿਲ ਦੀਆਂ ਗਹਿਰਾਈਆਂ 'ਚੋਂ ਖ਼ੈਰਾਂ ਮੰਗਦਾ ਹਾਂ, ਇਸ ਹੋਣਹਾਰ ਕਲਮ ਤੇ ਅਵਾਜ਼ ਲਈ!

ਛੇ ਹਜ਼ਾਰ ਦੋ ਸੌ ਦੇ ਕਰੀਬ ਫੇਸ-ਮਾਸਕ ਫ੍ਰੀ ਵੰਡ ਚੁੱਕੀ ਮਾਲਵੇ ਦੀ ਰਾਜਪਾਲ ਦਾ, ਸਫ਼ਰ ਜਾਰੀ

ਅੱਜ ਸਾਡੇ ਸਮਾਜ 'ਤੇ ਕੋਰੋਨਾ ਜਿਹੀ ਨਾਮੁਰਾਦ ਬਿਮਾਰੀ ਦੇ ਟੁੱਟੇ ਕਹਿਰ ਦੌਰਾਨ ਮਾਲਵਾ ਖਿੱਤੇ ਦੀ ਮੱਧ-ਵਰਗੀ ਪਰਿਵਾਰ ਦੀ ਬੀਬੀ ਰਾਜਪਾਲ ਕੌਰ ਅਤੇ ਉਸ ਦੇ ਪਰਿਵਾਰ ਦੇ ਹਿੱਸੇ ਫੇਸ-ਮਾਸਕ ਬਣਾ ਕੇ ਫ੍ਰੀ ਵੰਡਣ ਦੀ ਸੇਵਾ ਆਉਣੀ ਨੂੰ ਉਹ ਆਪਣੀ ਖ਼ੁਸ਼ਕਿਸਮਤੀ ਮੰਨਦੇ ਹਨ। ਇਸ ਕਾਰਜ ਵਿਚ ਉਸ ਦਾ ਜੀਵਨ-ਸਾਥੀ ਸ੍ਰ. ਦਰਸ਼ਨ ਸਿੰਘ ਅਤੇ ਉਸ ਦੇ ਦੋਨੋਂ ਬੱਚੇ ਅਨਮੋਲਦੀਪ ਸਿੰਘ ਤੇ ਹਰਮਨਦੀਪ ਕੌਰ ਵੀ ਦਿਨ-ਰਾਤ ਹੱਥ ਵੰਡਾ ਰਹੇ ਹਨ, ਉਨਾਂ ਦਾ।

ਐਮ. ਐਸ ਸੀ (ਫੈਸ਼ਨ ਡਿਜਾਇਨਿੰਗ) ਕਰਨ ਤੋਂ ਬਾਅਦ ਆਪਣੇ ਪਰਿਵਾਰ ਦਾ ਸਾਥ ਦੇਣ ਲਈ ਰਾਜਪਾਲ ਨੇ ਸਿਲਾਈ-ਕਢਾਈ ਦੇ ਕੰਮ ਨੂੰ ਕਿੱਤੇ ਵੱਜੋ ਅਪਨਾਇਆ ਹੋਇਆ ਹੈ ਅਤੇ ਉਹ ਆਪਣਾ ਬੁਟੀਕ ਚਲਾ ਰਹੀ ਹੈ। ਬੁਟੀਕ ਉੱਪਰ ਉਸਨੇ ਹਰ ਤਰਾਂ ਦੇ ਡਿਜ਼ਾਇਨਰ ਸੂਟ ਸਿਲਾਈ ਕਰਨ ਦੇ ਨਾਲ-ਨਾਲ ਘੱਗਰੇ, ਫੁੱਲਕਾਰੀਆਂ, ਨਾਲੇ, ਛੱਜ, ਇਨ੍ਹੂੰ, ਪੀੜੀਆਂ, ਪੱਖੀਆਂ, ਜਾਗੋ ਵਾਲੀ ਟੌਕਣੀ ਆਦਿ ਟਰਡੀਸ਼ਨਲ ਕਪੱੜੇ ਜੋ ਸਾਡੇ ਪੁਰਾਤਨ ਸੱਭਿਆਚਾਰ ਨਾਲ ਜੁੜੇ ਹੋਏ ਹਨ ਅਤੇ ਜਿਸ ਨੂੰ ਸਾਡੀ ਹੁਣ ਦੀ ਪੀੜੀ ਭੁੱਲਦੀ ਜਾ ਰਹੀ ਹੈ, ਵੀ ਉਹ ਤਿਆਰ ਕਰਦੀ ਹੈ। ਉਸ ਕੋਲ ਬੁਟੀਕ 'ਤੇ ਕੌਟਨ ਦਾ ਕੱਪੜਾ ਪਿਆ ਸੀ। ਫੇਸ-ਮਾਸਕ ਬਣਾਉਂਦਿਆਂ ਜਦੋਂ ਉਹ ਸਾਰਾ ਖਤਮ ਹੋ ਗਿਆ ਤਾਂ ਉਸ ਨੇ ਫਿਰ ਦੋ ਤਿੰਨ ਬਾਰ ਹੋਰ ਕੱਪੜਾ ਖਰੀਦ ਲਿਆ।

ਹੁਣ ਤੱਕ, ਭਾਵ 9 ਮਈ ਤੱਕ ਉਹ ਛੇ ਹਜ਼ਾਰ, ਦੋ ਸੌ ਦੇ ਕਰੀਬ ਫੇਸ-ਮਾਸਕ ਬਣਾ ਕੇ ਪੰਜਾਬ ਪੁਲਿਸ, ਸਹਿਕਾਰੀ ਮਹਿਕਮੇ, ਵੱਖ-ਵੱਖ ਕਲੱਬਾਂ, ਨੇੜਲੇ ਪਿੰਡਾਂ ਵਿਚ ਰਾਹੀਆਂ, ਮਜ਼ਦੂਰਾਂ ਅਤੇ ਕਿਸਾਨਾਂ ਆਦਿ ਲੋੜਵੰਦਾਂ ਤੱਕ ਪਹੁੰਚਦੇ ਕਰ ਚੁੱਕੀ ਹੈ ਅਤੇ ਅੱਗੋਂ ਲੌਕ-ਡਾਊਨ ਤੱਕ ਕਰਦੇ ਰਹਿਣ ਲਈ ਉਹ ਪਾਬੰਦ ਹੈ। ਸਮਾਜ-ਸੇਵੀ ਇਸ ਪਰਿਵਾਰ ਉਤੇ ਜਿੰਨਾ ਵੀ ਮਾਣ ਕੀਤਾ ਜਾਵੇ, ਥੋੜਾ ਹੈ।

-ਪ੍ਰੀਤਮ ਲੁਧਿਆਣਵੀ

ਗੀਤਕਾਰੀ ਦਾ ਸ਼ਹਿਨਸ਼ਾਹ, ਪਰਵਾਸੀ ਗੀਤਕਾਰ, ਬਿੱਟੂ ਦੌਲਤਪੁਰੀਆ

ਪੰਜਾਬੀ ਸੱਭਿਆਚਾਰ ਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਕਿੱਧਰੇ ਵੀ ਚਲੇ ਜਾਣ, ਆਪਣੀ ਜਨਮ-ਭੂਮੀ ਅਤੇ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਨਹੀ ਭੁੱਲਦੇ। ਅਜਿਹੇ ਪੰਜਾਬੀਅਤ ਦੇ ਸੱਚੇ-ਸੁੱਚੇ ਸਪੂਤਾਂ ਵਿਚੋਂ ਇਕ ਨਾਮ ਹੈ, ਬਿੱਟੂ ਦੌਲਤਪੁਰੀਆ। ਪਿਛਲੇ ਲਗਭਗ 23 ਸਾਲਾਂ ਤੋਂ ਕੈਲੇਫੋਰਨੀਆਂ ਬੇ-ਏਰੀਏ ਦੇ ਸ਼ਹਿਰ ਲਿਵਰਮੋਰ ਵਿੱਚ ਰਹਿ ਰਿਹਾ ਬਿੱਟੂ ਪੰਜਾਬ ਦੀ ਧਰਤੀ ਅਤੇ ਮਾਂ-ਬੋਲੀ ਪੰਜਾਬੀ ਨਾਲ ਇੰਨਾ ਗਹਿਰਾ ਪਿਆਰ ਕਰਦਾ ਹੈ ਕਿ ਉਹ ਅਮਰੀਕਾ ਦੀ ਧਰਤੀ ਤੇ ਰਹਿੰਦੇ ਹੋਏ ਵੀ ਆਪਣੇ ਪੰਜਾਬ ਅਤੇ ਮਾਂ-ਬੋਲੀ ਨੂੰ ਇੱਕ ਪਲ ਲਈ ਵੀ ਮਨ ਤੋਂ ਨਹੀ ਵਿਸਾਰਦਾ। ਪੰਜਾਬ ਦੇ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਪਿੰਡ- ਬੱਬਰ ਕਰਮ ਸਿੰਘ ਦੌਲਤਪੁਰ ਵਿੱਚ ਜਨਮਿਆ , ਘਰਦਿਆਂ ਦਾ ਜਸਵਿੰਦਰ ਸਿੰਘ ਅਤੇ ਸਾਹਿਤਕ ਹਲਕਿਆਂ ਦਾ ਬਿੱਟੂ ਦੌਲਤਪੁਰੀ ਦੱਸਦਾ ਹੈ ਕਿ ਉਸ ਨੇ ਦਸਵੀਂ ਜਾਡਲਾ ਤੋਂ, 10+2 ਸ. ਸੀਨੀ. ਸੈਕੰ. ਸਕੂਲ ਨਵਾਂ-ਸ਼ਹਿਰ ਤੋਂ ਅਤੇ ਬੀ. ਏ. ਫਾਈਨਲ ਰਾਮਗੜੀਆ ਕਾਲਜ ਫਗਵਾੜਾ ਤੋਂ ਕੀਤੀ। ਗੀਤਕਾਰੀ ਦਾ ਅਸਲ ਜਜ਼ਬਾ ਉਸ ਨੂੰ ਵਿਰਸੇ ਵਿੱਚੋਂ ਹੀ ਮਿਲਿਆਂ ਹੈ, ਕਿਉਂਕਿ ਉਸ ਦੇ ਚਾਚਾ ਸ੍ਰ. ਤਾਰਾ ਸਿੰਘ ਸਾਗਰ ਜੀ ਬਹੁਤ ਹੀ ਪ੍ਰਭਾਵਸ਼ਾਲੀ ਲੇਖਕ ਹਨ, ਜਿਹੜੇ ਕਿ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ ਬੇ-ਏਰੀਆਂ ਦੇ ਲਗਾਤਾਰ 10 ਸਾਲ ਪ੍ਰਧਾਨ ਵੀ ਰਹਿ ਚੁੱਕੇ ਹਨ।

ਬਿੱਟੂ ਦੌਲਤਪੁਰੀ ਦਾ ਪਹਿਲਾ ਗੀਤ ਸੰਨ 2002 ਵਿੱਚ, ''ਅੰਬਰਾਂ ਦਾ ਚੰਨ'' ਕੈਸਿਟ ਵਿੱਚ, ''ਘੁੰਡ ਚੱਕ ਮੁੱਖੜਾ ਵਿਖਾ ਨੀ ਮਜਾਜਣੇ'' ਰਿਕਾਰਡ ਹੋਇਆ। ਜਿਸਨੂੰ ਸਰੋਤਿਆਂ ਨੇ ਖ਼ੂਬ ਪਿਆਰ ਬਖ਼ਸ਼ਿਆ। ਉਸ ਤੋਂ ਬਾਅਦ ਅਨੇਕਾਂ ਨਾਮਵਰ ਗਾਇਕਾਂ ਨੇ ਬਿੱਟੂ ਦੇ ਗੀਤ ਰਿਕਾਰਡ ਕਰਵਾਏ, ਜਿਨਾਂ ਵਿਚ ਰਣਜੀਤ ਮਣੀ, ਗੁਰਮੇਜ ਮੇਹਲੀ, ਮੁਹੰਮਦ ਬੂਟਾ, ਰੂਪ ਮਕਬੂਲ, ਨਿਰਮਲ ਨਿੰਮਾ, ਸੋਹਣ ਸ਼ੰਕਰ, ਹਰਦੇਵ ਚਾਹਲ, ਜਸਵੀਰ ਦੌਲਤਪੁਰੀ, ਜਗਦੀਸ਼ ਜਾਡਲਾ, ਬੰਸੀ ਬਰਨਾਲਾ, ਵਿਪਨ ਮਾਲੇਵਾਲੀਆ, ਸ਼ਮਸ਼ੇਰ ਸ਼ਾਮੂੰ, ਗੌਰਵ ਭਾਟੀਆ, ਆਰ. ਡੀ. ਸਾਗਰ, ਮੰਗਤ ਅਲੀ, ਕਰਨੈਲ ਦਰਦੀ, ਦਲਵਿੰਦਰ ਦਿਆਲਪੁਰੀ, ਸੋਨਾ ਸਿੰਘ, ਪੰਮਾ ਸੁੰਨੜ, ਰੂਪਾ ਪੰਡਵੇ ਵਾਲਾ, ਰਾਏ ਬੈਂਸ, ਅਮਰਜੀਤ ਕੌਲ, ਗੁਰਵਿੰਦਰ ਬੱਲੋਵਾਲ, ਜੱਸੀ ਮਹਾਲੋਂ, ਸ਼ਮਸ਼ੇਰ ਕਟਵਾਰਾ, ਰਾਜ ਦਦਰਾਲ, ਜੱਸੀ ਭਾਮ, ਰਵੀ ਵਿਜੇ ਭਾਟੀਆ ਬੂਟਾ ਪੀਰਾਂ ਦਾ, ਸੰਨੀ ਸਿੰਘ, ਵਿਕਰਮ ਲੇਹਲ, ਵਿੱਕੀ ਬਹਾਦੁਰਕੇ, ਮਸ਼ਹੂਰ ਲੇਡੀ ਸਿੰਗਰ-ਸੁਦੇਸ਼ ਕੁਮਾਰੀ, ਹਰਲੀਨ ਅਖਤਰ, ਰਹਿਮਤ ਭਾਰਟਾ, ਪ੍ਰੀਆ ਹੰਸ, ਮਿਸ ਰੂਪੀ ਰੀਟਾ ਸਿੱਧੂ, ਸਾਹਿਬ ਕੌਰ ਅਤੇ ਸੁਲੇਖਾਂ ਬੰਗੜ ਆਦਿ ਜ਼ਿਕਰ ਯੋਗ ਕਲਾਕਾਰ ਹਨ। ਹੁਣ ਬਿੱਟੂ ਦੇ ਹੋਰ ਵੀ ਗੀਤ ਜਿਹੜੇ ਨਾਮਵਰ ਕਲਾਕਾਰ ਲੈਕੇ ਆ ਰਹੇ ਹਨ ਉਨਾਂ ਵਿਚ ਸੁਰਿੰਦਰ ਸ਼ਿੰਦਾ, ਹਾਕਿਮ ਬਖਤੜੀਵਾਲਾ-ਦਲਜੀਤ ਕੌਰ, ਅਮਰ ਸਿੰਘ ਲਿੱਤਰਾਂ ਵਾਲਾ, ਲਖਵਿੰਦਰ ਸੂਰਾਪੁਰੀ, ਹਨੀ ਹਰਦੀਪ, ਪੰਮਾ ਡੂਮੇਵਾਲ, ਦਿਲਵਰਜੀਤ ਦਿਲਵਰ, ਸ਼ੰਕਰ-ਸਾਹਨੀ ਬੋਲੀਵੁੱਡ ਗਾਇਕ ਆਦਿ ਸ਼ਾਮਲ ਹਨ।

ਆਪਣੀ ਧਰਮ-ਪਤਨੀ ਪਰਮਜੀਤ ਕੌਰ, ਬੇਟੀ ਕਿਰਨਦੀਪ ਕੌਰ ਅਤੇ ਬੇਟੇ ਅਰਸ਼ਦੀਪ ਸਿੰਘ ਨਾਲ ਸ਼ਹਿਰ ਲਿਵਰਮੋਰ ਵਿਖੇ ਰਹਿ ਰਹੇ, ਹੱਸ-ਮੁੱਖ ਸੁਭਾਅ ਵਾਲੇ ਬਿੱਟੂ ਨੇ ਕਿਹਾ, ''ਮੈ ਸਦਾ ਤਹਿ-ਦਿਲੋਂ ਧੰਨਵਾਦ ਕਰਦਿਆਂ ਸਭ ਦੀਆਂ ਖ਼ੈਰਾਂ-ਸੁੱਖਾਂ ਮੰਗਦਾ ਹਾਂ ਰੱਬ ਵਰਗੇ ਉਨਾਂ ਗਾਇਕਾਂ ਤੇ ਪੰਜਾਬੀ ਸਰੋਤਿਆਂ ਦੀਆਂ, ਜਿਨਾਂ ਦੇ ਪਿਆਰ ਸਦਕਾ ਮੈਂ ਅੱਜ ਇਸ ਮੰਜਿਲ ਤੱਕ ਪਹੁੰਚ ਸਕਿਆ ਹਾਂ।''

ਬਿੱਟੂ ਦੀ ਸਾਦਗੀ, ਨਿੱਗਰ ਸੋਚ ਅਤੇ ਸਮਾਜ- ਸੇਵਾ ਉਨਾ ਦੀ ਸ਼ਖ਼ਸੀਅਤ ਨੂੰ ਹੋਰ ਵੀ ਚਾਰ ਚੰਨ ਲਾ ਰਹੀ ਹੈ। ਰੱਬ ਕਰੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਆਪਣੀ ਸਾਫ-ਸੁਥਰੀ ਕਲਮ ਦੁਆਰਾ ਵਿਸ਼ਵ ਪੱਧਰ ਤੇ ਪਹੁੰਚਾਉਣ ਵਾਲਾ, ਪੰਜਾਬ ਦਾ ਇਹ ਹੀਰਾ ਗੀਤਕਾਰੀ ਖੇਤਰ ਵਿੱਚ ਹੋਰ ਵੀ ਉੱਚੀਆ ਤੇ ਲੰਬੀਆਂ ਉਡਾਰੀਆਂ ਭਰਦਿਆਂ ਪੂਰੀ ਦੁਨੀਆਂ ਵਿਚ ਝੰਡੀ ਗੱਡੀ ਰੱਖੇ! ਪੰਜਾਬੀ ਮਾਂ-ਬੋਲੀ ਦੇ ਚਮਕਦੇ-ਦਮਕਦੇ ਇਸ ਮਾਣ-ਮੱਤੇ ਸਿਤਾਰੇ ਉਤੇ ਜਿੰਨਾ ਵੀ ਮਾਣ ਕੀਤਾ ਜਾਵੇ ਥੋੜਾ ਹੈ। ਆਮੀਨ !

-ਪ੍ਰੀਤਮ ਲੁਧਿਆਣਵੀ

ਇਕਾਂਤਵਾਸ ਤੋਂ 17 ਦਿਨ ਬਾਅਦ ਬਾਹਰ ਆ ਸਕਦੇ ਨੇ ਕਰੋਨਾ ਪੀੜਤ

ਨਵੀਂ ਦਿੱਲੀ- ਕੋਵਿਡ-19 ਦੇ ਹਲਕੇ ਤੇ ਬਿਨਾਂ ਲੱਛਣਾਂ ਵਾਲੇ ਮਾਮਲਿਆਂ ਲਈ ਸਰਕਾਰ ਵੱਲੋਂ ਜਾਰੀ ਸੋਧੇ ਹੋਏ ਦਿਸ਼ਾ ਨਿਰਦੇਸ਼ ਅਨੁਸਾਰ ਕਰੋਨਾ ਪੀੜਤ ਲੱਛਣ ਦਿਖਾਈ ਦੇਣ ਜਾਂ ਜਾਂਚ ਲਈ ਨਮੂਨੇ ਦੇਣ ਦੀ ਤਾਰੀਕ ਤੋਂ 17 ਦਿਨ ਬਾਅਦ ਕਰੋਨਾਵਾਇਰਸ ਦੀ ਜਾਂਚ ਕਰਵਾਏ ਬਿਨਾਂ ਆਪਣਾ ਇਕਾਂਤਵਾਸ ਖ਼ਤਮ ਕਰ ਸਕਦੇ ਹਨ। ਮਰੀਜ਼ ਪਰ ਅਜਿਹਾ ਤਾਂ ਹੀ ਕਰ ਸਕਦੇ ਹਨ ਜੇ ਉਨ੍ਹਾਂ ਨੂੰ ਦਸ ਦਿਨ ਤੋਂ ਬੁਖਾਰ ਨਾ ਹੋਇਆ ਹੋਵੇ। ਗ੍ਰਹਿ ਮੰਤਰਾਲੇ ਨੇ ਨਵੇਂ ਸੋਧੇ ਹੋਏ ਦਿਸ਼ਾ ਨਿਰਦੇਸ਼ 'ਚ ਦੁਹਰਾਇਆ ਹੈ ਕਿ ਉਹ ਲੋਕ ਜਿਨ੍ਹਾਂ ਕੋਲ ਖੁਦ ਨੂੰ ਵੱਖ ਰੱਖਣ ਦੀ ਸਹੂਲਤ ਹੈ, ਉਹ ਆਪਣੇ ਪਰਿਵਾਰ ਦੇ ਮੈਂਬਰਾਂ ਤੋਂ ਦੂਰ ਰਹਿਣ ਲਈ ਇਕਾਂਤਵਾਸ 'ਚ ਰਹਿ ਸਕਦੇ ਹਨ। ਸਿਹਤ ਅਧਿਕਾਰੀ ਵੱਲੋਂ ਇਨ੍ਹਾਂ ਹਲਕੇ ਜਾਂ ਬਿਨਾਂ ਲੱਛਣ ਵਾਲੇ ਮਾਮਲੇ ਐਲਾਨਣਾ ਲਾਜ਼ਮੀ ਹੈ ਤੇ ਰੈਗੂਲਰ ਢੰਗ ਨਾਲ ਜ਼ਿਲ੍ਹਾ ਨਿਗਰਾਨੀ ਅਧਿਕਾਰੀ ਨੂੰ ਆਪਣੀ ਸਿਹਤ ਸਬੰਧੀ ਜਾਣਕਾਰੀ ਦੇਣੀ ਵੀ ਜ਼ਰੂਰੀ ਹੈ। ਸਿਹਤ ਮੰਤਰਾਲੇ ਨੇ ਇਹ ਵੀ ਕਿਹਾ ਹੈ ਕਿ ਅਜਿਹਾ ਕੋਈ ਵੀ ਸਬੂਤ ਨਹੀਂ ਹੈ ਜਿਸ ਤੋਂ ਇਹ ਸਾਬਤ ਹੁੰਦਾ ਹੋਵੇ ਕਿ ਛੁੱਟੀ 'ਤੇ ਭੇਜੇ ਗਏ ਹਲਕੇ ਤੇ ਦਰਮਿਆਨੇ ਕੋਵਿਡ ਲੱਛਣਾਂ ਵਾਲੇ ਮਰੀਜ਼ਾਂ ਤ

(15 ਮਈ ਨੂੰ ਅੰਤਰਾਸ਼ਟਰੀ ਪਰਿਵਾਰ ਦਿਵਸ ਲਈ ਵਿਸ਼ੇਸ਼)

ਮੋਹ ਭਿੱਜੇ ਰਿਸ਼ਤਿਆਂ ਤੋਂ ਟੁੱਟਦਾ ਮਨੁੱਖ

ਡਾ. ਨਿਸ਼ਾਨ ਸਿੰਘ ਰਾਠੌਰ
91-75892-33437

ਮਨੁੱਖੀ ਜੀਵਨ ਰਿਸ਼ਤਿਆਂ ਦੀ ਡੋਰ ਵਿਚ ਬੱਝਾ ਹੁੰਦਾ ਹੈ। ਇਹ ਡੋਰ ਜਿੰਨੀ ਮਜ਼ਬੂਤ ਹੁੰਦੀ ਹੈ ਉਨੀ ਹੀ ਕੋਮਲ ਵੀ ਹੁੰਦੀ ਹੈ। ਇਹਨਾਂ ਰਿਸ਼ਤਿਆਂ ਕਰਕੇ ਮਨੁੱਖ ਜਿੱਥੇ ਜ਼ਿੰਦਗੀ ਨੂੰ ਜਿਉਂਦਾ ਹੈ ਉੱਥੇ ਕਈ ਵਾਰ ਇਹਨਾਂ ਰਿਸ਼ਤਿਆਂ ਵਿਚ ਆਈਆਂ ਉਲਝਣਾਂ ਕਰਕੇ ਜ਼ਿੰਦਗੀ ਨੂੰ ਖ਼ਤਮ ਕਰਨ ਦੇ ਰਾਹ ਵੀ ਪੈ ਜਾਂਦਾ ਹੈ। ਇਹ ਕਾਰਜ ਮਨੁੱਖ ਦੇ ਆਪਣੇ ਹੱਥ ਵਿਚ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਪਰਿਵਾਰਾਂ ਵਿਚ ਰਹਿ ਕੇ ਰਿਸ਼ਤਿਆਂ ਦੇ ਨਿੱਘ ਨਾਲ ਸਵਰਗ ਬਣਾਉਣਾ ਚਾਹੁੰਦਾ ਹੈ ਜਾਂ ਫਿਰ ਨਰਕ?

ਹਰ ਸਾਲ 15 ਮਈ ਦਾ ਦਿਨ 'ਅੰਤਰਰਾਸ਼ਟਰੀ ਪਰਿਵਾਰ ਦਿਵਸ' ਵੱਜੋਂ ਮਨਾਇਆ ਜਾਂਦਾ ਹੈ। ਇਹ ਦਿਨ ਮਨਾਉਣ ਦੀ ਆਰੰਭਤਾ ਅਮਰੀਕਾ ਵਿਚ 1994 ਨੂੰ ਕੀਤੀ ਗਈ ਸੀ ਤਾਂ ਕਿ ਅਜੋਕੇ ਮਨੁੱਖ ਨੂੰ ਪਰਿਵਾਰ ਦਾ ਮਹੱਤਵ ਸਮਝਾਇਆ ਜਾ ਸਕੇ, ਰਿਸ਼ਤਿਆਂ ਦੀ ਅਹਿਮੀਅਤ ਦਾ ਅਹਿਸਾਸ ਕਰਵਾਇਆ ਜਾ ਸਕੇ। ਪਰ! ਬਦਕਿਸਮਤੀ ਹਰ ਸਾਲ ਪਰਿਵਾਰਾਂ ਦਾ ਟੁੱਟਣਾ ਵੱਧਦਾ ਜਾ ਰਿਹਾ ਹੈ। ਪਰਿਵਾਰਾਂ ਵਿਚ ਦੂਰੀਆਂ ਵੱਧ ਰਹੀਆਂ ਹਨ, ਮੋਹ ਭਿੱਜੇ ਰਿਸ਼ਤੇ ਬੀਤੇ ਵੇਲਿਆਂ ਦੀ ਗੱਲ ਹੁੰਦੇ ਜਾ ਰਹੇ ਹਨ। ਮਨੁੱਖ ਅੰਦਰ ਇੱਕਲਾਪਾ ਆਪਣਾ ਪ੍ਰਭਾਵ ਵਧਾਉਂਦਾ ਜਾ ਰਿਹਾ ਹੈ; ਜਿਸ ਦਾ ਨਤੀਜਾ ਖ਼ੁਦਕੁਸ਼ੀਆਂ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਖ਼ੈਰ! ਅੱਜ ਦਾ ਮਨੁੱਖ ਜਿੱਥੇ ਭੱਜਦੌੜ ਭਰੀ ਜ਼ਿੰਦਗੀ ਨੂੰ ਜਿਉਣ ਦਾ ਸੰਤਾਪ ਹੰਢਾ ਰਿਹਾ ਹੈ ਉੱਥੇ ਹੀ ਕਿਸੇ ਕੋਲ ਆਪਣੇ ਸਕੇ- ਸੰਬੰਧੀਆਂ ਕੋਲ ਬੈਠਣ ਦਾ ਵਕਤ ਨਹੀਂ ਹੈ। ਸਮੇਂ ਦੇ ਗੇੜ ਨੂੰ ਜੇਕਰ ਵੀਹ ਕੁ ਸਾਲ ਪਿਛਾਂਹ ਕਰਕੇ ਉਸ ਵਕਤ ਦੇ ਸਮਾਜ ਦੇ ਜੀਵਨ ਨੂੰ ਵੇਖੀਏ ਤਾਂ ਮਨੁੱਖ ਦਾ ਜੀਵਨ ਅੱਜ ਨਾਲੋਂ ਕਿਤੇ ਜ਼ਿਆਦਾ ਸਕੂਨ ਭਰਿਆ ਸੀ। ਹਾਲਾਂਕਿ ਉਸ ਵਕਤ ਸਹੂਲਤਾਂ ਅੱਜ ਨਾਲੋਂ ਘੱਟ ਸਨ ਪਰ ਮਨੁੱਖ ਸੰਤੁਸ਼ਟ ਸੀ, ਖੁਸ਼ ਸੀ। ਇਸ ਖੁਸ਼ੀ ਦਾ ਵੱਡਾ ਕਾਰਣ ਮਨੁੱਖ ਦਾ ਆਪਣੇ ਪਰਿਵਾਰ ਨਾਲ ਮੋਹ ਸੀ ਅਤੇ ਜ਼ਿੰਦਗੀ ਜਿਉਣ ਲਈ ਸੀਮਤ ਜ਼ਰੂਰਤਾਂ ਸਨ। ਮਨੁੱਖ ਆਪਣੇ ਸੀਮਤ ਸਾਧਨਾਂ ਵਿਚ ਸੀਮਤ ਇੱਛਾਵਾਂ ਦੀ ਪੂਰਤੀ ਸਹਿਜੇ ਹੀ ਕਰ ਲੈਂਦਾ ਸੀ। ਇਸ ਕਰਕੇ ਅੱਜ ਨਾਲੋਂ ਵਧੇਰੇ ਖੁਸ਼ ਸੀ। ਪਰ! ਅੱਜ ਅਸੀਮਤ ਇੱਛਾਵਾਂ ਨੇ ਮਨੁੱਖ ਨੂੰ ਬੇਚੈਨ ਕਰਕੇ ਰੱਖ ਦਿੱਤਾ ਹੈ। ਮਨੁੱਖ ਜ਼ਿੰਦਗੀ ਨੂੰ ਜਿਉਣਾ ਭੁੱਲ ਗਿਆ ਹੈ ਬਲਕਿ ਜ਼ਿੰਦਗੀ ਨੂੰ ਕੱਟ ਰਿਹਾ ਹੈ, ਢੋਹ ਰਿਹਾ ਹੈ।

ਦੂਜੀ ਅਹਿਮ ਗੱਲ ਕਿ ਅੱਜ ਦੇ ਵਕਤ ਅਤੇ ਬੀਤੇ ਵਕਤ ਵਿਚ ਮੁੱਢਲਾ ਫਰਕ; ਰਿਸ਼ਤਿਆਂ ਦੀ ਕਦਰ ਘੱਟਣ ਕਰਕੇ ਪੈਦਾ ਹੋਇਆ ਹੈ। ਅੱਜ ਬਹੁਤੀਆਂ ਨੂੰਹਾਂ ਨੂੰ ਆਪਣੀਆਂ ਸੱਸਾਂ ਨਾਲ ਰਹਿਣ ਵਿਚ ਦਿੱਕਤ ਆਉਂਦੀ ਹੈ ਪਰ ਬੀਤੇ ਵੇਲੇ ਸੱਸ ਮਾਂ ਤਾਂ ਬਹੁਤ ਦੂਰ ਦੀ ਗੱਲ; ਪਿੰਡ ਦੀਆਂ ਹੋਰ ਔਰਤਾਂ ਨਾਲ ਮੋਹ ਵੀ ਕਿਸੇ ਗੱਲੋਂ ਲੁਕਿਆ ਹੋਇਆ ਨਹੀਂ ਸੀ। ਪਿੰਡ ਦੀ ਨੂੰਹ ਸਾਰੇ ਪਿੰਡ ਦੀ ਨੂੰਹ ਹੁੰਦੀ ਸੀ। ਪਿੰਡ ਦੀ ਧੀ ਸਾਰੇ ਪਿੰਡ ਦੀ ਧੀ ਹੁੰਦੀ ਸੀ। ਪਿੰਡਾਂ ਵਿਚ ਬਹੁਤੇ ਪਰਿਵਾਰਾਂ ਵਿਚ ਇਕੱਠ ਹੁੰਦਾ ਸੀ, ਏਕਾ ਹੁੰਦਾ ਸੀ। ਕਮਾਉਣ ਵਾਲੇ ਭਾਵੇਂ ਘੱਟ ਸਨ ਪਰ ਮੁਹਬੱਤੀ ਰਿਸ਼ਤਿਆਂ ਦੀ ਘਾਟ ਨਹੀਂ ਸੀ। ਇੱਕ ਪਰਿਵਾਰ ਦਾ ਦੁੱਖ ਪੂਰੇ ਪਿੰਡ ਦਾ ਦੁੱਖ ਸਮਝਿਆ ਜਾਂਦਾ ਸੀ। ਇੱਕ ਪਰਿਵਾਰ ਦੀ ਖੁਸ਼ੀ ਵਿਚ ਪੂਰਾ ਪਿੰਡ ਖੁਸ਼ ਹੁੰਦਾ ਸੀ।

ਯਕੀਨਨ, ਮਸ਼ੀਨੀ ਯੁੱਗ ਨੇ ਜਿੱਥੇ ਮਨੁੱਖ ਨੂੰ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ ਉੱਥੇ ਹੀ ਪਰਿਵਾਰਾਂ ਨਾਲੋਂ ਵੀ ਤੋੜ ਕੇ ਰੱਖ ਦਿੱਤਾ ਹੈ, ਮੋਹ ਭਿੱਜੇ ਰਿਸ਼ਤਿਆਂ ਨਾਲੋਂ ਵੀ ਤੋੜ ਕੇ ਰੱਖ ਦਿੱਤਾ ਹੈ। ਮਨੁੱਖ ਆਪਣੇ ਜੀਵਨ ਵਿਚ ਐਸ਼ਪ੍ਰਸਤੀ ਚਾਹੁੰਦਾ ਹੈ, ਪੈਸਾ ਚਾਹੁੰਦਾ ਹੈ, ਖੁਸ਼ੀ ਚਾਹੁੰਦਾ ਹੈ, ਨਾਮ ਕਮਾਉਣਾ ਚਾਹੁੰਦਾ ਹੈ। ਪਰ! ਇਹਨਾਂ ਇੱਛਾਵਾਂ ਦੀ ਇਵਜ਼ ਵਿਚ ਉਸ ਨੇ ਆਪਣਾ ਸੁਖ ਅਤੇ ਚੈਨ ਗੁਆ ਲਿਆ ਹੈ, ਆਪਣੇ ਰਿਸ਼ਤੇ ਗੁਆ ਲਏ ਹਨ, ਆਪਣੀ ਮੁਹੱਬਤ ਗੁਆ ਲਈ ਹੈ, ਰੂਹ ਦਾ ਸਕੂਨ ਗੁਆ ਲਿਆ ਹੈ ਅਤੇ ਆਪਣੇ ਪਰਿਵਾਰ ਗੁਆ ਲਏ ਹਨ।

ਇਹ ਗੱਲ ਪੱਥਰ 'ਤੇ ਲਕੀਰ ਵਾਂਗ ਸੱਚ ਹੈ ਕਿ ਕੋਈ ਵੀ ਮਨੁੱਖ ਪਰਿਵਾਰ ਤੋਂ ਬਿਨਾਂ ਨਹੀਂ ਰਹਿ ਸਕਦਾ ਅਤੇ ਇਹ ਪਰਿਵਾਰ ਮਨੁੱਖਾਂ ਨਾਲ, ਆਪਣਿਆਂ ਨਾਲ, ਰਿਸ਼ਤਿਆਂ ਨਾਲ ਗੜੁੱਚ ਹੁੰਦਾ ਹੈ। ਇਹਨਾਂ ਤੋਂ ਬਿਨਾਂ ਮਨੁੱਖਤਾ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਪਰ! ਅਜੋਕੇ ਦੌਰ ਵਿਚ ਮਨੁੱਖ ਇਹਨਾਂ ਮੋਹ ਭਿੱਜੇ ਰਿਸ਼ਤਿਆਂ ਤੋਂ ਦੂਰ ਹੋ ਗਿਆ ਹੈ। ਇਹਨਾਂ ਦੂਰੀਆਂ ਦਾ ਮੂਲ ਕਾਰਣ ਮਨੁੱਖ ਦੀਆਂ ਅਸੀਮ ਇੱਛਾਵਾਂ ਹਨ। ਇਹਨਾਂ ਇੱਛਾਵਾਂ ਦੀ ਪੂਰਤੀ ਕਰਦਿਆਂ ਉਸਨੂੰ ਰਤਾ ਭਰ ਵੀ ਇਲਮ ਨਹੀਂ ਹੁੰਦਾ ਕਿ ਉਹ ਆਪਣਿਆਂ ਨਾਲੋਂ ਟੁੱਟ ਗਿਆ ਹੈ। ਮਸ਼ੀਨਾਂ ਨਾਲ ਮਸ਼ੀਨ ਬਣ ਗਿਆ ਹੈ। ਹੁਣ ਉਸਦੇ ਕੋਲ ਪੈਸਾ, ਐਸ਼ ਅਤੇ ਨਾਮ ਤਾਂ ਹੈ ਪਰ! ਪਰਿਵਾਰ ਅਤੇ ਮੁਹਬੱਤੀ ਰਿਸ਼ਤੇ ਗੁਆਚ ਗਏ ਹਨ।

ਸਿਆਣਿਆਂ ਦਾ ਕਥਨ ਹੈ ਕਿ ਲੰਘਿਆ ਵਕਤ ਕਦੇ ਮੁੜ ਕੇ ਵਾਪਿਸ ਨਹੀਂ ਆਉਂਦਾ ਪਰ ਲੰਘੇ ਵਕਤ ਦੇ ਤਜ਼ੁਰਬੇ ਬੰਦੇ ਨੂੰ ਭਵਿੱਖ ਲਈ ਸਬਕ ਜ਼ਰੂਰ ਸਿਖਾ ਜਾਂਦੇ ਹਨ। ਇਹ ਸਬਕ ਬੰਦੇ ਨੂੰ ਆਉਣ ਵਾਲੇ ਵਕਤ ਲਈ ਸਿਆਣਪ ਦਾ ਪਾਠ ਪੜ੍ਹਾ ਜਾਂਦੇ ਹਨ। ਜਿਹੜਾ ਮਨੁੱਖ ਇਹ ਪਾਠ ਆਪਣੇ ਜੀਵਨ ਵਿਚ, ਜ਼ਿਹਨ ਵਿਚ ਚੇਤੇ ਰੱਖਦਾ ਹੈ ਉਹ ਮਨੁੱਖ ਅਸਲ ਅਰਥਾਂ ਵਿਚ ਮਨੁੱਖ ਕਹਾਉਣ ਦਾ ਹੱਕਦਾਰ ਹੁੰਦਾ ਹੈ। ਉਹ ਮਨੁੱਖ ਇਹਨਾਂ ਮੁਹੱਬਤੀ ਰਿਸ਼ਤਿਆਂ ਦੀ ਕਦਰ ਕਰਨਾ ਸਿੱਖ ਜਾਂਦਾ ਹੈ ਅਤੇ ਉਹੀ ਮਨੁੱਖ ਰਿਸ਼ਤਿਆਂ ਦੇ ਨਿੱਘ ਨੂੰ ਮਾਣ ਪਾਉਂਦਾ ਹੈ। ਇਹਨਾਂ ਰਿਸ਼ਤਿਆਂ ਵਿਚ ਜਿਉਂਦੇ ਮਨੁੱਖ ਦਾ ਜੀਵਨ ਸੁਖੀ ਹੁੰਦਾ ਹੈ, ਖੁਸ਼ਹਾਲ ਹੁੰਦਾ ਹੈ। ਅੱਜ ਅਜਿਹੇ ਜੀਵਨ ਦੀ ਲੋੜ ਹੈ ਤਾਂ ਕਿ ਮਨੁੱਖ ਨੂੰ ਮਸ਼ੀਨ ਬਣਨ ਤੋਂ ਰੋਕਿਆ ਜਾ ਸਕੇ। ਪਰ! ਇਹ ਹੁੰਦਾ ਕਦੋਂ ਹੈ?, ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।

ਕੀ ਭਾਰਤ ਦੇ ਪ੍ਰਧਾਨ ਮੰਤਰੀ ਸੂਬਿਆਂ ਨੂੰ ਆਰਥਿਕ ਸਹੂਲਤਾਂ ਵੀ ਪ੍ਰਦਾਨ ਕਰਨਗੇ?

ਜੰਗ ਸਿੰਘ
jangsinghaps@gmail.com

ਸੰਸਾਰ ਵਿਚ ਕਰੋਨਾ ਬਿਮਾਰੀ ਨੂੰ ਫੈਲਿਆਂ ਕੁਝ ਮਹੀਨੇ ਹੋ ਗਏ ਹਨ ਪਰ ਇਹ ਠੱਲਣ ਦਾ ਨਾਂ ਨਹੀਂ ਲੈ ਰਹੀ ਬਲਕਿ ਲੋਕਾਂ ਦੀ ਹਰ ਦਿਨ ਨੀਂਦ ਤੇ ਨੀਂਦ ਉੱਡਾ ਰਹੀ ਹੈ । ਸੰਸਾਰ ਭਰ ਦੀਆ ਸਰਕਾਰਾਂ ਆਪਣੇ ਆਪਣੇ ਦੇਸ਼ਾਂ ਦੇ ਲੋਕਾਂ ਲਈ ਵੱਧ ਤੋਂ ਵੱਧ ਆਰਥਕ ਸਹੂਲਤਾਂ ਪ੍ਰਦਾਨ ਕਰਨ ਵਲ ਲਗੀਆਂ ਹੋਈਆ ਹਨ । ਉਨਾਂ ਦੀ ਮੁਸ਼ਕਲ ਨੂੰ ਸਮਝਦਿਆ ਹੋਇਆਂ ਸਮਸਿਆਵਾਂ ਦਾ ਹੱਲ ਵਿੱਤੀ ਲਾਭ ਦੇ ਕੇ ਕਰ ਰਹੀਆਂ ਹਨ । ਪਰ ਬੜੇ ਹਿਰਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਕੌਮ ਦੇ ਨਾਂ ਤੇ 4-5 ਵਾਰੀ ਭਾਸ਼ਨ ਤਾਂ ਦੇ ਚੁੱਕੇ ਹਨ। ਹਰ ਵਾਰੀ ਕਦੇ ਉਹ ਤਾੜੀਆਂ ਵਜਾਉਣ, ਥਾਲੀਆਂ ਖੜਕਾਉਣ, ਟਾਰਚਾਂ, ਦੀਵੇ ਬਾਲਣ, ਜਾਂ ਫਿਰ ਜੈ ਘੋਸ਼, ਹਰ ਹਰ ਮਹਾਦੇਵ ਦੇ ਨਾਹਰੇ ਲਗਾ ਕੇ ਫਰੰਟ ਤੇ ਲੜ੍ਹ ਰਹੇ ਡਾਕਟਰਾਂ, ਨਰਸਾਂ, ਸਿਹਤਕ ਅੱਮਲੇ, ਪੁਲੀਸ ਵਿਭਾਗ, ਸਫਾਈ ਕਰਮਚਾਰੀਆਂ ਜਾਂ ਫਿਰ ਉਹ ਕਰਮਚਾਰੀ ਜੋ ਫਰੰਟ ਲਾਈਨ ਤੇ ਖੜ੍ਹੇ ਹੋ ਕੇ ਆਪ ਤੇ ਆਪਣੇ ਪ੍ਰੀਵਾਰ ਦੇ ਜੀਵਨ ਨੂੰ ਖਤਰੇ ਵਿਚ ਪਾ ਕੇ ਲੜ੍ਹ ਰਹੇ ਹਨ। ਉਨਾਂ ਦੀ ਹੌਂਸਲਾ ਅਫਜਾਈ ਕੀਤੇ ਜਾਣ ਦੀ ਗੱਲ ਕਰਦੇ ਆ ਰਹੇ ਹਨ । ਪਰ ਉਹ ਇਸ ਸਚਾਈ ਨੂੰ ਲੁਕਾ ਕੇ ਆਪਣੀ ਪਾਰਟੀ ਤੇ ਧਰਮ ਨਾਲ ਸਬੰਧਤ ਪ੍ਰੋਗਰਾਮਾਂ ਦਾ ਲੁੱਕਵੇਂ ਢੰਗ ਨਾਲ ਪਰਚਾਰ ਕਰ ਰਹੇ ਹਨ । ਦੇਸ਼ ਦੀਆਂ ਸਰਕਾਰਾਂ ਤੇ ਲੋਕਾਂ ਨੂੰ ਹਰ ਵਾਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੋਂ ਆਸ ਕੀਤੀ ਜਾਂਦੀ ਸੀ ਕਿ ਉਹ ਪੀ ਐਮ ਕੇਅਰ ਫੰਡ ਜਿਸ ਵਿਚ ਦੇਸ਼ ਦੇ ਅਮੀਰ ਲੋਕਾਂ ਸਮੇਤ ਹੋਰ ਲੋਕਾਂ ਨੇ ਹਜਾਰਾਂ ਕਰੋੜ੍ਹ ਰੁਪਇਆ ਕਰੋਨਾ ਬਿਮਾਰੀ ਨਾਲ ਜੂਝਣ ਲਈ ਦਿਤਾ ਹੈ। ਇਸ ਫੰਡ ਵਿਚੋਂ ਉਹ ਪ੍ਰਾਤਾਂ ਨੂੰ ਕਰੋਨਾ ਬਿਮਾਰੀ ਨਾਲ ਲੜ੍ਹਣ ਲਈ ਕੋਈ ਰਾਹਤ ਦੇਣਗੇ। ਪਰ ਹਰ ਵਾਰੀ ਇਹ ਊਂਠ ਦੇ ਬੁੱਲ ਵਾਂਗ ਡਿੱਗਣ ਦੀ ਬਜਾਏ ਲਟਕਦਾ ਹੀ ਆ ਰਿਹਾ ਹੈ । ਜਿਸ ਕਾਰਨ ਸਰਕਾਰਾਂ ਨੂੰ ਨਿਰਾਸ਼ਾ ਹੀ ਪੱਲੇ ਪੈ ਰਹੀ ਹੈ । ਦੇਸ਼ ਦੇ ਕਈ ਪ੍ਰਾਂਤ ਖਾਸ ਕਰਕੇ ਜਿਥੇ ਭਾਜਪਾ ਵਿਰੋਧੀ ਸਰਕਾਰਾਂ ਹਨ। ਉਨਾਂ ਨਾਲ ਹਰ ਪੜਾਅ ਤੇ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ । ਦਿੱਲੀ ਪ੍ਰਾਂਤ ਸਮੇਤ ਅਜਿਹੀਆਂ ਹੋਰ ਕਈ ਸਰਕਾਰਾਂ ਇਹ ਦੋਸ਼ ਲਗਾਉਂਦੀਆਂ ਆ ਰਹੀਆ ਹਨ ।ਪਰ ਮੋਦੀ ਸਾਹਿਬ ਦੀ ਸਿਹਤ ਤੇ ਕੋਈ ਅਸਰ ਨਹੀਂ 'ਕੋਈ ਮਰੇ ਕੋਈ ਜੀਵੇ ਸੁੱਥਰਾ ਘੋਲ ਪਤਾਸੇ ਪੀਵੇ'। ਪੰਜਾਬ ਨੂੰ ਹੋਰ ਕੋਈ ਸਹੂਲਤ ਦੇਣੀ ਤਾਂ ਦੂਰ ਦੀ ਗੱਲ ਉਸ ਦਾ ਬਣਦੇ ਟੈਕਸ ਤੋਂ ਜੀ ਐਸ ਟੀ ਦਾ ਬਕਾਇਆ 4400 ਕਰੋੜ੍ਹ ਰੁਪਇਆ ਵੀ ਨਹੀਂ ਦਿਤਾ ਜਾ ਰਿਹਾ ਜਿਸ ਕਾਰਨ ਕਈ ਛੋਟੇ ਛੋਟੇ ਵਰਗ ਦੇ ਮੁਲਾਜਮ ਤਨਖਾਹ ਤੋਂ ਵਾਂਝੇ ਹੋਣ ਕਾਰਨ ਉਨਾਂ ਦੇ ਪ੍ਰੀਵਾਰ ਰੋਟੀ ਲਈ ਵਿਲਕ ਰਹੇ ਹਨ। ਪੰਜਾਬ ਵਿਚ ਆਰਥਕ ਮੰਦੀ ਹਾਲਤ ਕਾਰਨ ਸਿਹਤ ਸਹੂਲਤਾਂ ਬੁਰੀ ਤਰਾਂ ਨਿਘਰੀਆ ਹੋਈਆ ਹਨ ।ਹਸਪਤਾਲਾਂ ਵਿਚ ਪੀ ਪੀ ਈ ਕਿੱਟਾਂ , ਵੈਂਟੀਲੇਟਰਾਂ ,ਮਾਸਕਾਂ , ਦਸਤਾਨਿਆਂ, ਸੈਨੀਟਾਈਜਰਾਂ, ਲੋੜੀਂਦੇ ਸਟਾਫ ਦੀ ਘਾਟ ਹੈ ਜਿਸ ਕਾਰਨ ਪੰਜਾਬ ਵਿਚ ਹੋਰਨਾਂ ਸੂਬਿਆਂ ਦੀ ਬਨਿਸਬਤ ਭਾਵੇਂ ਮਰੀਜ ਕੁਝ ਘੱਟ ਹਨ, ਪਰ ਮੌਤ ਦਰ ਔਸਤਨ 6-7% ਦੇ ਵਿਚਕਾਰ ਹੈ ਜੋ ਕਿ ਭਾਰਤ ਭਰ ਦੇ ਪ੍ਰਾਂਤਾਂ ਵਿਚ ਸਭ ਤੋਂ ਵੱਧ ਹੈ। ਪ੍ਰਧਾਨ ਮੰਤਰੀ ਸਾਹਿਬ ਨੂੰ ਆਖਰ ਲੋਕਾਂ ਨੇ ਫੰਡ ਇਸ ਕਰਕੇ ਦਿਤਾ ਸੀ ਕਿ ਉਹ ਉਸ ਉਤੇ ਕੁੰਡਲੀ ਜੱਫਾ ਮਾਰ ਕੇ ਬਹਿ ਜਾਣ ਤੇ ਪੰਜਾਬ ਦੇ ਲੋਕ ਮਰਦੇ ਰਹਿਣ? ਅਕਾਲੀ ਦੱਲ ਬਾਦਲ ਦੀ ਪੰਜਾਬ ਵਲੋਂ ਇਕੋ ਇਕ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਨੇ ਤਾਂ ਸ਼ਰਮ ਹਯਾ ਬਿਲਕੁਲ ਹੀ ਸ੍ਰੀ ਨਰਿੰਦਰ ਮੋਦੀ ਅੱਗੇ ਸਿਰਫ ਮੰਤਰੀਸ਼ਿਪ ਦੀ ਗੱਦੀ ਨੂੰ ਬਚਾਉਣ ਲਈ ਗਿਰਵੀ ਰੱਖੀ ਹੋਈ ਹੈ । ਉਨਾਂ ਨੂੰ ਨਾ ਤਾਂ' ਪੰਜਾਬ' ਨਾਲ ਕੋਈ ਹਿੱਤ ਨਜਰ ਆ ਰਿਹਾ ਹੈ ਨਾਂ ਹੀ ਕਰੋਨਾ ਗ੍ਰਹੱਸਤ 'ਪੰਜਾਬ ਦੇ ਲੋਕ' ਨਾਲ । ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਸਾਹਿਬ ਕੋਲੋਂ ਜਦੋਂ ਪੈਸਿਆ ਦੀ ਮੰਗ

ਕਰਦੇ ਹਨ ਪਰ ਪ੍ਰਧਾਨ ਮੰਤਰੀ ਵਲੋਂ ਜੁਆਬ ਦੇਣ ਤੋਂ ਪਹਿਲਾਂ ਹੀ ਉਨਾਂ ਦਾ ਮੋਹਰਾ ਬਣ ਕੇ ਇਹ ਬੀਬੀ ਬਾਦਲ ਜੁਆਬ ਦੇ ਕੇ ਆਪਣੀ ਹਾਸੋ ਹੀਣੀ ਹਾਲਤ ਬਣਾ ਲੈਂਦੇ ਹਨ ਕਿ ਜਿਵੇਂ :ਊਂਠ ਨਾ ਕੁੱਦੇ ਬੋਰੇ ਕੁੱਦੇ'' ਹੋਣ। ਕੀ ਕਹੀਏ ਇਸ ਬਾਦਲ ਪ੍ਰੀਵਾਰ ਦੇ ਮੋਦੀ ਭਗਤੀ ਦੇ? ਕੇਂਦਰ ਸਰਕਾਰ ਦਾ ਰਵਈਆ ਗੈਰ ਭਾਜਪਾ ਸਰਕਾਰਾਂ ਨਾਲ ਵਿਤਕਰੇ ਵਾਲਾ ਚਲਿਆ ਆ ਰਿਹਾ ਹੈ ਜੋ ਕਿ ਇਸ ਮਹਾਂ ਮਾਰੀ ਮੌਕੇ ਉਨਾਂ ਨੂੰ ਸੋਭਦਾ ਨਹੀਂ ।ਪ੍ਰਧਾਨ ਮੰਤਰੀ ਸਾਰੇ ਦੇਸ਼ ਦਾ ਹੁੰਦਾ ਹੈ ਨਾ ਕਿ ਉਨਾ ਸੂਬਿਆਂ ਦਾ ਜਿਥੇ ਉਨਾਂ ਦੀ ਪਾਰਟੀ ਦੀ ਸਰਕਾਰ ਹੈ ! ਪੰਜਾਬ ਦੇ ਨਾਲ ਲਗਦਾ ਹਰਿਆਣਾ ਪ੍ਰਾਂਤ ਹੈ। ਉਥੋਂ ਦੇ ਹਸਪਤਾਲਾਂ ਵਿਚ ਸਿਹਤਕ ਸਹੂਲਤਾਂ ਪੰਜਾਬ ਨਾਲੋਂ ਹਰੇਕ ਪਖੋਂ ਬਹੁਤ ਹੀ ਬਿਹਤਰ ਹੋਣ ਕਰਕੇ ਉਥੇ ਕਰੋਨਾ ਕਾਰਨ ਮੌਤਾਂ ਦੀ ਗਿਣਤੀ ਨਾ ਮਾਤਰ ਹੈ। ਇਸ ਗੱਲ ਤੋਂ ਵੀ ਇਨਕਾਰਿਆ ਨਹੀਂ ਜਾ ਸਕਦਾ ਜਿਵੇਂ ਹਰ ਲੋੜ੍ਹੀਂਦੀ ਸਹੂਲਤ ਉਸ ਨੂੰ ਭਾਜਪਾ ਦੀ ਕੇਂਦਰੀ ਸਰਕਾਰ ਵਲੋਂ ਮੁੱਹਈਆ ਕੀਤੀ ਜਾਂਦੀ ਹੋਵੇ।

ਕੇਂਦਰ ਸਰਕਾਰ ਦੀ ਨੀਤੀ ਹੁਣੇ ਹੀ ਆਰ ਟੀ ਆਈ ਰਾਹੀਂ ਲਈ ਸੂਚਨਾ ਤੋਂ ਜੱਗ ਜਾਹਰ ਹੋ ਚੁਕੀ ਹੈ। ਇਕ ਸਮਾਜ ਸੇਵੀ ਨੇ ਭਾਰਤੀ ਰਿਜਰਵ ਬੈਂਕ ਕੋਲੋਂ ਇਸ ਗੱਲ ਦੀ ਸੂਚਨਾ ਮੰਗੀ ਸੀ ਜਿਸ ਵਿਚ ਬੈਂਕ ਕੋਲੋਂ ਉਨਾ ਲੋਕਾਂ ਦੇ ਨਾਂ ਮੰਗੇ ਸਨ ਜਿਨਾਂ ਨੇ ਬੈਂਕ ਕੋਲੋਂ ਕਰਜੇ ਲਏ ਸਨ ਤੇ ਫਿਰ ਸਰਕਾਰ ਵਲੋਂ ਮੁਆਫ ਕਰ ਦਿੱਤੇ ਗਏ। ਉਸ ਜਾਣਕਾਰੀ ਨੇ ਭਾਰਤੀਆਂ ਦੇ ਹੋਸ਼ ਉਡਾ ਦਿਤੇ ਹਨ ਕਿ ਇਹ ਉਹ 50 ਅਮੀਰ ਅਜਾਰੇਦਾਰ ਵਿਅਕਤੀ ਹਨ ਜਿਨਾਂ ਵਿੱਚ ਇਕ ਮੋਦੀ ਵਲੋਂ ਪੁਕਾਰਿਆ ਬਾਈ 'ਮੇਹੁਲ ਚੌਕਸੀ 'ਤੇ ਨੀਰਮ ਮੋਦੀ, ਵਿਜੈ ਮਾਲਿਆ, ਪਾਤੰਜਲੀ ਦਾ ਬਾਬਾ ਦਾ ਬਾਬਾ ਰਾਮ ਦੇਵ (ਜਿਹੜਾ ਮੋਦੀ ਦੀ ਸਰਕਾਰ ਲਿਆਉਣ ਸਮੇਂ ਵਿਦੇਸ਼ ਵਿਚ ਭਾਰਤੀਆਂ ਦਾ ਕਾਲਾ ਧੰਨ ਸਰਕਾਰ ਵਲੋਂ ਲਿਆਂਏ ਜਾਣ ਦੀਆਂ ਵੱਡੀਆਂ ਵੱਡੀਆਂ ਡੀਂਗਾ ਮਾਰਦਾ ਥਕਦਾ ਨਹੀਂ ਸੀ ਤੇ ਹੁਣ ਮੂੰਹ ਵਿਚ ਘੁੰਗਣੀਆਂ ਪਾਈ ਬੈਠਾ ਹੈ। ਆਦਿ ਵਰਗੇ ਸ਼ਾਮਲ ਹਨ।ਉਨਾਂ ਵਿਚੋਂ ਕਈ ਸਰਕਾਰ ਦੀ ਸ੍ਰਪਰਸਤੀ ਹੇਠ ਬੈਂਕਾਂ ਦਾ ਕਰਜਾ ਮਾਰ ਕੇ ਵਿਦੇਸ਼ਾਂ ਵਿਚ ਭੱਜ ਗਏ ਹਨ ਤੇ ਬੈਂਕਾਂ ਨੇ ਉਨਾਂ ਸਾਰਿਆ ਦੇ ਲੋਅਨ ਦੀ ਰਕਮ ਜਿਹੜੀ 68605 ਕਰੋੜ੍ਹ ਰੁਪਏ ਬਣਦੀ ਹੈ 'ਵੱਟੇ ਖਾਤੇ' ਪਾ ਦਿਤੀ ਹੈ । ਇਹਨਾਂ ਵਿਚ ਬਹੁਤੇ ਉਹ ਸੱਜਣ ਹਨ ਜਿਹਨਾਂ ਦੇ ਨਿੱਜੀ ਸਬੰਧ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਹਨ । ਦੇਸ਼ ਦਾ ਕਿਸਾਨ ਜਿਸ ਨੇ 'ਹਰਾ ਇਨਕਲਾਬ' ਤੇ ਫਿਰ 'ਚਿੱਟਾ ਇਨਕਲਾਬ' ਲਿਆ ਕੇ ਦੇਸ਼ ਨੂੰ ਅੰਨ ਤੇ ਦੁੱਧ ਪਖੋਂ ਆਤਮ ਨਿਰਭਰ ਕੀਤਾ ਸੀ । ਉਹ ਕਿਸਾਨ ਜਿਨਸਾਂ ਦੇ ਵਾਜਬ ਭਾਅ ਨਾ ਮਿਲਣ ਕਾਰਨ ਕਰਜੇ ਵਿੱਚ ਦਬਿਆ ਹੋਣ ਕਰਕੇ ਰੋਜਾਨਾ ਖੁਦਕਸ਼ੀਆਂ ਕਰ ਰਿਹਾ ਹੈ ਉਨਾਂ ਦਾ ਕਰਜਾ ਮੁਆਫ ਕਰਨ ਲਈ ਕੁਝ ਨਹੀਂ ਕੀਤਾ ਜਾ ਰਿਹਾ ਵੱਡੇ-ਵੱਡੇ ਭਾਸ਼ਣਾਂ ਵਿਚ ਕਿਸਾਨਾਂ ਦੀ ਆਮਦਨ ਦੁੱਗਣੀਆਂ ਕਰਨ ਦੀਆਂ ਹਵਾਈ ਗੱਲਾਂ ਕਰਕੇ ਕਿਸਾਨਾਂ ਦੇ ਜਖਮਾਂ ਤੇ ਲੂਣ ਛਿੜਕਿਆਂ ਜਾ ਰਿਹਾ ਤੇ ਵੱਡੇ ਵੱਡੇ ਅਜਾਰੇਦਾਰ ਬੈਂਕਾਂ ਦੇ ਕਰਜੇ ਮੁਆਫ ਕਰਾ ਕੇ ਵਿਦੇਸ਼ਾਂ ਵਿਚ ਮੌਜਾਂ ਉੱਡਾ ਰਹੇ ਹਨ। ਜਿਹੜਾ ਇਹ ਕਿਹਾ ਜਾਂਦਾ ਸੀ ਕਿ ਦੇਸ਼ ਦੀ ਸਰਕਾਰ ਲੋਕਾਂ ਦੀ, ਲੋਕਾਂ ਦੁਆਰਾ ਤੇ ਲੋਕਾਂ ਲਈ ਚੁਣੀ ਗਈ ਹੁੰਦੀ ਹੈ। ਉਹ ਸਰਕਾਰ ਹੁਣ ਲੋਕਾਂ ਦੀ ਨਾ ਹੋ ਕੇ ' ਵੱਡੇ ਵਪਾਰੀਆਂ ਦੀ , ਵੱਡੇ ਵਪਾਰੀਆਂ ਦੁਆਰਾ ਚੁਣੀ ਹੋਈ , ਵੱਡੇ ਵਪਾਰੀਆ ਲਈ' ਵਾਲੀ ਬਣ ਚੁਕੀ ਹੈ। ਦੇਸ਼ ਦਾ ਪੜਿਆ ਲਿਖਿਆ ਨੌਜੁਆਨ ਪਹਿਲਾਂ ਹੀ ਕਈ ਕਰੋੜ੍ਹ ਬੇਰੁਜਗਾਰ ਚਲਿਆ ਆ ਰਿਹਾ ਹੈ ਹੁਣ ਕਰੋਨਾ ਬਿਮਾਰੀ ਦੀ ਆਫਤ ਨੇ ਰੋਜਾਨਾ ਦਿਹਾੜ੍ਹੀ ਦੱਪਾ ਕਰਨ ਵਾਲੇ ਮਜਦੂਰਾਂ ,ਕਿਸਾਨੀ ਕਾਮਿਆਂ ਨੂੰ ਗੰਭੀਰ ਆਰਥਕ ਮੰਦਹਾਲੀ ਵਿਚ ਸੁੱਟ ਦਿਤਾ ਹੈ ਉਸ ਲਈ ਭੁੱਖਮਰੀ ਦੀ ਸਮਸਿਆ ਪੈਦਾ ਹੋ ਗਈ ਹੈ ਭਾਵੇਂ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ, ਗੁਰਦੁਆਰਿਆਂ ਦੀਆਂ ਕਮੇਟੀਆਂ ਆਦਿ ਭੁੱਖਿਆਂ ਨੂੰ ਰੋਟੀ ਦੇਣ ਦੇ ਆਹਰ ਵਿਚ ਜੁੱਟ ਹੋਈਆਂ ਹਨ ਜੋ ਕਿ ਸਾਰਿਆਂ ਤਕ ਪੁੱਜਣਾ ਅਸੰਭਵ ਹੈ ।ਸਰਕਾਰ ਵਲੋਂ ਭੇਜੀ ਜਾ ਰਹੀ ਰਸਦ ਵੀ ਰਾਜਨੀਤੀ ਦਾ ਸ਼ਿਕਾਰ ਹੋ ਚੁੱਕੀ ।ਕਈਆਂ ਨੂੰ ਗੱਫੇ ਤੇ ਬਹੁਤਿਆਂ ਨੂੰ ਧੱਫੇ ਹੀ ਮਿਲ ਰਹੇ ਹਨ। ਇਸ ਸਮੇਂ ਪੰਜਾਬ ਸਰਕਾਰ ਦੀ ਵੱਡੀ ਜਿੰਮੇਵਾਰੀ ਹੈ ਕਿ ਉਹ ਹਰ ਯਤਨ ਕਰਕੇ ਪੰਜਾਬ ਵਿੱਚ ਕਿਸੇ ਨੂੰ ਭੁੱਖਿਆਂ ਨਾ ਸੌਣ ਦੇਵੇ। ਦੇਸ਼ ਵਿਚ ਪਿਛਲੇ ਕਾਫੀ ਸਮੇਂ ਤੋਂ ਇਹੋ ਜਿਹੇ ਨਾਜੁਕ ਸਮੇਂ ਉਸ ਆਫਤ ਨਾਲ ਲੜ੍ਹਣ ਲਈ ਪ੍ਰਧਾਨ ਮੰਤਰੀ ਰਾਹਤ ਕੋਸ਼ ਚਲਦਾ ਆ ਰਿਹਾ ਸੀ ਪਰ ਮੋਦੀ ਸਾਹਿਬ ਨੇ ਉਸ ਫੰਡ ਦੀ ਥਾਂ ਤੇ ਪੀ ਐਮ ਕੇਅਰ ਫੰਡ ਬਣਾ ਲਿਆ ਹੈ ਜਿਸ ਬਾਰੇ ਇਹ ਵੀ ਦਸਿਆ ਜਾ ਰਿਹਾ ਹੈ ਕਿ ਇਹ ਆਰ ਟੀ ਆਈ ਆਦਿ ਦੇ ਘੇਰੇ ਵਿਚ ਨਹੀਂ ਆਉਂਦਾ, ਜਿਸ ਕਾਰਨ ਇਸ ਫੰਡ ਬਾਰੇ ਵੀ ਸ਼ੱਕ ਦੀ ਭਾਵਨਾ ਪੈਦਾ ਹੋ ਰਹੀ ਹੈ ਕਿ ਕਿਧਰੇ ਮੋਦੀ ਸਾਹਿਬ ਇਸ ਫੰਡ ਨੂੰ ਪਹਿਲਾਂ ਵਾਂਗ ਹੋਰ ਅਜਾਰੇਦਾਰਾਂ ਦੇ ਕਰਜੇ ਨੂੰ ਮੁਆਫ ਕਰਕੇ ਦੇਸ਼ ਵਾਸੀਆ ਨਾਲ ਹੋਰ ਵੱਡਾ ਧੱਕਾ ਨਾ ਕਰ ਦੇਣ ।

ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇਕੱਠੇ ਹੋ ਕੇ ਲਾਂਮ ਬੰਦੀ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮਜਬੂਰ ਕਰ ਦੇਣਾ ਚਾਹੀਦਾ ਹੈ ਕਿ ਉਹ ਦੇਸ਼ ਦੇ ਲੋਕਾਂ ਵਲੋਂ ਕਰੋਨਾ ਦੀ ਬਿਮਾਰੀ ਨਾਲ ਲੜ੍ਹਣ ਲਈ ਪੀ ਐਮ ਕੇਅਰ ਫੰਡ ਵਿਚ ਦਿਤੀ ਹਜਾਰਾਂ ਕਰੋੜ੍ਹ ਰੁਪਏ ਦੀ ਰਾਸ਼ੀ ਵਿਚੋਂ ਲੋੜ੍ਹ ਮੁਤਾਬਿਕ ਪ੍ਰਾਂਤਾਂ ਲਈ ਫੰਡ ਲੈਣ ਲਈ ਸਾਂਝਾ ਉਪਰਾਲਾ ਕਰਨ। ਇੱਕਲੇ ਦੁਕੱਲੇ ਦੇ ਰੋਲਾ ਪਾਉਣ ਨਾਲ ਮੱਸਲਾ ਹੱਲ ਹੋਣ ਵਾਲਾ ਨਹੀਂ !

ਬੱਚਿਆਂ ਨੂੰ ਸਿਹਤਮੰਦ ਬਣਾਏਗਾ "ਮਿਸ਼ਨ ਫਿੱਟ ਸੰਗਰੂਰ"

ਚਮਨਦੀਪ ਸ਼ਰਮਾ
91-95010-33005

ਮਨੁੱਖ ਨੇ ਜੀਵਨ ਵਿੱਚ ਕੋਈ ਵੀ ਕਾਰਜ ਕਰਨਾ ਹੋਵੇ ਤਾਂ ਸਿਹਤ ਪੱਖੋਂ ਤੰਦਰੁਸਤ ਹੋਣਾ ਅਤਿ ਲੋੜੀਦਾ ਹੈ ਕਿਉਂ ਜੋ ਇੱਕ ਤੰਦਰੁਸਤ ਸਰੀਰ ਵਿੱਚ ਤੰਦਰੁਸਤ ਮਨ ਦਾ ਵਾਸਾ ਹੁੰਦਾ ਹੈ । ਜਿਸ ਦੇ ਕਰਕੇ ਮਨੁੱਖ ਸਹੀ ਫੈਸਲਿਆ ਦੀ ਚੋਣ ਕਰਕੇ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨ ਵਿੱਚ ਸਫ਼ਲਤਾ ਵੱਲ ਵੱਧਦਾ ਹੈ। ਇਸ ਤੋਂ ਉਲਟ ਆਪਣੀ ਸਿਹਤ ਨੂੰ ਅੱਖੋਂ ਪਰੋਖੇ ਕਰਨ ਵਾਲਾ ਜਿੰਦਗੀ ਦੀ ਦੌੜ ਵਿੱਚ ਬਹੁਤ ਪਿੱਛੇ ਰਹਿ ਜਾਂਦਾ ਹੈ।ਉਹ ਸਮਾਜ ਅਤੇ ਪਰਿਵਾਰ ਦੇ ਉੱਪਰ ਬੋਝ ਹੁੰਦਾ ਹੈ। ਉਂਝ ਸਿਹਤ ਅਤੇ ਸਿੱਖਿਆ ਦੀਆਂ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਸਰਕਾਰਾਂ ਦੀ ਡਿਊਟੀ ਹੈ ਪਰ ਵਿਅਕਤੀ ਦੀ ਘੱਟ ਰਹੀ ਉਮਰ, ਹਸਪਤਾਲਾਂ ਵਿੱਚ ਮਰੀਜ਼ਾਂ ਦੀ ਭੀੜ, ਰੋਗਾਂ ਦੇ ਉਪਚਾਰ ਕਰਨ ਵਿੱਚ ਅਸਮਰੱਥਾ ਸਰਕਾਰਾਂ ਦੀ ਕਾਰਗੁਜ਼ਾਰੀ ਤੇ ਪ੍ਰਸ਼ਨ ਚਿੰਨ ਹੈ। ਮਾਨਵ ਵੱਲੋਂ ਕੁਦਰਤ ਨਾਲ ਕੀਤੇ ਜਾ ਰਹੇ ਜ਼ੁਲਮਾਂ ਦੀ ਦਾਸਤਾਨ ਵੀ ਬੜੀ ਲੰਬੀ ਹੈ।ਪਾਣੀ, ਹਵਾ ਦਾ ਪ੍ਰਦੂਸ਼ਿਤ ਹੋਣਾ ,ਰੁੱਖਾ ਦੀ ਕਟਾਈ, ਜੰਕ ਫੂਡ ਦੀ ਭਰਮਾਰ ਵਿਚਾਰਨਯੋਗ ਹੈ। ਆਪਣੇ ਰੋਜ਼ਾਨਾ ਜੀਵਨ ਵਿੱਚੋਂ ਸਰੀਰਕ ਵਰਜ਼ਿਸ ਨੂੰ ਅਣਗੌਲਿਆ ਕਰਕੇ ਮਨੁੱਖ ਨੇ ਆਪਣੇ ਪੈਰੀ ਆਪ ਕੁਹਾੜੀ ਮਾਰਨ ਦਾ ਕੰਮ ਕੀਤਾ ਹੈ।ਜਿਸਦੇ ਫਲਸਰੂਪ ਸਾਡੇ ਬੱਚਿਆਂ ਦਾ ਸਰੀਰਕ ਵਿਕਾਸ ਰੁਕ ਗਿਆ ਹੈ।ਬੇਸ਼ੱਕ ਸਕੂਲਾਂ ਵਿੱਚ ਮਿਡ ਡੇ ਮੀਲ ਸਕੀਮ ਤਹਿਤ ਪੌਸ਼ਟਿਕ ਭੋਜਣ ਦੀ ਵਿਵਸਥਾ ਹੈ ਪਰ ਸਰੀਰਕ ਚੁਸਤੀ ਫੁਰਤੀ ਦੇ ਲਈ ਕਸਰਤ ਦਾ ਅਭਿਆਸ ਜ਼ਰੂਰੀ ਹੈ।

ਇੱਥੇ ਇਹ ਵੀ ਸੱਚ ਹੈ ਕਿ ਸੂਬੇ ਵਿੱਚ ਕਈ ਜਗ੍ਹਾਂ ਲੋਕਾਂ ਨੂੰ ਸਿਹਤ ਪ੍ਰਤਿ ਜਾਗਰੂਕ ਕਰਨ ਦੇ ਉਪਰਾਲੇ ਸਵਾਗਤਯੋਗ ਹਨ ਜਿਹਨਾਂ ਨੇ ਅਨੋਖੀ ਮਿਸਾਲ ਕਾਇਮ ਕੀਤੀ ਹੋਈ ਹੈ। ਜਿਲ੍ਹਾ ਸੰਗਰੂਰ ਪ੍ਰਤੱਖ ਉਦਾਹਰਨ ਹੈ ਜਿੱਥੇ ਸਿੱਖਿਆ

ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਸੈ ਸਿੱ) ਸ ਸ਼ੱਲਕੀਤ ਸਿੰਘ ਨੇ "ਮਿਸ਼ਨ ਫਿੱਟ ਸੰਗਰੂਰ'' ਰਾਹੀਂ ਬੱਚਿਆਂ ਨੂੰ ਰਿਸ਼ਟ ਪੁਸ਼ਟ ਬਣਾਉਣ ਲਈ ਨਿਵੇਕਲੀ ਪਹਿਲ ਕੀਤੀ। ਲੌਕਡਾਊਨ ਦੇ ਦੌਰਾਨ ਮਿਸ਼ਨ ਫਿੱਟ ਸੰਗਰੂਰ ਦੇ ਫੇਸ ਬੁੱਕ ਪੇਜ਼ ਦੁਆਰਾ ਸਾਂਝੀਆਂ ਕੀਤੀਆ ਜਾ ਰਹੀਆ ਵੀਡਿਓਜ਼ ਨੇ ਵਿਦਿਆਰਥੀਆਂ ਨੂੰ ਉਦਾਸੀਨਤਾ ਵਿੱਚੋਂ ਕੱਢ ਕੇ ਖ਼ੁਸ਼ੀ ਦੀ ਲਹਿਰ ਉਤਪੰਨ ਕੀਤੀ ਜੋ ਕਿ ਕਾਬਿਲ ਏ ਤਾਰੀਫ਼ ਹੈ।ਇਸ ਮਿਸ਼ਨ ਦੇ ਲਈ ਸਰੀਰਕ ਅਧਿਆਪਕਾਂ ਦਾ ਅੱਗੇ ਆਉਣਾ ਵਿਭਾਗ ਦੇ ਲਈ ਚੰਗੀ ਖਬ ਹੈ।ਇਸ ਨਾ

ਕਰੋਨਾ ਦੌਰ ਦੀਆਂ ਸਾਹਿਤਕ ਸੰਭਾਵਨਾਵਾਂ

ਇੰਦਰਜੀਤ ਪਾਲ
91-90855-426160

ਅਜੋਕੇ ਸਮੇਂ ਵਿੱਚ ਕਰੋਨਾ ਵਾਇਰਸ ਵੱਲੋਂ ਸਾਰੇ ਵਿਸ਼ਵ ਵਿੱਚ ਮਚਾਈ ਤਬਾਹੀ ਨੂੰ ਤਸੱਵਰ ਕਰਦਿਆਂ ਸਾਹਿਰ ਲੁਧਿਆਣਵੀ ਦੀਆਂ ਇਨ੍ਹਾਂ ਸਤਰਾਂ ਵੱਲ ਧਿਆਨ ਮੱਲੋ ਮੱਲੀ ਚਲਾ ਗਿਆ:

"ਕੱਲ੍ਹ ਜਹਾਂ ਬਸੀ ਦੀ ਖੁਸ਼ੀਆਂ
ਆਜ ਹੈ ਮਾਤਮ ਵਹਾਂ,
ਵਕਤ ਲਾਇਆ ਥਾ ਬਹਾਰੇਂ
ਵਕਤ ਲਾਇਆ ਹੈ ਖਿਜਾਂ।"

ਅੱਜ ਉਹ ਵਕਤ ਹੈ ਜਦ ਇਸ ਮਹਾਂਮਾਰੀ ਨੇ ਬਿਨਾਂ ਕੋਈ ਐਟਮ ਬੰਬ ਜਾਂ ਗੋਲੀ ਬਾਰੂਦ ਵਰਤੇ ਤੀਸਰੇ ਮਹਾਂਯੁੱਧ ਵਰਗੇ ਹਾਲਾਤ ਬਣਾ ਦਿੱਤੇ ਹਨ। ਗੋਲੀ ਬਾਰੂਦ ਜਾਂ ਐਟਮ ਬੰਬ ਚਲਾਇਆ ਵੀ ਕਿਸ ਤੇ ਜਾਵੇ? ਦੁਸ਼ਮਣ ਤਾਂ ਅਦ੍ਰਿਸ਼ ਹੈ ਅਤੇ ਘਾਤਕ ਵੀ। ਕਿਸੇ ਵਕਤ ਆਪਣੇ ਆਪ ਨੂੰ ਵਿਸ਼ਵ ਦੀ ਮਹਾਂਸ਼ਕਤੀ ਕਹਾਉਣ ਵਾਲੇ ਦੇਸ਼ ਅੱਜ ਗੋਡਿਆਂ ਭਾਰ ਨਜ਼ਰ ਆ ਰਹੇ ਨੇ।

ਅੱਜ ਚਾਰੇ ਪਾਸੇ ਡਰ ਤੇ ਸਹਿਮ ਦਾ ਵਾਤਾਵਰਣ ਉਸਰ ਰਿਹਾ ਹੈ ਜਿਸ ਵਿੱਚ ਮਨੁੱਖ ਨਾ ਚਾਹੁੰਦੇ ਹੋਏ ਵੀ ਦੂਸਰੇ ਮਨੁੱਖ ਤੋਂ ਅਣਕਿਆਸਿਆ ਖਤਰਾ ਅਨੁਭਵ ਕਰ ਰਿਹਾ ਹੈ। ਜਿੱਥੇ ਸਮੁੱਚਾ ਵਿਸ਼ਵ ਇਸ ਮਹਾਂਮਾਰੀ ਦੇ ਮਾਰੂ ਪ੍ਰਭਾਵਾਂ ਨਾਲ ਜੂਝ ਰਿਹਾ ਹੈ ਉੱਥੇ ਇਸ ਦੇ ਪ੍ਰਤੀ-ਪ੍ਰਭਾਵ ਸਾਰੇ ਸੰਸਾਰ ਦੀ ਆਰਥਿਕਤਾ ਦੀਆਂ ਜੜ੍ਹਾਂ ਨੂੰ ਖੋਖਲਾ ਬਣਾ ਰਹੇ ਹਨ ਤੇ ਪੂਰਾ ਵਿਸ਼ਵ ਇੱਕ ਵਾਰ ਫੇਰ 1930 ਵਰਗੀ ਮਹਾਂਮੰਦੀ ਦੇ ਟਰੈਪ ਵਿੱਚ ਫਸਦਾ ਨਜ਼ਰ ਆ ਰਿਹਾ ਹੈ। ਵਿਸ਼ਵ ਦੀਆਂ ਪ੍ਰਵਾਨਿਤ ਰਾਸ਼ਟਰੀ ਤੇ ਅੰਤਰਰਾਸ਼ਟਰੀ ਸੰਸਥਾਂਵਾਂ ਜਿਵੇਂ ਸੰਯੁਕਤ ਰਾਸ਼ਟਰੀ ਸੰਗਠਨ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਇਸ ਬਾਰੇ ਆਪਣੇ ਅੰਦਾਜ਼ੇ ਦੱਸਦੇ ਹੋਏ ਆਖਦੇ ਹਨ ਕਿ ਲਗਭਗ ਪੰਜਾਹ ਫੀਸਦੀ ਲੋਕ ਬੇਰੋਜ਼ਗਾਰ ਹੋ ਸਕਦੇ ਹਨ। ਗਰੀਬਾਂ ਦੀ ਸੰਖਿਆ ਵਿੱਚ ਚੋਖਾ ਵਾਧਾ ਦੇਖਣ ਨੂੰ ਮਿਲ ਸਕਦਾ ਹੈ। ਲੱਕਡਾਊਨ ਫਾਰਮੂਲੇ ਨਾਲ ਵਸਤਾਂ ਤੇ ਸੇਵਾਵਾਂ ਦੀ ਮੰਗ ਦੇ ਬਨਿਸਬਤ ਉਨ੍ਹਾਂ ਦੀ ਪੂਰਤੀ ਦੇ ਘਟਣ ਨਾਲ ਉਨ੍ਹਾਂ ਦੀਆਂ ਕੀਮਤਾਂ ਦੇ ਵਾਧੇ ਦੀ ਪ੍ਰਵਿਰਤੀ ਦੇਖਣ ਨੂੰ ਮਿਲ ਸਕਦੀ ਹੈ। ਅਰਥ ਸ਼ਾਸਤਰੀ ਤਾਂ ਕੁਝ ਦੇਸ਼ਾਂ ਦੇ ਸਕਲ ਘਰੇਲੂ ਉਤਪਾਦ ਦੇ ਵਾਧੇ ਦੀ ਦਰ ਮਨਫ਼ੀ ਵੀ ਦੱਸ ਰਹੇ ਹਨ।

ਪੂਰਾ ਵਿਸ਼ਵ ਇੱਕ ਸਦਮੇ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਸਦਮੇ ਦੇ ਸਾਲਾਂ ਸਬੰਧੀ ਨੈਓਮੀ ਕਲੇਨ ਦੀ ਪੁਸਤਕ ਦੀ 'ਸ਼ੱਕ ਡਾਕਟਰਾਈਨ: ਦ ਰਾਈਜ਼ ਆਫ ਡਿਜਾਸਟਰ ਕੈਪੀਟਲਿਜ਼ਮ' (2007) ਅਨੁਸਾਰ ਸਦਮੇ ਦੇ ਅਜਿਹੇ ਦੌਰ ਵਿੱਚ ਧਨਾਢ ਮੁਲਕ ਛੋਟੇ ਮੁਲਕਾਂ ਨੂੰ ਅਤੇ ਰਾਜਨੀਤਿਕ ਤੇ ਪ੍ਰਸ਼ਾਸਨਿਕ ਅਧਿਕਾਰੀ ਤੇ ਬਹੁਰਾਸ਼ਟਰੀ ਕੰਪਨੀਆਂ ਆਪਣੇ ਮੁਨਾਫੇ ਲਈ ਸਾਧਾਰਨ ਲੋਕਾਂ ਨੂੰ ਲਤਾੜਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਸਦਮੇ ਦੀ ਦੋਹਰੀ ਮਾਰ ਸਹਿਣੀ ਪੈਂਦੀ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਤਾਂ ਇਹ ਸੰਕਟ ਹੋਰ ਵੀ ਗਹਿਰਾ ਹੋ ਨਿਬੜਦਾ ਹੈ। ਕਿਸੇ ਸਮਾਜ ਦੀਆਂ ਆਰਥਿਕ ਹਾਲਤਾਂ ਵਿੱਚ ਆਏ ਪਰਿਵਰਤਨ ਉਸ ਦੀਆਂ ਸਮਾਜਿਕ ਪ੍ਰਸਥਿਤੀਆਂ ਉਪਰ ਆਪਣੀ ਗਹਿਰੀ ਛਾਪ ਛੱਡਦੇ ਹਨ। ਲੋਕਾਂ ਦਾ ਸਮਾਜਿਕ ਆਚਾਰ ਵਿਹਾਰ ਬਦਲ ਜਾਂਦਾ ਹੈ। ਅਜੋਕੇ ਸਮੇਂ ਵਿੱਚ ਅਪਣਾਈ ਜਾ ਰਹੀ ਸਮਾਜਿਕ ਦੂਰੀ ਅਤੇ ਆਪਸੀ ਮੇਲ ਮਿਲਾਪ ਤੋਂ ਸੰਕੋਚ ਦੇ ਨਿਯਮ ਲੋਕਾਂ ਦੀ ਦਿਨ ਚਰਿਆ ਦਾ ਹਿੱਸਾ ਬਣ ਰਹੇ ਹਨ। ਲੋਕ ਵਧੇਰੇ ਅੰਤਰਮੁਖੀ ਹੋ ਰਹੇ ਹਨ। ਅਜਿਹੀ ਸਥਿਤੀ ਵਿੱਚ ਇਕਲਾਪੇ ਦੇ ਦੁਸ਼ਪ੍ਰਭਾਵਾਂ ਦਾ ਮਨੁੱਖ ਨੂੰ ਚਿੰਬੜਨਾ ਲਗਪਗ ਤੈਅ ਹੈ। ਇਹ ਭੈਅ ਤੇ ਸਹਿਮ ਵਾਲੇ ਮਾਹੌਲ ਵਿੱਚ ਆਪਸੀ ਰਿਸ਼ਤਿਆਂ ਦਾ ਵੀ ਘਾਣ ਹੋ ਰਿਹਾ ਹੈ ਭਾਰਤੀ ਸੰਸਕ੍ਰਿਤੀ ਦੀ ਸਭ ਤੋਂ ਮਹੱਤਵਪੂਰਨ ਰਸਮ ਅੰਤਿਮ ਸਮੇਂ ਆਪਣੇ ਪਿਆਰਿਆਂ ਨੂੰ ਮੁੱਖ ਅਗਨੀ ਦੇਣ ਤੋਂ ਵੀ ਕਿਨਾਰਾ ਕਰਨ ਦੇ ਸਮਾਚਾਰ ਮਿਲ ਰਹੇ ਹਨ। ਕਈ ਦੇਸ਼ਾਂ ਵਿੱਚ ਤਾਂ ਡਾਕਟਰ ਇਲਾਜ ਲਈ ਆਏ ਮਰੀਜ਼ਾਂ ਵਿੱਚੋਂ ਵੀ ਚੋਣ ਕਰਦੇ ਹਨ ਕਿ ਕਿਸ ਦੀ ਜਾਨ ਬਚਾਈ ਜਾਵੇ ਅਤੇ ਕਿਸ ਨੂੰ ਮਰਨ ਲਈ ਛੱਡ ਦਿੱਤਾ ਜਾਵੇ। ਹਾਲਾਂਕਿ ਜਾਨ ਤਾਂ ਹਰੇਕ ਹੀ ਕੀਮਤੀ ਹੈ ਪਰ ਫਿਰ ਵੀ ਇਹ ਵਰਤਾਰਾ ਵਾਪਰ ਰਿਹਾ ਹੈ।

ਇਸ ਮਹਾਂਮਾਰੀ ਕਾਰਨ ਹੋਏ ਲੱਕਡਾਊਨ ਕਾਰਨ ਅਪਣਾਈ ਜਾ ਰਹੀ ਸਮਾਜਿਕ ਦੂਰੀ ਦੇ ਚੱਲਦਿਆਂ ਆਨਲਾਈਨ ਵਿਆਹ, ਰਿਸ਼ਤੇਦਾਰਾਂ ਦਾ ਵਿਆਹ ਵਿੱਚ ਆਨਲਾਈਨ ਸ਼ਾਮਿਲ ਹੋਣਾ, ਸਮਾਜਿਕ ਤੇ ਪਰਿਵਾਰਿਕ ਸਮਾਗਮਾਂ ਵਿੱਚ ਲੋਕਾਂ ਦੀ ਗਿਣਤੀ ਦਾ ਸੀਮਿਤ ਹੋਣਾ, ਵਿਦਿਅਕ ਅਦਾਰਿਆਂ ਦਾ ਆਨਲਾਈਨ ਪੜ੍ਹਾਈ ਕਰਾਉਣਾ, ਬੁੱਧੀਜੀਵੀਆਂ ਦੀਆਂ ਗੋਸ਼ਟੀਆਂ ਤੇ ਸੈਮੀਨਾਰਾਂ ਦਾ 'ਵੈਬੀਨਾਰ' ਵਿੱਚ ਬਦਲ ਜਾਣ ਦਾ ਵਰਤਾਰਾ ਵੀ ਚਲਨ ਵਿੱਚ ਆ ਰਿਹਾ ਹੈ। ਭਾਵੇਂ ਇਹ ਸਭ ਕੁਝ ਮਜਬੂਰੀ ਵੱਸ ਹੀ ਸਹੀ ਪਰ ਇਸਨੂੰ ਇੱਕ ਬਦਲ ਦੇ ਰੂਪ ਵਿੱਚ ਅਪਣਾਇਆ ਜਾ ਰਿਹਾ ਹੈ।

ਜਦੋਂ ਵੀ ਕੋਈ ਵਿਸ਼ਵ ਵਿਆਪੀ ਸੰਕਟ ਆਉਂਦਾ ਹੈ ਤਾਂ ਉਸ ਦਾ ਪ੍ਰਭਾਵ ਬਹੁਪੱਖੀ ਹੁੰਦਾ ਹੈ। ਭਾਵੇਂ ਕਰੋਨਾ ਵਾਇਰਸ ਨੇ ਹਮਲਾ ਸਿੱਧੇ ਰੂਪ ਵਿੱਚ ਮਨੁੱਖ ਦੀ ਸਿਹਤ ਤੇ ਕੀਤਾ ਹੈ ਪਰ ਅਸਿੱਧੇ ਰੂਪ ਵਿੱਚ ਮਨੁੱਖ ਦੀਆਂ ਆਰਥਿਕ, ਸਮਾਜਿਕ ਤੇ ਮੁਲਕਾਂ ਦੀਆਂ ਰਾਜਨੀਤਕ ਪ੍ਰਸਥਿਤੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਜੇਕਰ ਇਸ ਦਾ ਪ੍ਰਭਾਵ ਸਮਾਜ ਤੇ ਪੈਂਦਾ ਹੈ ਤਾਂ ਸਾਹਿਤ ਉੱਤੇ ਵੀ ਇਸ ਦਾ ਪ੍ਰਭਾਵ ਪੈਣਾ ਲਾਜ਼ਮੀ ਹੈ। ਕਿਉਂਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਅਤੇ ਮੋੜਵੇਂ ਰੂਪ ਵਿੱਚ ਸਮਾਜ ਨੂੰ ਉਹੀ ਪਰੋਸਦਾ ਹੈ ਜੋ ਸਮਾਜ ਉਸ ਨੂੰ ਕੱਚੇ ਮਸਾਲੇ ਦੇ ਰੂਪ ਵਿਚ ਪ੍ਰਦਾਨ ਕਰਦਾ ਹੈ। ਇਸ ਸਮੇਂ ਦੌਰਾਨ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜੋ ਸ਼ਾਇਦ ਸਾਧਾਰਨ ਪ੍ਰਸਥਿਤੀਆਂ ਵਿੱਚ ਨਾ ਵਾਪਰਦੀਆਂ। ਅਜਿਹਾ ਬਹੁਤ ਕੁਝ ਹੈ ਜੋ ਨਾਟਕੀ ਰੂਪ ਵਿੱਚ ਘਟਿਤ ਹੋਇਆ ਹੈ। ਕਿਉਂਕਿ ਸਾਹਿਤਕਾਰ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਡੂੰਘੀ ਨੀਝ ਨਾਲ ਵੇਖਦਾ ਅਤੇ ਚਿਤਵਦਾ ਹੈ। ਇਸ ਲਈ ਇੱਕ ਸਾਹਿਤਕਾਰ ਨੂੰ ਅਜਿਹੀਆਂ ਨਿਵੇਕਲੀਆਂ ਘਟਨਾਵਾਂ ਸਾਹਿਤ ਲਿਖਣ ਲਈ ਪ੍ਰੇਰਿਤ ਕਰਦੀਆਂ ਹਨ। ਬਹੁਤ ਸਾਰੀਆਂ ਕਵਿਤਾਵਾਂ, ਗੀਤ, ਲੇਖ ਤੇ ਮਿੰਨੀ ਕਹਾਣੀਆਂ ਇਸ ਕਾਲ ਦੌਰਾਨ ਸਾਹਿਤਕਾਰਾਂ ਵੱਲੋਂ ਅਖ਼ਬਾਰਾਂ, ਰਸਾਲਿਆਂ ਸੋਸ਼ਲ ਮੀਡੀਆ ਤੇ ਵੇਖਣ ਨੂੰ ਮਿਲ ਰਹੀਆਂ ਹਨ। ਸਾਹਿਤ ਦੀਆਂ ਦੂਸਰੀਆਂ ਵੰਨਗੀਆਂ ਜਿਵੇਂ ਕਹਾਣੀ, ਨਾਟਕ, ਨਾਵਲ ਲਈ ਇਸ ਕਾਲ ਵਿੱਚ ਅਸੀਮ ਸੰਭਾਵਨਾਵਾਂ ਹਨ। ਲੋਕਾਂ ਦਾ ਕਈ ਸੌ ਮੀਲ ਪੈਦਲ ਤੁਰ ਕੇ ਤਰ੍ਹਾਂ-ਤਰ੍ਹਾਂ ਦੀਆਂ ਔਕੜਾਂ ਵਿੱਚੋਂ ਲੰਘ ਕੇ ਆਪਣੇ ਘਰਾਂ ਤੱਕ ਪੁੱਜਣਾ, ਰੇਲ ਗੱਡੀ ਦੀ ਟਿਕਟ ਦਾ ਇੰਤਜ਼ਾਰ, ਵਿਦੇਸ਼ਾਂ ਵਿੱਚ ਫਸੇ ਲੋਕਾਂ ਦੀ ਆਪਣੇ ਦੇਸ਼ ਪਰਤਣ ਦੀ ਤਾਂਘ, ਜੀਵਨ ਰੱਖਿਆ ਲਈ ਭੋਜਨ ਜਟਾਉਣ ਤੋਂ ਲੈ ਕੇ ਦੂਸਰੇ ਅਸਮਾਜਿਕ ਅਨਸਰਾਂ ਤੋਂ ਆਪਣੀ ਤੇ ਆਪਣੇ ਪਰਿਵਾਰ ਦੀ ਰੱਖਿਆ ਕਰਨਾ। ਅਜਿਹਾ ਬਹੁਤ ਕੁਝ ਹੈ ਜੋ ਕਿ ਇਹ ਕਾਲ ਸਾਹਿਤ ਲਈ ਢੇਰ ਸਾਰੀਆਂ ਕਹਾਣੀਆਂ ਦੇ ਰੂਪ ਵਿੱਚ ਆਪਣੀ ਬੁੱਕਲ ਵਿੱਚ ਸੰਜੋਈ ਬੈਠਾ ਹੈ। ਸਾਹਿਤ ਹਮੇਸ਼ਾਂ ਸਮਕਾਲ ਨਾਲ ਨੱਥੀ ਹੋ ਕੇ ਤੁਰਦਾ ਹੈ।ਇਹ ਸਮਕਾਲ ਦੌਰਾਨ ਆਈਆਂ ਤਬਦੀਲੀਆਂ ਨਾਲ ਸੰਵਾਦ ਰਚਾਉਂਦੇ ਹੋਏ ਸਮਕਾਲੀ ਸਮੱਸਿਆਵਾਂ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਜਿਵੇਂ ਵੀਹਵੀਂ ਸਦੀ ਦੇ ਆਖਰੀ ਦਹਾਕੇ ਦੌਰਾਨ ਆਏ ਖਾੜੀ ਸੰਕਟ ਤੋਂ ਬਾਅਦ ਭਾਰਤ ਦੀ ਨਵੀਂ ਆਰਥਿਕ ਨੀਤੀ ਨੇ ਬਹੁਤ ਸਾਰੀਆਂ ਸਮਾਜਿਕ ਤਬਦੀਲੀਆਂ ਅਤੇ ਸਮਕਾਲੀ ਸਾਹਿਤ ਨੂੰ ਜਨਮ ਦਿੱਤਾ ਤੇ 1990 ਬਾਅਦ ਤੋਂ ਹੁਣ ਤੱਕ ਦੇ ਰਚੇ ਸਾਹਿਤ ਨੂੰ ਸਮਕਾਲੀ ਸਾਹਿਤ ਦਾ ਨਾਂ ਦਿੱਤਾ ਜਾਂਦਾ ਹੈ, ਠੀਕ ਉਸੇ ਤਰ੍ਹਾਂ ਸੰਭਵ ਹੈ ਕਿ ਇਸ ਕਰੋਨਾ ਕਾਲ ਵਿੱਚ ਰਚੇ ਗਏ ਸਾਹਿਤ ਨੂੰ ਇੱਕ ਸਮਾਂ ਬਿੰਦੂ ਮੰਨ ਕੇ ਇਸ ਤੋਂ ਬਾਅਦ ਵਿੱਚ ਰਚੇ ਗਏ ਸਾਹਿਤ ਨੂੰ 'ਕਰੋਨਾ ਕਾਲ ਸਾਹਿਤ' ਦੇ ਨਾਮ ਨਾਲ ਜਾਣਿਆ ਜਾਵੇ ਤੇ ਇਸ ਨੂੰ ਸਮਕਾਲੀ ਸਾਹਿਤ ਸਵੀਕਾਰ ਲਿਆ ਜਾਵੇ। ਇਸ ਤੋਂ ਪਹਿਲਾਂ ਰਚੇ ਗਏ ਸਾਹਿਤ ਨੂੰ ਕਰੋਨਾ ਕਾਲ ਤੋਂ ਪਹਿਲਾ (ਪ੍ਰੀ-ਕਰੋਨਾ ਕਾਲ) ਸਾਹਿਤ ਖਿਆਲ ਕੀਤਾ ਜਾਵੇ। ਕਹਿੰਦੇ ਹਨ ਕਿ ਜਦੋਂ ਤੂਫਾਨ ਆਉਂਦਾ ਹੈ ਤਾਂ ਬਹੁਤ ਕੁਝ ਉਜੜਦਾ ਹੈ ਪਰ ਇਹ ਆਪਣੇ ਵਹਾਅ ਨਾਲ ਬਹੁਤ ਕੁਝ ਇਕੱਠਾ ਵੀ ਕਰ ਦਿੰਦਾ ਹੈ। ਪੂਰੇ ਵਿਸ਼ਵ ਦਾ ਇਸ ਮਹਾਂਮਾਰੀ ਵਿਰੱਧ ਇਕੱਠੇ ਹੋਣਾ ਇਸੇ ਦੀ ਉਦਾਹਰਣ ਹੈ। ਵੈਸੇ ਵੀ ਇਤਿਹਾਸ ਗਵਾਹ ਹੈ ਕਿ ਮਨੁੱਖ ਇਨ੍ਹਾਂ ਤੂਫਾਨਾਂ ਵਿੱਚੋਂ ਹਮੇਸ਼ਾ ਜੇਤੂ ਬਣ ਕੇ ਉਭਰਿਆ ਹੈ। ਭਾਵ ਮਾੜੇ ਵਿਚੋਂ ਵੀ ਕੁਝ ਨਾ ਕੁਝ ਚੰਗਾ ਹੋਣ ਦੀ ਸੰਭਾਵਨਾ ਹਮੇਸ਼ਾ ਰਹੀ ਹੈ।ਇਸ ਕਰੋਨਾ ਦੌਰ ਦੌਰਾਨ ਵਾਪਰਨ ਵਾਲੀਆਂ ਘਟਨਾਂਵਾਂ ਤੇ ਤਬਦੀਲੀਆਂ ਸਦਕਾ ਜੋ ਕੁਝ ਵਾਪਰਿਆ ਹੈ, ਉਸਦਾ ਸਾਹਿਤ ਦੇ ਰੂਪ ਵਿੱਚ ਸੰਜੋਇਆ ਜਾਣਾ ਮਾੜੇ ਵਿੱਚੋਂ ਚੰਗਾ ਹੋਣ ਦੀ ਸੰਭਾਵਨਾ ਹੀ ਹੈ। ਭਾਵੇਂ ਇਹ ਸਾਹਿਤ ਹਾਲੇ ਪਨਪ ਰਿਹਾ ਹੈ, ਰਸ ਰਿਹਾ ਹੈ, ਪੱਕ ਰਿਹਾ ਹੈ ਪਰ ਇਸ ਦੇ ਪੱਕ ਜਾਣ ਉਪਰੰਤ ਸਾਹਿਤ ਦੇ ਇੱਕ ਨਿਵੇਕਲੇ ਕਾਲ ਦੀ ਭਰਪੂਰ ਸੰਭਾਵਨਾ ਦਿਖਾਈ ਦੇਰਹੀ ਹੈ।ਜਿੱਥੇ ਕੁਝ ਫਿਲਮ ਨਿਰਮਾਤਾਵਾਂ ਨੇ ਇਸ ਵਿਸ਼ੇ ਤੇ ਫਿਲਮ ਨਿਰਮਾਣ ਦੇ ਸੰਕੇਤ ਦਿੱਤੇ ਹਨ, ਉੱਥੇ ਆਉਣ ਵਾਲੇ ਸਮੇਂ ਵਿੱਚ ਇਸ ਕਾਲ ਨਾਲ ਸਬੰਧਤ ਨਾਵਲ, ਕਹਾਣੀਆਂ, ਨਾਟਕ ਆਦਿ ਵੀ ਵੇਖਣ ਨੂੰ ਮਿਲਣਗੇ ਜਿਨ੍ਹਾਂ ਤੋਂ ਅਸੀਂ ਆਪਣੇ ਸਾਹਿਤ ਵਿੱਚ ਗਿਣਾਤਮਕ ਤੇ ਗੁਣਾਤਮਿਕ ਪੱਖੋਂ ਚੋਖਾ ਯੋਗਦਾਨ ਪਾਉਣ ਦੀ ਆਸ ਰੱਖਦੇ ਹਾਂ।

ਰੋਟੀ, ਰਿਜਕ ਅਤੇ ਰਾਜਨੀਤੀ ਜਾਂ ਭੁੱਖਮਰੀ ਦੇ ਦੌਰ ਅਤੇ ਨੀਤੀਆਂ ਦੀ ਸਿਆਸਤ ਜਾਂ ਮਹਾਮਾਰੀ, ਭੁੱਖਮਰੀ ਅਤੇ ਸਦੀਵੀ ਸਿਆਸਤ

ਰਵਿੰਦਰ ਸਿੰਘ ਧਾਲੀਵਾਲ 91-78374-90309

ਕੋਰੋਨਾਵਾਇਰਸ ਨੇ ਦਨੀਆ ਦੀ ਅਰਥ ਵਿਵਸਥਾ ਨੂੰ ਝਿਓੜ ਕੇ ਰੱਖ ਦਿੱਤਾ। ਕੇਦਰੀ ਮੰਤਰਾਲੇ ਦੇ ਮੁਤਾਬਕ ਭਾਰਤ ਦੀ ਅਰਥਵਿਵਸਥਾ ਨੂੰ 3 ਮਈ ਤੱਕ 26 ਲੱਖ ਕਰੋੜ ਦੇ ਨੁਕਸਾਨ ਹੋਣ ਦਾ ਖਦਸਾ ਹੈ । ਅੱਜ ਸੰਸਾਰ ਦੇ ਲਗਭਗ 200 ਦੇਸ਼ ਇਸ ਦੀ ਚਪੇਟ ਵਿੱਚ ਹਨ । ਅਮਰੀਕਾ ਵਰਗੇ ਮਹਾ ਸਕਤੀਸਾਲੀ ਰਾਸਟਰ ਨੂੰ 0.125 ਮਾਈਕਰੋਨ ਵਿਆਸ ਦੇ ਵਾਇਰਸ ਨੇ ਗੋਡਣੀਆ ਲਗਵਾ ਦਿੱਤੀਆ। ਸਨਅਤੀ ਖੇਤਰ ਦਾ ਪਹੀਆ ਪੂਰੀ ਤਰਾ ਜਾਮ ਹੈ । ਇਸਦੇ ਪ੍ਰਕੋਪ ਦਾ ਖੌਫ ਆਕਣ ਲਈ ਇੰਨਾ ਹੀ ਕਾਫੀ ਹੈ । ਕਿ ਪ੍ਰਵਾਸੀ ਮਜਦੂਰ ਆਪਣੇ ਘਰ ਪਹੁੰਚਣ ਲਈ ਹਜਾਰਾ ਕਿਲੋਮੀਟਰ ਪੈਦਲ ਚੱਲਣ ਤੋ ਵੀ ਨਹੀ ਸਹਿਮੇ । ਮਹਾਮਾਰੀ ਦਾ ਡਰ ਰਿਜਕ ਖੁਸਣ ਨਾਲ ਹੋਰ ਵੱਡਾ ਹੋ ਗਿਆ । ਇਹਨਾ ਸਨਅਤੀ ਤੇ ਰੋਜਮਰਾ ਕਾਮਿਆ ਨੂੰ ਜੱਦੀ ਠਕਾਣੇ ਵਿੱਚ ਪਰਿਵਾਰਿਕ ਸੁਰੱਖਿਆ ਤੇ ਰੁੱਖੀ ਮਿੱਸੀ ਨਾਲ ਗੁਜਾਰਾ ਠੀਕ ਜਾਪਿਆ । ਗੁਰਬਤ ਦੇ ਮਾਰਿਆ ਲਈ ਭੁੱਖਮਰੀ ਵਿਚ ਬਾਲ-ਬੱਚੇ ਨਾਲ ਝੂਜਣਾ ਮੁਸਕਲ ਜਰੂਰ ਹੈ ਪਰ ਨਵਾ ਨਹੀ । 1947 ਆਜਾਦੀ ਸਮੇ ਫਸਲ ਬਰਬਾਦੀ ,1957,1967 ਸ਼ੋਕੇ ਕਾਰਨ ਭੁਖਮਰੀ ਨੇ ਤਬਾਹੀ ਮਚਾਈ । ਜਿਸ ਵਿੱਚ ਪਿਛੜੇ ਰਾਜ ਉੜੀਸਾ ,ਬਿਹਾਰ ਤੇ ਬੰਗਾਲ ਦੀ ਜਨਤਾ ਲੰਮੇ ਸਮੇ ਰੋਟੀ ਲਈ ਤਰਸ ਦੇ ਰਹੇ । ਅਜਿਹੀਆ ਆਫਤਾ ਲ਼ਈ ਵਾਧੂ ਅੰਨ ਭੰਡਾਰਨ ਤੇ ਵੰਡਣ ਲਈ ਭੁੱਖਮਰੀ ਕਨੂੰਨ ਐਕਟ 1963 ਵਿੱਚ ਲਾਗੂ ਕੀਤਾ । ਫਿਰ ਵੀ ਹਕੂਮਤ 1972 ਦੀ ਆਫਤ ਸਮੇ 25 ਮਿਲੀਅਨ ਲੋਕਾ ਨੂੰ ਅਨਾਜ ਨਾ ਦੇ ਸਕੀ।

ਲਾਕਡਾਊਨ ਦੇ ਕਾਰਨ ਪੂਰਾ ਭਾਰਤ ਘਰਾ ਵਿੱਚ ਬੰਦ ਹੈ । ਅਜਿਹੇ ਸਮੇ ਸਰਕਾਰ ਨਾਗਰਿਕਾ ਨੂੰ ਬਰਾਬਰ ਰਾਸਨ ,ਮੈਡੀਕਲ ਸੁਵਿਧਾ ਦੇਣ ਲਈ ਕਨੂੰਨਨ ਪਾਬੰਦ ਹੈ । ਰਾਸਨ ਵਿਤਰਣ ਨੂੰ ਲੈ ਕੇ ਸਭ ਪਾਰਟੀਆ ਦੇ ਨੇਤਾ ਅਤੇ ਸਰਕਾਰਾ ਚਰਚੇ ਵਿੱਚ ਹਨ । ਕਨੂੰਨ ਤੇ ਮਾਨਵੀ ਹਿੱਤਾ ਦੀ ਅਣਦੇਖੀ ਦਾ ਕੋਈ ਖਿਆਲ ਨਹੀ। ਪਰ ਲੀਡਰਾ ਦੀਆ ਫੋਟੋਆ ਵਾਲੇ ਰਾਸਨ ਥੈਲਿਆ ਨਾਲ ਆਪਣੀ ਵੋਟ ਬੈਕ ਨੂੰ ਨਹੀ ਖਿਸਕਣ ਦੇ ਰਹੇ । ਬਲੈਕ ਮਾਰਕੀਟ ਤੇ ਗੰਧਲੀ ਸਿਆਸਤ ਦੇ ਦੌਰ ਵਿੱਚ ਵੀ ਨਾਨਕ ਦੀ ਲੰਗਰ ਪ੍ਰਥਾ ਦੁਨੀਆ ਲਈ ਇਕ ਸਤਿਕਾਰਤ ਸਹਾਰਾ ਹੈ। ਉਂਜ ਅਖਬਾਰੀ ਫੋਟੋਆ ਤੇ ਸੋਸਲ ਮੀਡੀਆ ਵਾਲੇ ਦਾਨੀ ਵੀ ਖੂਬ ਸਰਗਰਮ ਹਨ । ਭਾਰਤ ਵਿੱਚ ਅਨਾਜ ਦੀ ਕਮੀ ਨਹੀ। ਇਸ ਵਿੱਚ ਪੰਜਾਬ ਸਭ ਰਾਜਾ ਨਾਲੋ ਵੱਧ (ਕਣਕ ਲਈ 37.83 ਅਤੇ ਚੋਲਾ ਲਈ 25.57 ਫੀਸਦੀ) ਹਿੱਸਾ ਪਾਉਦਾ ਹੈ । ਲੋਕਤੰਤਰੀ ਇੱਛਾ ਦੀ ਘਾਟ ਰਾਸਨ ਦੀ ਜਨਤਕ ਪਹੁੰਚ ਲਈ ਵੱਡੀ ਰੁਕਾਵਟ ਹੈ । ਕਈ ਟਨ ਖਾਦ ਪਦਾਰਥ ਮੈਦਾਨੀ ਭੰਡਾਰਨ ਨਾਲ ਨਸਟ ਹੋ ਜਾਦੇ ਹਨ । ਸਯੁੰਕਤ ਰਾਸਟਰ ਵਿਕਾਸ ਪ੍ਰੋਗਰਾਮ ਦੇ ਸਰਵੇ ਅਨੁਸਾਰ ਭਾਰਤ ਦਾ 40 ਫੀਸਦੀ ਅਨਾਜ ਸਾਭ ਸੰਭਾਲ ਖੁਣੋ ਬਰਬਾਦ ਹੁੰਦਾ ਹੈ । ਵਿਡੰਬਨਾ ਇਹ ਹੈ ਕਿ 2016 ਤੱਕ 128 ਮਿਲੀਅਨ ਨਾਗਰਿਕ ਭੋਜਨ ਦੀ ਕਮੀ ਕਾਰਨ ਮਰ ਗਏ । ਪੰਜਾਬ ਨੇ ਲਾਕਡਾਊਨ ਦੌਰਾਨ ਵੀ ਦੂਜੇ ਰਾਜਾ ਲਈ 46 ਪ੍ਰਤੀਸਤ ਅਨਾਜ ਦਾ ਹਿੱਸਾ ਪੂਰਿਆ । ਜੋ ਲਗਭਗ 16.94 ਲੱਖ ਟਨ ਦੇ ਕਰੀਬ ਹੈ । 18 ਪ੍ਰਤੀਸਤ ਹਰਿਆਣੇ ਨੂੰ ਭੇਜਿਆ ਅਨਾਜ ਵੀ ਸਾਮਿਲ ਹੈ । ਇਸ ਲਈ ਮੌਜਦਾ ਸਮੇ ਕਣਕ ਦੀ ਕਟਾਈ ਲਈ ਮਜਦੂਰ , ਮਿਸ਼ੀਨਿਰੀ ,ਪਹ

ਕਹਾਣੀ

ਟਫੈਲੋ

ਜਤਿੰਦਰ ਕੌਰ (ਡਾ.)
randhawajatinder1@gmail.com

ਅੱਜ ਫਿਰ ਮੈਨੂੰ ਕਾਹਲ਼ੀ ਕਾਹਲ਼ੀ ਪਾਰਕਿੰਗ ਲਾਟਸ ਵਿੱਚ ਆਪਣੀ ਗੱਡੀ ਪਾਰਕ ਕਰ ਐਲੀਵੇਟਰ ਵਲ ਭੱਜਦਿਆਂ ਮੰਮੀ ਦੀ ਕਹੀ ਗੱਲ ਚੇਤੇ ਆ ਰਹੀ ਹੈ, "ਕੁੜੀਏ ਹੌਲ਼ੀ ਤੁਰਿਆ ਕਰ, ਕੁੜੀਆਂ ਹੌਲ਼ੀ ਤੁਰਦੀਆਂ ਹੀ ਚੰਗੀਆਂ ਲੱਗਦੀਆਂ ਹਨ, ਨਾਲ਼ੇ ਹੁਣ ਤੂੰ ਜਵਾਕੜੀ ਨਹੀਂ ਰਹੀ, ਐਵੇਂ ਕਿਤੇ ਪੈਰ ਉੱਚਾ ਨੀਵਾਂ ਧਰਿਆ ਜਾਊ।"

ਪਰ ਮੈਂ ਸੁਣਦੀ ਕਿੱਥੇ ਸਾਂ, ਇਹ ਕੋਈ ਬਚਪਨ ਦੀ ਗੱਲ ਨਹੀਂ, ਹੁਣ ਤਕ ਇਹੀ ਹਾਲ ਹੈ, ਕਿਧਰੇ ਜਵਾਨੀ ਰੁੜ ਗਈ ਪਰ ਜ਼ਿੰਦਗੀਦੀ ਇਹ ਰੇਸ ਉੱਝ ਹੀ ਦੌੜ ਰਹੀ ਹਾਂ। ਕਦਮ ਚਾਹ ਕੇ ਵੀ ਹੌਲ਼ੀ ਨਹੀਂ ਹੋ ਰਹੇ। ਇਹਨਾਂ ਸੋਚਾਂ ਨਾਲ਼ ਇਕਮਿਕ ਹੁੰਦਿਆਂ ਪਤਾ ਹੀ ਨਹੀਂ ਲੱਗਾ ਕਿ ਕਦੋਂ ਏਅਰਪੋਰਟ ਦੇ ਵੈਲਯੂ ਪਾਰਕਿੰਗ ਲੋਟ ਵਿੱਚ ਗੱਡੀ ਪਾਰਕ ਕਰ, ਐਲੀਵੇਟਰ ਤੋਂ ਹੁੰਦਿਆਂ ਹੋਇਆ ਟਰਮੀਨਲ 3 ਵੱਲ ਜਾਂਦੀ ਸਕਾਈਟਰੇਨ ਦੇ ਪਲੇਟਫਾਰਮ ਤੇ ਆ ਖੜੀ ਸਾਂ। ਜਦ ਤਕ ਪਲੇਟਫਾਰਮ ਤੇ ਪਹੁੰਚੀ, ਟਰੇਨ ਪਲੇਟਫਾਰਮ ਛੱਡ ਚੁਕੀ ਸੀ। ਦੂਸਰੀ ਟਰੇਨ ਲਈ ਪੰਜ ਮਿੰਟ ਤੇ ਤੀਹ ਸੈਕੇਂਡਜ਼ ਦਾ ਵਕਫ਼ਾਸੀ। ਇਹ ਇੰਤਜ਼ਾਰ ਵੀ ਇੱਕ ਯੁੱਗ ਵਾਂਗਰ ਲੰਘਣਾ ਸੀ। ਵਾਰ ਵਾਰ ਪਲੇਟਫਾਰਮ ਤੇ ਲੱਗੀ ਡਿਜੀਟਲ ਘੜੀ ਵਲ ਤੱਕ ਰਹੀ ਸਾਂ, ਨੰਬਰ ਬਦਲ ਰਹੇ ਸਨ ਪਰ ਮੈਨੂੰ ਇਹ ਬਹੁਤ ਹੌਲ਼ੀ ਹੋਲ਼ੀ ਸਰਕਦੇ ਲੱਗਦੇ ਸਨ।

ਸਾਢੇ ਗਿਆਰਾਂ ਵੱਜ ਚੁੱਕੇ ਸਨ ਤੇ ਮੇਰੀ ਸ਼ਿਫਟ ਦਾ ਟਾਈਮ ਹੋ ਚੁੱਕਾ ਸੀ, ਮੈਂ ਘੱਟੋ ਘੱਟ ਛੇ ਮਿੰਟ ਲੇਟ ਹੋ ਜਾਣਾ ਸੀ। ਟਰੇਨ ਤੋਂ ਉਤਰਦਿਆਂ ਹੀ ਮੈਂ ਵਾਹੋ ਦਾਹੀ ਸਰਵਿਸ ਏਅਰ ਦੇ ਦਫਤਰ ਵਲ ਭੱਜੀ ਜਾ ਰਹੀ ਸਾਂ ਤਾਂ ਜੋ ਛੇਤੀ ਤੋਂ ਛੇਤੀ ਆਪਣਾ ਕਾਰਡ ਸਵਾਈਪ ਕਰ ਸਕਾਂ। ਮੈਨੂੰ ਭਰੇ ਭਰੇ ਰੰਗ ਬਿਰੰਗੇ ਲੋਕਾਂ ਦੀ ਭੀੜ ਨਾਲ਼ ਕੋਈ ਵਾਸਤਾ ਨਹੀਂ ਸੀ ਜਾਂ ਇੰਝ ਕਹਿ ਲਉ, ਇਹਨਾਂ ਰੰਗੀਨੀਆਂ ਤੋਂ ਬੇਖ਼ਬਰ ਮੈਨੂੰ ਤੇ ਬਸ ਸਮੇਂ ਸਿਰ ਕੰਮ ਤੇ ਹਾਜ਼ਰੀ ਭਰਨ ਦਾ ਹੀ ਫ਼ਿਕਰਸੀ।

ਐਨੇ ਨੂੰ ਉਹ ਹੱਸਮੁਖ ਤੇ ਗੁਲਾਬੀ ਖਿੜਿਆ ਚਿਹਰਾ ਲਈ ਮੇਰੇ ਪਿੱਛੇ ਪਿਛੇ ਭੱਜਿਆ ਆ ਰਿਹਾ ਸੀ। ਸਾਹੋ ਸਾਹੀ ਹੋਇਆ, ਆ ਕੇ ਮੇਰੇ ਨਾਲ਼ ਰਲ ਗਿਆ। ਹਾਇ ਸੁਪਰ ਜੈਕੀਵਰਗੇ ਕਈ ਜੁਮਲੇ ਮੇਰੇ ਵਲ ਸੁੱਟ ਮੇਰੇ ਨਾਲ਼ ਨਾਲ਼ ਤੁਰਨ ਲੱਗ ਪਿਆ। ਉਸਨੂੰ ਨਾਂ ਤੇ ਮੇਰੇ ਵਲੋਂ ਆਉਣ ਵਾਲ਼ੇ ਕਿਸੇ ਜਵਾਬ ਦੀ ਕਾਹਲ਼ੀ ਸੀ ਅਤੇ ਨਾ ਹੀ ਕੋਈ ਬਹੁਤੀ ਉਮੀਦ। ਮੈਂ ਵੀ ਸਰਸਰੀ ਜਿਹੀ ਨਿਗਾਹ ਉਸ ਵਲ ਸੁੱਟ ਬੋਲੀ "ਹਾਇ ਟੋਫੇਲੋ!"ਜਿਵੇਂ ਆਪਣਾ ਫਰਜ਼ ਨਿਭਾ ਦਿੱਤਾ ਹੋਵੇ ਤੇ ਉਸੇ ਤਰਾਂ ਤੇਜ਼ ਚਾਲ ਤੁਰਦੀ ਰਹੀ। ਮੈਨੂੰ ਇੰਝ ਘਬਰਾਈ ਤੇ ਪ੍ਰੇਸ਼ਾਨ ਦੇਖ ਕੇ ਉਹ ਬੋਲਿਆ, "ਡੂ ਨਾਟ ਵਰੀ ਜੈਕੀ, ਨਥਿੰਗ ਗੋਨਾ ਹੈਪਨ, ਰਿਲੈਕਸ ਰਿਲੈਕਸ। ਮੇਰੀ ਵੀ ਚਾਲ ਹੁਣ ਕੁੱਝ ਮੱਠੀ ਪੈ ਗਈ ਸੀ।

ਟੋਫੇਲੋ ਹੈ ਹੀ ਐਸਾ। ਅਗਲੇ ਨੂੰ ਵੀ ਬਦੋ ਬਦੀ ਗੱਲੀਂ ਲਾ ਲੈਂਦਾ ਹੈ ਤੇ ਸਭ ਕੁੱਝ ਭੁਲਾ ਦੇਂਦਾ ਹੈ। ਜਦੋਂ ਉਹ ਸਾਡੇ ਨਾਲ਼ ਹੁੰਦਾ ਹੈ ਤੇ ਬਹੁਤ ਵਾਰੀ ਅਸੀਂ ਵਾਕੀ ਟਾਕੀ ਰੇਡੀਉਤੇ ਮਿਲਣ ਵਾਲ਼ੇ ਸੁਨੇਹੇ ਵੀ ਮਿਸਕਰ ਜਾਂਦੇ ਹਾਂ, ਪਤਾ ਹੀ ਨਹੀਂ ਲੱਗਦਾ ਸੀ। ਪਤਾ ਉਦੋਂ ਲਗਦਾ ਜਦੋਂ ਡਿਊਟੀ ਮੈਨੇਜਰਸਿਰ ਤੇ ਆ ਜਾਂਦਾ ਤੇ ਔਖਾ ਭਾਰਾ ਹੋ ਕੇ ਮੈਨੂੰ ਹਮੇਸ਼ਾ ਕਹਿੰਦਾ,

"ਆਈ ਟੋਲਡ ਯੂ ਜੈਕੀ, ਸਟੇ ਅਵੇ ਫਰਾਮ ਦਿਸ ਗਾਏ, ਹੀ ਵਿਲ ਡਰਾਈਵ ਯੂ ਇਨ ਟਰਬਲ ਵਨ ਡੇ, ਸੋ ਟੇਕ ਕੇਅਰ। ਡੂ ਨੋਟ ਲਿਸਨ ਟੂ ਹਿਮ।"

ਪਰ ਟਫੈਲੋ ਬਿਲਕੁਲ ਪਰਵਾਹ ਨਾ ਕਰਦਾ ਸਗੋਂ ਹੋਰ ਆਵਾਜ਼ ਮਿੱਠੀ ਕਰ ਕੇ ਪੇਸ਼ ਆਉਂਦਾ ਤੇ ਡਿਊਟੀ ਮੈਨੇਜਰਨੂੰ ਪੁੱਛਦਾ, "ਹਾਉ ਆਰ ਯੂ ਸਰ? ਐਵਰੀ ਥਿੰਗ ਫਾਈਨ?"

ਹੁਣ ਡਿਊਟੀ ਮੈਨੇਜਰਹੋਵੇ ਜਾਂ ਕੋਈ ਹੋਰ ਆ-ਫੀਸਰਚੁਪਚਾਪ ਆਪਣੇ ਰਾਹੇ ਪੈ ਜਾਂਦਾ ਤੇ ਟਫੈਲੋ ਹੋਰੀਂ ਫੇਰ ਉਂਝ ਦੇ ਉਂਝ ਹੱਸਦੇ ਮੁਸਕਰਾਉਂਦੇ। ਅੰਤਾਂ ਦੀ ਊਰਜਾ, ਜ਼ਿੰਦਗੀ ਜੀਣ ਲਈ ਚਾਅ-ਕੰਮ ਕਰਨ ਦੀ ਖੁਸ਼ੀ। ਪਰ ਕੰਮ ਕਰਦਾ ਉਹ ਆਪਣੇ ਨਿਰਾਲੇ ਅੰਦਾਜ਼ ਵਿੱਚ ਹੀ ਸੀ। ਅਠਾਰਾਂ ਅਠਾਰਾਂ ਘੰਟੇ ਲਗਾਤਾਰ ਕੰਮ ਕਰੀ ਜਾਂਦਾ। ਭਾਵੇਂ ਹੁਣ ਏਅਰਪੋਰਟਨੇ ਇੱਕ ਦਿਨ ਵਿੱਚ 16 ਘੰਟੇ ਤੋਂ ਵੱਧ ਕੰਮ ਕਰਨ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ ਪਰ ਉਹ ਕਿਸੇ ਨਾ ਕਿਸੇ ਤਰ੍ਹਾਂ ਸਤਾਰਵੇਂ ਘੰਟੇ ਤਕ ਪਹੁੰਚ ਹੀ ਜਾਂਦਾ ਸੀ। ਓਵਰ ਟਾਈਮਤੇ ਓਵਰ ਟਾਈਮ, ਮੈਂ ਉਸਨੂੰ ਅਕਸਰ ਪੁੱਛਦੀ,

"ਟੋਫੈਲੋ ਵਾਈ ਆਰ ਯੂ ਕਿਲਿੰਗ ਯੂਅਰ ਸੈਲਫ?"

ਉਹ ਸ਼ਾਂਤੀ ਨਾਲ ਕਹਿੰਦਾ "ਆਈ ਨੀਡ ਮਨੀ-ਜਸਟ ਫਾਰ ਮਨੀਮੈਂ ਵਿਆਹ ਕਰਵਾਉਣਾ ਹੈ, ਫਿਰ ਹਨੀਮੂਨ ਤੇ ਵੀ ਜਾਣਾ ਹੈ। ਤੈਨੂੰ ਪਤਾ ਹੈ ਜੈਕੀ ਮੇਰੀ ਗਰਲਫਰੈਂਡ ਵੀ ਬਹੁਤ ਪੜ੍ਹੀ ਲਿਖੀ ਹੈ ਤੇਰੀ ਤਰ੍ਹਾਂ।"ਪਰ ਉਹ ਏਅਰਪੋਰਟ ਤੇ ਕੰਮ ਨਹੀਂ ਕਰਦੀ। ਟੀਚਰਹੈ ਉਹ, ਕਹਿੰਦੀਆਂ ਮਾਣ ਨਾਲ਼ ਉਹਦੀ ਛਾਤੀ ਚੌੜੀ ਹੋ ਜਾਂਦੀ। ਬਹੁਤ ਪੈਸਾ ਚਾਹੀਦਾ ਹੈ, ਪਹਿਲਾਂ ਵੀ ਬਹੁਤ ਪੈਸਾ ਦੇਣਾ ਹੈ ਮੈਂ।

ਮੈਂ ਅਚਾਨਕ ਹੀ ਉਸ ਨੂੰ ਪੁੱਛ ਲਿਆ - ਕਾਹਦਾ ਖਰਚਾ? ਕੱਲਾ ਕਾਰਾ ਤੇ ਤੂੰ ਹੈਂ, ਸਾਰਾ ਦਿਨ ਏਅਰਪੋਰਟ ਤੇ ਹੀ ਰਹਿੰਦਾ ਏਂ। ਫਿਰ ਤੇਰਾ ਖਰਚ ਕਿੱਥੇ ਹੋ ਗਿਆ। ਮੇਰੀ ਗੱਲ ਸੁਣ ਕੇ ਉਹ ਥੋੜ੍ਹਾ ਗੰਭੀਰ ਹੋ ਗਿਆ। ਮੈਂ ਉਸਨੂੰ ਪਹਿਲੀ ਵਾਰ ਇਸ ਮੂਡ ਵਿੱਚ ਵੇਖਿਆ। ਥੋੜ੍ਹੀ ਦੇਰ ਚੁੱਪ ਰਹਿ ਕੇ ਉਸ ਕਹਿਣਾ ਸ਼ੁਰੂ ਕੀਤਾ, "ਯੂ ਨੋ ਜੈਕੀ, ਆਈ ਲੌਸਟ ਮਾਈ ਮਾਮ ਰੀਸੈਂਟਲੀ।"ਕਹਿੰਦੀਆਂ ਉਸਦੀਆਂ ਅੱਖਾਂ ਵਿੱਚ ਅਥਰੂ ਤਰਨ ਲੱਗੇ।

ਉਸਦਾ ਇਹ ਰੂਪ ਮੇਰੇ ਲਈ ਅਸਲੋਂ ਹੀ ਨਿਵੇਕਲ਼ਾ ਸੀ। ਥੋੜ੍ਹੀ ਦੇਰ ਰੁਕ ਕੇ ਉਹ ਬੋਲਿਆ, "ਮਾਈ ਮਾਮ ਵਾਜ਼ ਜਸਟ ਫਿਫਟੀ ਯਿਅਰਜ਼ ਓਲਡ ਵੈਨ ਆਈ ਲੌਸਟ ਹਰ।"ਉਹ ਰੁੱਕ ਰੁੱਕ ਕੇ ਹੌਲ਼ੀ ਹੌਲ਼ੀ ਬੋਲ ਰਿਹਾ ਸੀ, "ਉਸਨੂੰ ਕੈਂਸਰ ਸੀ। ਉਹ ਹੌਲ਼ੀ ਜਿਹੀ ਫੁਸਫੁਸਾਇਆ। ਅਸੀਂ ਆਪਣਾ ਘਰ ਬਾਰ ਸਭ ਕੁਛ ਉਸਦੇ ਇਲਾਜ ਲਈ ਵੇਚ ਦਿੱਤਾ। ਬਟ ਕੁਡ ਨਾਟ ਸੇਵ ਹਰ। ਮੇਰੀ ਮਾਮਨੇ ਬਹੁਤ ਤਕਲੀਫ਼ ਭੋਗੀ ਤੇ ਮੇਰਾ ਬਾਪ ਉਹਨੀਂ ਦਿਨੀਂ ਕਿਸੇ ਹੋਰ ਔਰਤ ਨਾਲ਼ ਰਹਿਣ ਲਗ ਪਿਆ ਸੀ।"

ਮੈਂ ਵੀ ਉਦਾਸ ਹੋ ਗਈ ਸਾਂ, ਮੈਂ ਆਪਣੇ ਡੈਸਕ ਤੇ ਖੜ੍ਹੀ ਕੰਮ ਵੀ ਕਰੀ ਜਾ ਰਹੀ ਸਾਂ ਤੇ ਟਫੈਲੋ ਦੀਆਂ ਗੱਲਾਂ ਵੀ ਸੁਣੀ ਜਾ ਰਹੀ ਸਾਂ, ਹੁਣ ਮੇਰੇ ਹੱਥ ਪੈਰ ਆਪੇ ਹੀ ਹੌਲ਼ੀ ਹੋ ਗਏ ਸਨ। ਏਨੀ ਦੇਰ ਵਿੱਚ ਸਾਡੀ ਕੁਲੀਗ ਈਵ ਆਪਣੀ ਅਪਡੇਟ ਦੇਖਣ ਲਈ ਮੇਰੇ ਕੋਲ਼ ਪਈ ਫਾਈਲਫਰੋਲਣ ਆ ਲੱਗੀ। ਉਸਨੂੰ ਦੇਖ ਕੇ ਟਫੈਲੋਨੇ ਉਸੇ ਤਰ੍ਹਾਂ ਚਹਿਕਦੀਆਂ ਹੋਇਆਂ ਉਸਨੂੰ ਰਸਮੀ ਹਾਲ ਚਾਲ ਪੁੱਛਿਆ ਉਹ ਈਵ ਨਾਲ਼ ਗੱਲ ਕਰਦਾ ਹੋਇਆ ਹੱਸ ਰਿਹਾ ਸੀ ਤੇ ਉਸਨੂੰ ਮਜ਼ਾਕ ਵੀ ਕਰ ਰਿਹਾ ਸੀ। ਮੈਂ ਉਸਦੇ ਇਸ ਬਾਹਰੀ ਤੌਰ ਤੇ ਬਦਲਦੇ ਰੂਪ ਨੂੰ ਵੇਖ ਕੇ ਹੈਰਾਨ ਹੋ ਰਹੀ ਸਾਂ ਕਿ ਇਹ ਸਭ ਕੁੱਝ ਕਿੰਝ ਮੈਨੇਜ ਕਰ ਲੈਂਦਾ ਹੈ ਤੇ ਏਨਾ ਜ਼ਿੰਦਾਦਿਲ ਕਿਵੇਂ ਰਹਿੰਦਾ ਹੈ। ਈਵ ਦੇ ਜਾਣ ਤੋਂ ਬਾਅਦ ਟਫੈਲੋ ਨੇ ਆਪਣੀ ਮਾਂ ਦੀ ਕਹਾਣੀ ਫਿਰ ਦੱਸਣੀ ਸ਼ੁਰੂ ਕਰ ਦਿੱਤੀ ਕੇ ਕਿਵੇਂ ਉਸਦੀ ਮਾਂ ਨੇ ਉਸਦੇ ਹੱਥਾਂ ਵਿੱਚ ਪ੍ਰਾਣ ਤਿਆਗੇ ਸਨ ਤੇ ਇੱਕ ਵਚਨ ਵੀ ਲਿਆ ਸੀ ਕਿ ਜੇ ਕਦੀ ਟਫੈਲੋਨੂੰ ਜਾਂ ਘਰ ਦੇ ਕਿਸੇ ਵੀ ਹੋਰ ਜੀਅ ਨੂੰ ਕੈਂਸਰ ਹੋ ਜਾਏ ਤੇ ਉਹ ਕੀਮੋਥਰੈਪੀਕਦੀ ਨਹੀਂ ਕਰਵਾਉਣਗੇ ਕਿਉਂਕਿ ਉਸ ਅਨੁਸਾਰ ਇਹ ਬਹੁਤ ਤਕਲੀਫ਼ ਦੇਹ ਪ੍ਰਕ੍ਰਿਆ ਸੀ ਜਿਸ ਕਰਕੇ ਉਸਦੇ ਅੰਤਮ ਦਿਨ ਬਹੁਤ ਕਸ਼ਟ ਭਰੇ ਸਨ ਤੇ ਜਾਨ ਵੀ ਨਹੀਂ ਬਚੀ ਸੀ।

ਐਨੇ ਨੂੰ ਟਫੈਲੋਨੂੰ ਦੂਸਰੀ ਫਲਾਈਟ ਕਰਨ ਲਈ ਜੋ ਇੰਟਰਨੈਸ਼ਲਗੇਟਸ ਨੰਬਰ ਏ-15 ਤੇ ਜਾਣ ਦਾ ਸੁਨੇਹਾ ਆ ਗਿਆ ਸੀ ਤੇ ਉਹ ਆਪਣੀ ਨਵੀਂ ਡਿਊਟੀਤੇ ਚਲਾ ਗਿਆ ਸੀ।

ਹੁਣ ਮੇਰਾ ਟਫੈਲੋ ਪ੍ਰਤੀ ਨਜ਼ਰੀਆ ਬਦਲ ਗਿਆ ਸੀ। ਮੈਂ ਉਸਨੂੰ ਹੁਣ ਤਕ ਸਿਰਫ ਹੱਸਦਾ ਖੇਡਦਾ, ਹਰ ਸ਼ੈਅ ਨੂੰ ਮਜ਼ਾਕ ਵਿੱਚ ਉਡਾ ਦੇਣ ਵਾਲ਼ਾ, ਲਾਪਰਵਾਹ ਜਿਹਾ ਇਨਸਾਨ ਸਮਝਦੀ ਸਾਂ ਪਰ ਹੁਣ ਉਸ ਲਈ ਮੇਰੇ ਵਿਚਾਰ ਬਦਲ ਚੁੱਕੇ ਸਨ। ਭਾਵੇਂ ਉਸਦੀ ਮਾਂ ਵਲੋਂ ਲਿਆ ਵਾਦਾ ਮੇਰੇ ਲਈ ਥੋੜ੍ਹਾ ਅਜੀਬ ਸੀ ਪਰ ਪ੍ਰੈਕਟੀਕਲ ਵੀ ਲੱਗਦਾ ਸੀ। ਮੈਨੂੰ ਨਹੀਂ ਸੀ ਪਤਾ ਕਿ ਸਾਰਾ ਦਿਨ ਹੱਸਦਾ ਖੇਡਦਾ ਚਹਿਕਦਾ ਤੇ ਲਾਪਰਵਾਹ ਜਿਹਾ ਲੱਗਣ ਵਾਲਾ ਬੰਦਾ ਏਨਾ ਕੇਅਰਿੰਗ, ਭਾਵੁਕ ਤੇ ਜ਼ਿਮੇਵਾਰ ਵੀ ਹੋ ਸਕਦਾ ਹੈ। ਅੰਗਰੇਜ਼ੀ, ਫਰੈਂਚ, ਸਪੈਨਿਸ਼, ਜੈਮੋਨੀ ਅਤੇ ਚਾਈਨਜ਼ ਉਸਨੂੰ ਬਹੁਤ ਚੰਗੀ ਤਰ੍ਹਾਂ ਬੋਲਣੀਆਂ ਆਉਂਦੀਆਂ ਸਨ ਅਤੇ ਅੰਗਰੇਜ਼ੀ ਤੇ ਸਪੈਨਿਸ਼ ਉਹ ਲਿਖ ਕੇ ਪੜ੍ਹ ਵੀ ਸਕਦਾ ਸੀ, ਇਸ ਕਰਕੇ ਏਅਰ ਪੋਰਟ ਉੱਤੇ ਉਸਦੀ ਮੰਗ ਸਾਰੇ ਪਾਸੇ ਹੀ ਰਹਿੰਦੀ ਸੀ। ਜਦ ਕਿ ਉਸਦੀਆਂ ਕੁੱਝ ਲਾਪਰਵਾਹ ਆਦਤਾਂ ਅਤੇ ਬਹੁਤਾ ਬੋਲਣ ਕਰਕੇ ਸੁਪਰਵਾਈਜ਼ਰਜ਼ ਉਸ ਤੋਂ ਬਹੁਤਾ ਖੁਸ਼ ਨਹੀਂ ਸਨ ਪਰ ਕਰ ਕੁੱਝ ਨਹੀਂ ਸਨ ਸਕਦੇ, ਉਹ ਬਹੁਤ ਕੰਮ ਵੀ ਆਉਂਦਾ ਸੀ। ਅੱਜ ਕਲ੍ਹ ਤੇ ਉਹ ਹਿੰਦੀ ਤੇ ਪੰਜਾਬੀ ਵੀ ਬੋਲਣੀ ਸਿੱਖ ਰਿਹਾ ਸੀ। ਹਰ ਕਸਟਮਰ ਨੂੰ ਉਹ ਬਹੁਤ ਖੁਸ਼ ਰੱਖਦਾ, ਬਹੁਤ ਸਲੀਕੇ ਨਾਲ਼ ਪੇਸ਼ ਆਉਂਦਾ। ਉਹ ਜਾਂਦੇ ਜਾਂਦੇ ਉਸਨੂੰ ਚੰਗੀ ਟਿੱਪ ਵੀ ਦੇਂਦੇ ਜੋ ਉਹ ਬੜੇ ਖੁਸ਼ੀ ਨਾਲ ਸਵੀਕਾਰ ਕਰਦਾ।

ਇਥੇ ਹੀ ਸਾਰੀਆਂ ਮੁਸ਼ਕਲਾਂ ਖੜੀਆਂ ਹੋਣ ਲਗ ਪਈਆਂ। ਉਹ ਟਿੱਪ ਲੈਣ ਲਈ ਨਵੇਂ ਨਵੇਂ ਤਰੀਕੇ ਇਜਾਦ ਕਰਨ ਲਗ ਪਿਆ। ਜ਼ਰੂਰਤ ਤੋਂ ਜ਼ਿਆਦਾ ਸੇਵਾਵਾਂ ਦਿੰਦਾ, ਕਸਟਮਰਜ਼ ਨੂੰ ਜੀ ਆਇਆਂ ਕਹਿੰਦਾ ਤੇ ਬਾਹਰ ਵੀ ਛੱਡ ਕੇ ਆਉਂਦਾ। ਜਿਸ ਨਾਲ਼ ਕੰਪਨੀ ਦਾ ਵਕਤ ਖ਼ਰਾਬ ਹੁੰਦਾ ਤੇ ਉਹ ਉਸ ਲਈ ਲਗਾਤਾਰ ਰੇਡੀਉ ਤੇ ਮੈਸੇਜ ਕਰਦੇ ਰਹਿੰਦੇ ਪਰ ਉਹ ਬਹੁਤੀ ਪਰਵਾਹ ਨਾ ਕਰਦਾ। ਫਿਰ ਟਿੱਪ ਵਿੱਚ ਮਿਲ਼ੇ ਪੈਸੇ ਬਟੂਏ ਚੋਂ ਕੱਢ ਕੱਢ ਦਿਖਾਉਂਦਾ ਫਿਰਦਾ ਤੇ ਫੜਾਂ ਮਾਰਦਾ, "ਆਹ ਦੇਖ ਜੈਕੀ - ਆਈ ਮੇਡ ਟੂ ਹੰਡਰਡ ਡਾਲਰਜ਼ ਟੂਡੇ ਬਾਏ ਟਿਪ ।"ਫਿਰ ਕੁੱਝ ਦਿਨਾਂ ਤਕ ਮੈਂ ਉਸਨੂੰ ਨਹੀਂ ਵੇਖਿਆ ਅਤੇ ਮੇਰੀ ਜੌਬ ਆਪਣੇ ਪ੍ਰੋਫੈਸ਼ਨਵਿੱਚ ਲਗ ਗਈ।

ਅੱਜ ਕਈ ਸਾਲਾਂ ਬਾਅਦ ਮੈਂ ਉਸ ਨੂੰ ਬਰੈਮਲੀ ਗੋ ਟਰਮੀਨਲ ਤੇ ਵੇਖਿਆ, ਹੈਰਾਨ ਹੀ ਰਹਿ ਗਈ ਵੇਖ ਕੇ। ਸਦਾ ਚਹਿਕਣ ਵਾਲਾ ਉਹ ਗੁਲਾਬੀ ਚਿਹਰਾ ਪਿਲੱਤਣ ਤੇ ਧੁੱਪ ਦੀ ਮਾਰ ਹੇਠਾਂ ਭੂਰਾ ਜਿਹਾ ਹੋਇਆ ਪਿਆ ਸੀ। ਸਰੀਰ ਸੁੱਕ ਕੇ ਅੱਧਾ ਰਹਿ ਗਿਆ ਸੀ ਅੱਖਾਂ ਖੁਸ਼ਕ ਤੇ ਭਾਵਹੀਣ ਸਨ। ਸਟੇਸ਼ਨ ਦੇ ਇੱਕ ਪਾਸੇ ਬਣੇ ਸ਼ੈਡ ਦੇ ਹੇਠ ਬੈਂਚ ਤੇ ਬੈਠਾ ਸੀ। ਸਿਗਰੇਟ ਪੀ ਰਿਹਾ ਸੀ। ਪਹਿਲੀ ਨਜ਼ਰੇ ਤੇ ਮੈਂ ਉਸਨੂੰ ਪਛਾਣ ਹੀ ਨਹੀਂ ਸਕੀ। ਬਸ ਇੰਝ ਲੱਗਾ ਕਿ ਕਿਤੇ ਵੇਖਿਆ ਹੈ। ਮੈਂ ਵੀ ਥੋੜ੍ਹੀ ਵਿਹਲੀ ਸਾਂ, ਡਾਊਨ ਟਾਊਨ ਨੂੰ ਜਾਣ ਵਾਲੀ ਟਰੇਨ ਮੈਂ ਮਿਸ ਕਰ ਲਈ ਸੀ ਤੇ ਅਗਲੀ ਲਗਭਗ ਅੱਧੇ ਘੰਟੇ ਬਾਅਦ ਆਉਣੀ ਸੀ। ਮੈਹੌਲ਼ੀਹੌਲ਼ੀਤੁਰਦੀ ਮੈਂ ਉਸੇ ਬੈਂਚ ਤੇ ਜਾ ਬੈਠੀ।

ਮੇਰੇ ਨਾਲ ਬੈਠਣ ਨਾਲ ਵੀ ਉਸਨੂੰ ਕੋਈ ਫ਼ਰਕ ਨਾ ਪਿਆ। ਉਹ ਉਵੇਂ ਹੀ ਸਿਗਰੇਟ ਪੀਂਦਾ ਰਿਹਾ ਪਰ ਮੈਂ ਲਗਾਤਾਰ ਆਪਣੇ ਦਿਮਾਗ਼ ਤੇ ਜ਼ੋਰ ਪਾਉਂਦੀ ਰਹੀ ਕਿ ਇਸ ਸ਼ਖਸ ਨੂੰ ਮੈਂ ਕਿੱਥੇ ਮਿਲ਼ੀ ਹਾਂ? ਜਦੋਂ ਉਸ ਨੇ ਸਿਗਰੇਟ ਖ਼ਤਮ ਹੋਣ ਤੇ ਮੇਰੇ ਵਲ ਮੂੰਹ ਘੁੰਮਾਇਆ ਤੇ ਮੈਂ ਜਿਵੇਂ ਖੁਸ਼ੀ ਨਾਲ਼ ਉੱਛਲ ਪਈ, "ਹਾਇ ਟਫੈਲੋ! ਮੈਂ ਬੜੀ ਗਰਮਜੋਸ਼ੀ ਨਾਲ ਆਖਿਆ।" "ਹਾਇ" ਉਸ ਬਿਨਾਂ ਵੇਖਿਆਂ ਹੀ ਮੈਨੂੰ ਜਵਾਬ ਦਿੱਤਾ

"ਆਈ ਐਮ ਜੈਕੀ, ਯੂ ਰਿਮੈਂਬਰ ਸੀ?"ਮੈਂ ਉਨੇ ਹੀ ਚਾਅ ਨਾਲ ਪੁੱਛਿਆ।

"ਹਾਇ ਜੈਕੀ" ਉਸਦੇ ਚਿਹਰੇ ਤੇ ਹਲਕੀ ਜਿਹੀ ਮੁਸਕਾਨ ਆਈ ਤੇ ਉਹ ਫਿਰ ਗੰਭੀਰ ਹੋ ਗਿਆ।

"ਹਾਓ ਯੂ ਡੂਇੰਗ? ਹਾਓ ਇਜ਼ ਲਾਈਫ?"ਮੈਂ ਉਸ ਨਾਲ ਗਲਬਾਤ ਤੋਰਨ ਲਈ ਕਾਹਲ਼ੀ ਸਾਂ।

"ਐਮ - ਓਕੇ" ਉਸ ਸਹਿਜ ਜਿਹੇ ਨਾਲ ਕਿਹਾ, "ਯੂ ਲੁਕ ਗੁੱਡ", ਉਸ ਗੱਲ ਬਦਲਦਿਆਂ ਕਿਹਾ।

"ਓ ਥੈਂਕਸ" ਆਖ ਫਿਰ ਮੈਂ ਉਸਨੂੰ ਉਸਦੀ ਗਰਲਫਰੈਂਡ ਬਾਰੇ ਪੁਛਿਆ? ਮੈਂ ਉਹਦੀ ਲਾਈਫ ਬਾਰੇ ਜਾਨਣਾ ਚਾਹੁੰਦੀ ਸੀ।

"ਆਰ ਯੂ ਗਾਏਸ ਮੈਰਿਡ ਨਾਓ।"ਮੈਂ ਬੜੇ ਚਾਅ ਨਾਲ਼ ਪੁੱਛਿਆ। "ਸ਼ੀ ਲੈਫਟ ਮੀ।" ਉਸਨੇ ਸਪਾਟ ਜਿਹਾ ਉਤਰ ਦਿੱਤਾ ਪਰ ਮੂੰਹ ਪਰੇ ਹੀ ਰੱਖਿਆ।

"ਬਟ ਵਾਇ", ਮੈਂ ਹੈਰਾਨ ਸਾਂ।

"ਤੁਹਾਡਾ ਤਾਂ ਵਿਆਹ ਵੀ ਪੱਕਾ ਹੋ ਗਿਆ ਸੀ, ਤੇ ਤੂੰ ਚੰਗੇ ਪੈਸੇ ਵੀ ਜੋੜ ਲਏ ਸਨ।"

"ਸ਼ੀ ਫਾਉਂਡ ਏ ਬੈਟਰ ਗਾਏ, ਆਈ ਕੁੱਡ ਨਾਟ ਗੇਵ ਹਰ ਇਨਫ ਟਾਈਮ ਸੋ ਸ਼ੀ ਮੂਵ ਓਨ।"

ਮੈਨੂੰ ਉਸਦਾ ਅਠਾਰਾਂ ਅਠਾਰਾਂ ਘੰਟੇ ਕੰਮ ਕਰਨਾ ਚੇਤੇ ਆਇਆ। ਦਿਨ ਰਾਤ ਪੈਸੇ ਕਮਾਉਣਾ ਵੀ ਚੇਤੇ ਆਇਆ। ਮੇਰਾ ਮਨ ਉਦਾਸ ਹੋ ਗਿਆ।

"ਯੂ ਮੱਸਟ ਗੌਟ ਯੂਅਰ ਡਰੀਮ ਜੌਬ", ਉਸ ਮੇਰਾ ਮੂਡ ਬਦਲਣ ਲਈ ਜਿਵੇਂ ਆਖਰੀ ਹਲੂਣਾ ਮਾਰਿਆ। "ਯਾਅ, ਆਈ ਗੌਟ, ਮੈਂ ਹੌਲ਼ੀ ਜਿਹੀ ਕਿਹਾ।

"ਗੁੱਡ ਫਾਰ ਯੂ।""ਗੁੱਡ ਫਾਰ ਯੂ।", ਆਖਦਾ ਉਹ ਬੈਂਚ ਤੋਂ ਉਠ ਖਲੋਤਾ ਤੇ ਆਓਂਦੀ ਗੱਡੀ ਤੋਂ ਵਿਪਰੀਤ ਦਿਸ਼ਾ ਵਲ ਤੁਰ ਪਿਆ। ਉਸ ਦੀਆਂ ਝਿੱਲਮਿੱਲ ਕਰਦੀਆਂ ਅੱਖਾ

ਕਰੋਨਾ ਵਾਇਰਸ ਮਹਾਂਮਾਰੀ ਦੇ ਸੰਦਰਭ 'ਚ

ਇਕਾਂਤਵਾਸ ਤੇ ਔਰਤਾਂ

ਸੰਤੋਖ ਜੱਸੀ (ਸਰਪੰਚ
98766-58364

ਇਕਾਂਤਵਾਸ ਸੁਣਿਆ ਹੈ ਕਿ ਵੱਡੀਆਂ ਪ੍ਰਾਪਤੀਆਂ ਲਈ ਮਨੁੱਖ ਇਕਾਂਤਵਾਸ ਹੁੰਦਾ ਆਇਆ ਹੈ। ਭਾਂਵੇ ਉਹ ਧਰਮ ਹੈ ਜਾਂ ਵਿਗਿਆਨ । ਹਰ ਖੇਤਰ ਵਿੱਚ ਇਕਾਂਤਵਾਸ ਦੀ ਲੋੜ ਪੈਂਦੀ ਹੈ।ਇਤਿਹਾਸ ਚ ਆਉਂਦਾ ਹੈ ਕਿ ਗੌਤਮ ਬੁੱਧ ਜੀ ਜਿੰਦਗੀ ਦਾ ਸਾਰ ਅੰਸ਼ ਜਾਣਨ ਲਈ ਵੀ ਇਕਾਂਤਵਾਸ ਹੋਏ ਸੀ, ਜਿਥੋਂ ਗਿਆਨ ਦੀ ਪ੍ਰਾਪਤੀ ਹੋਈ ਸੀ।

ਧਾਰਮਿਕ ਖੇਤਰ ਵਿੱਚ ਪ੍ਰਭੂ, ਪ੍ਰਮਾਤਮਾ, ਅੱਲਾ, ਈਸ਼ਵਰ, ਗੌਡ ਦੀ ਪ੍ਰਾਪਤੀ ਲਈ ਵੀ ਇਕਾਗਰਚਿੱਤ ਹੋਣਾ ਅਸਲ ਵਿੱਚ ਇਕਾਂਤਵਾਸ ਦਾ ਹੀ ਇੱਕ ਰੂਪ ਹੈ।ਜਿਸ ਲਈ ਦੁਨੀਆਂ ਭਰ ਦੇ ਮੌਜੂਦਾ ਧਰਮਾਂ ਦੀ ਸੁਰ ਇੱਕੋ ਹੈ ਕਿ ਧਿਆਨ ਨਾਲ਼ ਹੀ ਉਸ 'ਸ਼ਕਤੀ' ਨੂੰ ਪਾਇਆ ਜਾ ਸਕਦਾ ਹੈ। ਇਸੇ ਲਈ ਭਾਰਤ ਵਿੱਚ ਸਾਧੂ ਸੰਤ ਪਹਾੜਾਂ ਵੱਲ ਜਾਣ ਨੂੰ ਪਹਿਲ ਦਿੰਦੇ ਰਹੇ ਹਨ। ਜਿਹੜੇ ਮਨੁੱਖਾਂ ਨੇ ਇਤਿਹਾਸ ਵਿਚ ਸਫਲਤਾ ਦੇ ਝੰਡੇ ਗੱਡੇ ਹਨ ਤੇ ਹੁਣ ਵੀ ਗਤੀਸ਼ੀਲ ਹਨ। ਉਨ੍ਹਾਂ ਦੀ ਸਫਲਤਾ ਪਿੱਛੇ ਉਨ੍ਹਾਂ ਦਾ ਆਪੋ ਆਪਣੇ ਕੰਮ / ਖੇਤਰ ਵਿਚ ਡੂੰਘੀਆਂ ਸਿਖਰਾਂ ਤੱਕ ਪਹੁੰਚਣ ਅਤੇ ਇਕਾਂਤਵਾਸ ਰਾਹੀਂ ਡੂੰਘੀ ਖੋਜ ਪੜ੍ਹਤਾਲ ਕਰਕੇ ਤਹਿ ਤੱਕ ਜਾਣਾ ਮੁੱਖ ਕਾਰਨ ਹੈ ਜੋ ਅੱਜ ਵੀ ਬਾਦਸਤੂਰ ਜਾਰੀ ਹੈ। ਯਤਨ ਜਾਰੀ ਰਹਿਣਗੇ ਤਾਂ ਹੀ ਮਨੁੱਖ ਦਾ ਆਪੋ ਆਪਣੇ ਖੇਤਰ ਤੇ ਆਪਣਾ ਭਲਾ ਹੈ। ਆਪਣਾ ਤੇ ਖੇਤਰ ਦਾ ਭਲਾ ਅੱਗੇ ਜਾ ਕੇ ਮਨੁੱਖਤਾ ਦਾ ਭਲਾ ਬਣਦਾ ਹੈ।ਜੋ ਵੱਡੇ ਗ੍ਰੰਥ ਰੋਜ਼ਾਨਾ ਪੜ੍ਹੇ ਜਾਂਦੇ ਹਨ ਉਹ ਸਾਡੇ ਧਾਰਮਿਕ ਆਗੂਆਂ ਦੀ ਇਕਾਗਰਤਾ ਤੋਂ ਬਾਅਦ ਹੀ ਹੋਂਦ ਵਿੱਚ ਆਏ ਹਨ। ਮਨੁੱਖ ਅੱਜ ਜਿੰਨਾ ਸੁੱਖਮਈ ਜੀਵਨ ਜਿਉਣ ਜੋਗਾ ਹੋਇਆ ਹੈ ਇਸ ਪਿੱਛੇ ਵਿਗਿਆਨਕਾਂ ਤੇ ਖੋਜੀਆਂ ਦੀ ਲਗਾਤਾਰ ਮਿਹਨਤ ਤਜਰਬੇ ਕਾਰਨਾਂ ਦਾ ਸਿੱਟਾ ਹੈ। ਜਿਨ੍ਹਾਂ ਆਪਣੀਆਂ ਪ੍ਰਾਪਤੀਆਂ ਸਦਕਾ ਮਨੁੱਖ ਨੂੰ ਬ੍ਰਹਿਮੰਡ ਦੇ ਭੇਦ ਜਾਣਨ ਲਾਇਕ ਬਣਾਇਆ। ਮਨੁੱਖ ਦੁਆਰਾ ਪ੍ਰਾਪਤ ਕੀਤੀਆਂ ਡੂੰਘੀਆਂ ਸਿਖਰਾਂ ਸਦਕਾ ਅੱਜ ਮਨੁੱਖ 'ਵਿਸ਼ਵ ਨਾਗਰਿਕ' ਹੈ। ਗਲੋਬਲ ਪਿੰਡ ਜਿਹੇ ਲਫਜ਼ ਪੜ੍ਹਨ ਸੁਣਨ ਨੂੰ ਮਿਲ ਰਹੇ ਹਨ। ਇਸ ਪਿੱਛੇ ਮਨੁੱਖ ਦਾ ਆਪੋ ਆਪਣੇ ਖੇਤਰ 'ਚ ਇਕਾਂਤਵਾਸ ਹੋ ਕੇ ਹੀ, ਅਸੰਭਵ ਹੁਣ ਸੰਭਵ ਹੋਣ ਲੱਗਾ ਹੈ।

ਰਹੀ ਗੱਲ ਮੌਜੂਦਾ ਕੋਰੋਨਾ ਵਾਇਰਸ (ਫਲੂ) ਕਾਰਨ ਕੀਤੇ ਮਨੁੱਖ ਦੀ ਇਕਾਂਤਵਾਸ ਦੀ ਤਾਂ ਹਰ ਕੋਈ ਅੱਜ ਹਾਲਤਾਂ ਕਾਰਨ ਇਕਾਂਤਵਾਸ 'ਚ ਹੈ। ਦੁਨੀਆਂ ਭਰ ਦੇ ਸਾਇੰਸਦਾਨਾਂ ਦੇ ਤੱਥਾਂ ਤੇ ਅਧਾਰਤ ਮਨੁੱਖ ਨੂੰ ਆਪਣੇ ਬਚਾਓ ਲਈ ਇਕਾਂਤਵਾਸ ਹੋਣ ਦੀ ਸਲਾਹ ਦਿੱਤੀ ਗਈ। ਦੇਖਿਆ ਗਿਆ ਕਿ ਜੇਕਰ ਤੁਸੀਂ ਆਪਣੇ ਘਰ 'ਚ ਹੀ ਇਕਾਂਤਵਾਸ ਰਹੋਗੇ ਤਾਂ ਕੋਰੋਨਾ ਵਾਇਰਸ ਬਾਹਰ ਆਪਣੇ ਆਪਹੀ ਖਤਮ ਹੋ ਜਾਵੇਗਾ ਤੇ ਮਨੁੱਖ ਪੀੜਤ ਹੋਣ ਤੋਂ ਬੱਚ ਸਕਦਾ ਹੈ। ਮਨੁੱਖੀ ਸੂਝ-ਬੂਝ ਦੇ ਸਮੇਂ 'ਚ ਸ਼ਾਇਦ ਇਹ ਸਭ ਤੋਂ ਵੱਡਾ ਇਕਾਂਤਵਾਸ ਹੈ। ਜਿਸ ਕਰਕੇ ਮਨੁੱਖ ਦਾ ਬਚਾਅ ਸੰਭਵ ਹੋ ਸਕਿਆ ਹੈ। ਕਹਿੰਦੇ ਨੇ ਕਿ ਬਚਾਓ ਵਿੱਚ ਹੀ ਬਚਾਓ ਹੈ। ਇਸੇ ਲਈ ਮਨੁੱਖ ਇਕਾਂਤਵਾਸ 'ਚ ਚਲਿਆ ਗਿਆ ਹੈ।

ਦੂਜੇ ਪਾਸੇ ਮੌਜੂਦਾ ਦੌਰ 'ਚ ਕਰੋਨਾ ਵਾਇਰਸ ਦੇ ਨਾਮ ਤੇ ਫੈਲੀ ਮਹਾਂਮਾਰੀ ਕਰੀਬ ਸਾਰੇ ਵਰਗ ਤੇ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੇ ਹਨ। ਜਿਸ ਕਾਰਨ 'ਛੇਤੀ ਕਰੋ-ਛੇਤੀ ਕਰੋ' ਵਰਗੇ ਬੋਲ ਹੁਣ ਸੰਜਮ ਹੋ ਗਏ ਹਨ। ਹੁਣ ਦੇਖੋ, ਉਡੀਕ ਕਰੋ, ਘਰਾਂ 'ਚ ਰਹੋ, ਸਾਵਧਾਨ ਰਹੋ, ਸਿਹਤਮੰਦ ਰਹੋ ਸੰਦੇਸ਼ ਸਾਡਾ ਲਗਾਤਾਰ ਮਾਰਗ ਦਰਸ਼ਨ ਕਰਦੇ ਆ ਰਹੇ ਹਨ। ਪਰ ਇੰਨੇ ਬੁਰੇ ਹਾਲਾਤਾਂ 'ਚ ਵੀ ਇੱਕ ਵਰਗ ਅਜਿਹਾ ਹੈ, ਜਿਸ ਦੇ ਕੰਮ ਪਹਿਲਾਂ ਦੇ ਮੁਕਾਬਲੇ ਘਟੇ ਨਹੀਂ ਵਧੇ ਹਨ। ਭਾਂਵੇ ਉਹ ਘਰਾਂ ਵਿੱਚ ਇਕਾਂਤਵਾਸ 'ਚ ਹਨ, ਬਾਵਜੂਦ ਇਸਦੇ ਲਗਾਤਾਰ ਆਪਣੇ ਘਰੇਲੂ ਕੰਮਾਂ ਕਾਰਾਂ 'ਚ ਚੰਗੀ ਤਰ੍ਹਾਂ ਮਸ਼ਰੂਫ ਹਨ। ਪਹਿਲਾਂ ਪਰਿਵਾਰ ਦੇ ਬਾਕੀ ਮੈਂਬਰਾਂ, ਧੀਆਂ ਪੁੱਤਰਾਂ ਨੂੰ ਬਾਹਰ ਕੰਮ ਕਰਨ, ਪੜ੍ਹਨ-ਲਿਖਣ ਆਦਿ ਲਈ ਭੇਜਣ ਸਮੇਂ ਚਾਹ-ਪਾਣੀ, ਖਾਣਾ ਖਵਾਉਣਾ ਤੇ ਪੈਕ ਕਰਨਾ ਆਦਿ ਪ੍ਰਮੁੱਖ ਕੰਮ ਸਨ। ਹੁਣ ਜਦੋਂ ਪਰਿਵਾਰ ਦ ਸਾਰੇ ਮੈਂਬਰ, ਘਰਾਂ 'ਚ ਇਕਾਂਤਵਾਸ ਹਨ ਤਾਂ ਔਰਤਾਂ, ਮਾਵਾਂ, ਧੀਆਂ ਦੇ ਕੰਮ ਵੱਧ ਗਏ ਹਨ। ਖਾਸ ਕਰਕੇ ਸਵੇਰੇ, ਦੁਪਿਹਰੇ, ਰਾਤ ਵੇਲੇ ਚਾਹ-ਪਾਣੀ ਰੋਟੀ ਆਦਿ ਭਾਵ ਕਿ ਰਸੋਈ ਦਾ ਕੰਮ ਪਹਿਲਾਂ ਨਾਲੋਂ ਵੱਧ ਕਰਨਾ ਪੈ ਰਿਹਾ ਹੈ। ਇੱਕ ਤਰਾਂ ਨਾਲ ਚਾਹਤ ਹੁੰਦੀ ਹੈ ਕਿ ਰੋਟੀ ਖਾਣ ਲਈ ਇੱਕ ਨਵੀਂ ਆਈਟਮ ਤਿਆਰ ਕੀਤੀ ਜਾਵੇ। ਇਸ ਤਰਾਂ ਔਰਤਾਂ ਪੂਰੀ ਤਰਾਂ ਆਪਣੇ ਪਤੀ-ਪਰਮੇਸ਼ਰ, ਬੱਚਿਆਂ ਤੇ ਸਹੁਰੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਸੇਵਾ ਕਰ ਰਹੀਆਂ ਹਨ। ਮਾਵਾਂ ਆਪਣੇ ਧੀਆਂ ਪੁੱਤਰਾਂ ਨੂੰ ਚੰਗਾ ਖਾਣਾ ਚੰਗੀ ਡਾਈਟ ਤੇ ਚੰਗੇ ਸੰਸਕਾਰ ਉਪਦੇਸ਼ ਤੇ ਸਫਲਤਾ-ਸੰਘਰਸ਼ ਤੇ ਪ੍ਰਾਪਤੀਆਂ, ਦੁਨੀਆਂ ਭਰ ਦੇ ਤਮਾਮ ਵਰਤਾਰੇ ਸਮਝਾ ਬੁਝਾ ਰਹੀਆਂ ਹਨ। ਉੱਥੇ ਨਵੇਂ ਸੰਕਟ 'ਚ ਨਵੇਂ ਢੰਗ ਨਾਲ਼ ਆਨ ਲਾਈਨ ਪੜ੍ਹਾਈ ਹੋਣ ਕਾਰਨ ਮਾਵਾਂ ਦਾ ਧਿਆਨ ਬੱਚਿਆਂ ਵੱਲ ਵੱਧ ਖਿੱਚਿਆ ਗਿਆ ਹੈ। ਪਤੀ ਜਿਹੜਾ ਪਲ-ਪਲ ਵਿਅਸਤ ਰਹਿੰਦਾ ਸੀ, ਘਰ ਵਿੱਚ ਬੰਦ ਹੋ ਕੇ ਰਹਿ ਗਿਆ ਹੈ। ਔਰਤਾਂ ਆਪਣੇ ਘਰਾਂ, ਬੱਚਿਆਂ ਤੇ ਪਤੀ ਦਾ ਖਿਆਲ ਵੱਧ ਰੱਖ ਰਹੀਆਂ ਹਨ। ਮਾਵਾਂ ਬਾਰੇ ਕਿਹਾ ਗਿਆ ਹੈ ਕਿ ਮਾਂ ਪਾਲਦੀ, ਜੱਫਰ ਜਾਲਦੀ, ਜਾਗਦੀ ਦਿਨ ਰਾਤ।

ਸੁਪ੍ਰਸਿੱਧ ਵਿਦਵਾਨ ਲੇਖਕ ਨਰਿੰਦਰ ਸਿੰਘ ਕਪੂਰ ਦਾ ਕਹਿਣਾ ਕਿ ਭਾਰਤੀ ਔਰਤਾਂ ਆਪਣੇ ਪਤੀਆਂ ਨੂੰ ਪੁੱਤਾਂ ਵਾਂਗ ਪਾਲਦੀਆਂ ਹਨ। ਜਿਸ ਤਰਾਂ ਦੇ ਹਾਲਾਤ ਹਨ, ਅਸੀਂ ਦੇਖ ਹੀ ਨਹੀਂ ਰਹੇ ਸਗੋਂ ਮਹਿਸੂਸ ਕਰਦੇ ਹਾਂ ਕਿ ਇਹ ਕਥਨ ਸੱਚਾ ਹੈ। ਦਰਅਸਲ ਸਾਡੇ ਸਮਾਜਿਕ ਸਰੋਕਾਰ ਅਜਿਹੇ ਹਨ ਕਿ ਪਤੀ ਹੀ ਤੁਹਾਡਾ ਈਸ਼ਵਰ ਹੈ। ਉਸ ਦੀ ਖੁਸ਼ੀ ਹੀ ਤੁਹਾਡੀ ਖੁਸ਼ੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਔਰਤਾਂ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਆਪਣੇ ਪਤੀ ਦੀ ਦੇਖਭਾਲ ਵਿਚ ਬਿਤਾਉਂਦੀਆਂ ਹਨ। ਉਹਨਾਂ ਦੀਆਂ ਲੋੜਾਂ ਨੂੰ ਮਾਵਾਂ ਵਾਂਗ ਮਹਿਸੂਸ ਕਰਦੀਆਂ ਹਨ। ਮਾਵਾਂ ਬਾਰੇ ਕਿਹਾ ਗਿਆ ਹੈ ਕਿ ਜੇਕਰ ਕੋਈ ਜੀਵ ਕਿਸੇ ਦੂਜੇ ਜੀਵ ਵਿੱਚ ਜੀਵਿਆ ਜਾ ਸਕਦਾ ਹੈ ਤਾਂ ਉਸਦਾ ਨਮੂਨਾ ਮਾਂ ਹੈ। ਮਾਵਾਂ ਪੁੱਤਾਂ-ਧੀਆਂ ਦੇ ਦੁਖਾਂ ਨੂੰ ਆਪਣਾ ਸਮਝਦੀਆਂ ਹਨ। ਹਰ ਮਾਂ ਆਪਣੀਆਂ ਖੁਸ਼ੀਆਂ ਆਪਣੀ ਔਲਾਦ ਤੋਂ ਵਾਰ ਦਿੰਦੀ ਹੈ। ਇਸ ਕਰਕੇ ਵਰਤਮਾਨ ਹਾਲਾਤਾਂ 'ਚ ਔਰਤਾਂ ਦਾ ਪਹਿਲਾਂ ਨਾਲ਼ੋਂ ਵੱਧ ਸਮਾਂ ਰਸੋਈ ਵਿੱਚ, ਘਰ ਦੀ ਸਾਂਭ-ਸੰਭਾਲ 'ਚ, ਕੱਪੜੇ-ਲੀੜੇ ਧੋਣ ਤੇ ਘਰ ਦੇ ਬਹੁਪੱਖੀ ਕੰਮਾਂ 'ਚ ਰੁੱਝੀਆਂ ਹੋਈਆਂ ਹਨ। ਸ਼ਾਇਦ ਇਹ ਕਰੀਬ ਇੱਕ ਸਦੀ ਬਾਅਦ ਵਾਪਰਿਆ ਹੈ ਕਿ ਇਸ ਮਹਾਂਮਾਰੀ ਕਾਰਨ ਪਹਿਲੀ ਵਾਰ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣ ਤੇ ਵਿਚਾਰ ਕਰਨ ਦਾ ਸਮਾਂ ਮਿਲਿਆ ਹੈ। ਕਹਿੰਦੇ ਹਨ ਕਿ ਹਰ ਰਾਤ ਪਿੱਛੇ ਦਿਨ ਦੇ ਚੜ੍ਹਨ ਦੀ ਆਸ ਬੱਝਦੀ ਹੈ। ਇੱਕ ਪ੍ਰਸਿੱਧ ਕਹਾਣੀਕਾਰ ਇਟਰਟਿਓ ਲਿਖਦਾ ਹੈ ਕਿ ਮੈਂ ਹਮੇਸ਼ਾ ਨੈਗੇਟਿਵ 'ਚੋਂ ਪੌਜ਼ਿਟਿਵ ਭਾਲਦਾ ਹਾਂ ਭਾਵ ਮੈਂ ਮਾੜੇ ਸਮੇਂ ਚੋਂ ਵੀ ਚੰਗਾ ਸਮਾਂ ਲੱਭਦਾ ਹਾਂ ਦੁਨੀਆਂ ਆਸਾਂ ਤੇ ਬੈਠੀ ਹੈ। ਸ਼ਰਮ ਵੀ ਕਹਿੰਦੀ ਹੈ ਜੀਵੇ ਆਪਾ ਮਰੇ ਨਗਮਾ। ਇਤਿਹਾਸ ਤੇ ਝਾਤ ਮਾਰਦਿਆਂ ਵਰਤਮਾਨ ਆਇਆ ਹੈ। ਅੱਜ ਵੀ ਇਤਿਹਾਸ ਸਿਰਜਿਆ ਜਾ ਰਿਹਾ, ਜੋ ਕੱਲ੍ਹ ਦੀਆਂ ਪੀੜ੍ਹੀਆਂ ਲਈ ਦਿਲਚਸਪੀ ਤੇ ਪੜ੍ਹਨ ਸੁਣਨ ਦੇ ਵਿਸ਼ੇ ਭਵਿੱਖ ਦੇ ਗਰਭ 'ਚ ਹੋਣਗੇ। ਅੱਜ ਨੂੰ ਸੁੱਖਮਈ ਬਨਾਉਣ ਲਈ, ਦੁਨੀਆਂ ਦੀਆਂ ਵੱਡੀਆਂ ਤੋਂ ਵੱਡੀਆਂ ਸੰਸਥਾਂਵਾਂ, ਵਿਗਿਆਨੀ, ਖੋਜਕਾਰਾਂ ਸਮੇਤ ਤਮਾਮ ਖੇਤਰਾਂ ਦੇ ਮਾਹਰ ਤੇ ਦੇਸ਼ਾਂ ਦੇ ਦੇਸ਼ ਇਸ ਮਾੜੇ ਸਮੇਂ ਤੋਂ ਨਿਜ਼ਾਤ ਦਿਵਾਉਣ ਲਈ 24-24 ਘੰਟੇ ਪੱਬਾਂ ਭਾਰ ਹਨ। ਪੰਜਾਬੀ ਦੇ ਇੱਕ ਪ੍ਰਸਿੱਧ ਕਹਾਣੀਕਾਰ ਦੀ ਇੱਕ ਕਹਾਣੀ ਦਾ ਸਾਰ ਅੰਸ਼ ਕਿ ਇੱਕ ਚਿੜੀ ਜੰਗਲ ਚ ਲੱਗੀ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਤਮਾਮ ਲੋਕ ਉਸਦਾ ਮਜ਼ਾਕ ਉਡਾ ਰਹੇ ਸਨ ਕੀ ਚਿੜੀ ਦੀ ਚੁੰਝ ਪਾਣੀ ਨਾਲ ਕਦੇ ਅੱਗ ਬੁਝਾਅ ਸਕਦੀ ਹੈ? ਤਾਂ ਚਿੜੀ ਨੇ ਕਿਹਾ ਕਿ ਮੈਨੂੰ ਪਤਾ ਹੈ ਕਿ ਮੇਰੀ ਚੁੰਝ ਦੇ ਪਾਣੀ ਨਾਲ਼ ਜੰਗਲ ਦੀ ਅੱਗ ਨਹੀਂ ਬੁੱਝ ਸਕੇਗੀ, ਪਰ ਜਦੋਂ ਵੀ ਇਤਿਹਾਸ ਲਿਖਿਆ ਜਾਵੇਗਾ ਤਾਂ ਇਹ ਕਿਹਾ ਜਾਵੇਗਾ ਕਿ ਇੱਕ ਚਿੜੀ ਨੇ ਯਤਨ ਤਾਂ ਕੀਤੇ। ਸੋ ਮੰਨ ਨੂੰ ਤਸੱਲੀ ਦੇਣ ਤੇ ਸਾਨੂੰ ਸਾਡੇ ਮਹਾਂਪੁਰਸ਼ਾਂ ਦੀ ਸਿੱਖਿਆ ਮੁਤਾਬਕ ਸਰਬੱਤ ਦੇ ਭਲੇ ਲਈ ਇੱਕ ਵਲੰਟੀਅਰ ਵਾਂਗ ਸੇਵਾ ਕਰਨ ਦੀ ਲੋੜ ਹੈ। ਦੁੱਖ ਹਨ ਘੱਟ ਜਾਣਗੇ। ਪਰ ਸਾਨੂੰ ਆਪਣੇ ਆਲੇ ਦੁਆਲੇ ਦੇ ਭੈਣ ਭਰਾਵਾਂ ਦਾ ਖਿਆਲਾਂ ਰੱਖਣਾ ਚਾਹੀਦਾ ਹੈ। ਸ਼ਾਇਦ ਇਹੀ ਸੱਚਾ ਧਰਮ ਕਹਿੰਦਾ ਹੈ।

ਆਓ ਸਥਿਤੀਆਂ-ਪ੍ਰਸਥਿਤੀਆਂ ਮੁਤਾਬਕ ਆਪਣੇ ਆਪ ਸਰਕਾਰਾਂ ਤੇ ਸਿਹਤ ਵਿਭਾਗ, ਪੁਲਿਸ ਵਿਭਾਗ ਦੀਆਂ ਤਮਾਮ ਹਦਾਇਤਾਂ-ਸਲਾਹਾਂ ਤੇ ਪਾਬੰਦੀਆਂ ਦਾ ਪਾਲਣ ਕਰੀਏ। ਇਕ ਦਿਨ ਇਕਾਂਤਵਾਸ ਵਿਚੋਂ ਬਾਹਰ ਆਉਣਾ ਹੀ ਆਉਣਾ ਹੈ, ਦੁੱਖ-ਸੁੱਖ ਜਿੰਦਗੀ ਦਾ ਹਿੱਸਾ ਹੈ। ਜਿੱਥੇ ਅਸੀਂ ਆਪਣੇ ਆਪਨੂੰ ਹਾਲਾਤਾਂ ਮੁਤਾਬਕ ਮਜ਼ਬੂਤ ਕਰਨਾ ਹੈ ਉੱਥੇ ਸਮੁੱਚੇ ਧਰਤੀ ਤੇ ਕੁਦਰਤ ਦੇ ਵਰਤਾਰੇ ਮੁਤਾਬਕ ਕੁਝ ਜਨ -ਸੰਖਿਆ ਦੀ ਪ੍ਰਤੀਨਿਧਤਾ ਕਰ ਰਹੇ ਔਰਤ ਵਰਗ ਦਾ ਵੀ ਹਰ ਪੱਖ ਤੋਂ ਖਿਆਲ ਰੱਖਣਾ ਸਾਡੀ ਪਰਿਵਾਰਿਕ ਸਮਾਜਿਕ, ਕਾਨੂੰਨੀ ਤੇ ਨੈਤਿਕ ਜਿੰਮੇਵਾਰੀ ਹੈ।ਜਿਹੜੀ ਉਸ ਸਮੇਂ ਵੀ ਕੰਮ ਕਰ ਰਹੀ ਹੁੰਦੀ ਜਦ ਸਾਰੇ ਘਰ ਦੇ ਮੈਂਬਰ ਸੁੱਤੇ ਪਏ ਹੁੰਦੇ ਹਨ।ਸਾਡਾ ਉਹਨਾਂ ਨੂੰ ਸਤਿਕਾਰ ਦੇਣਾ, ਸਨਮਾਨ ਕਰਨਾ ਜ਼ਰੂਰੀ ਹੈ। ਖੇਤਾਂ ਵਿਚ ਕੰਮ ਕਰ ਰਹੀਆਂ ਔਰਤਾਂ/ਲੜਕੀਆਂ ਵੀ ਕਿਸੇ ਦੀਆਂ ਮਾਵਾਂ ਧੀਆਂ ਹਨ।ਪਰ ਉਹ ਸਾਡੇ ਅਸਮਾਨਤਾ ਵਾਲੇ ਹਲਾਤਾਂ ਕਾਰਨ ਪਰਿਵਾਰਾਂ ਦੇ ਪਾਲਣ ਪੋਸ਼ਣ ਵਿਚ ਆਪਣੀ ਭੂਮਿਕਾ ਨਿਭਾਉਣ ਤੋਂ ਪਿਛੇ ਨਹੀ ਹਨ।ਸਾਡੀਆ ਨਜ਼ਰਾਂ ਬੇਸ਼ਰਮੀ ਵਾਲੀਆਂ ਨਹੀ ਸਗੋਂ ਸਤਿਕਾਰ ਵਾਲੀਆ ਹੋਣੀਆਂ ਚਾਹੀਦੀਆਂ ਹਨ। ਸਾਨੂੰ ਆਪਣੀ ਸੰਕੀਰਣਤਾ ਵਾਲੀ, ਤੰਗ ਦਿਲੀ ਵਾਲੀ ਸੋਚ ਨੂੰ ਛੱਡਣਾ ਹੀ ਪਵੇਗਾ। ਸਾਥੀਓ ਜੇਕਰ ਅਸੀਂ ਅਨੁਸ਼ਾਸਨ ਤੇ ਨਿਰਧਾਰਤ ਨਿਯਮਾਂ ਦਾ ਪਾਲਣ ਆਪੋ ਆਪਣਾ ਸਮਾਜੀ/ਦੇਸ਼ ਦਾ ਫਰਜ ਸਮਝਕੇ ਨਿਭਾਵਾਂਗੇ ਤਾਂ ਨਿਸ਼ਚਿਤ ਹੀ ਅਸੀਂ ਇਕਾਂਤਵਾਸ ਤੋਂ ਬਾਹਰ ਹੋਵਾਂਗੇ। ਔਰਤਾ ਪ੍ਰਤੀ ਨਜ਼ਰੀਆ, ਉਹਨਾਂ ਦਾ ਸਨਮਾਨ 'ਤੇ ਉਹਨਾਂ ਦੇ ਜ਼ਿਦਗੀ ਚਾ ਅੱਗੇ ਵਧਣ ਲਈ ਮਦਦ ਕਰਨ ਵਾਲਿਆ'ਚ ਸਾਡਾ ਨਾਮ ਸ਼ੁਮਾਰ ਹੋਣਾ ਚਾਹੀਦਾ ਹੈ। ਇਤਿਹਾਸ ਜੰਗਲ ਨੂੰ ਅੱਗ ਲਾਉਣ ਵਾਲਿਆਂ ਨੂੰ ਨਹੀ ਸਗੋਂ ਬੁਝਾਉਣ ਵਾਲਿਆਂ ਦਾ ਦਿਲ ਦੇ ਬੂਹੇ ਖੋਲ ਕੇ ਸਵਾਗਤ ਕਰਦਾ ਹੈ।ਚਿੰਤਾ ਛੱਡ ਕੇ ਸੁੱਖ ਨਾਲ ਜੀਵੀਏ ਅਤੇ ਔਰਤਾ ਜੋ ਇਕਾਂਤਵਾਸ ਵਿੱਚ ਵੀ ਫਰਜ਼ ਨਿਭਾ ਰਹੀਆਂ ਹਨ, ਦਾ ਦਿਲੋਂ ਸਤਿਕਾਰ ਕਰੀਏ।

ਸ਼ਬਦ ਘਾੜਾ ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ

ਕੁਸ਼ਲ ਕੁਮਾਰ
91-97807-78062

ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ, ਜਿਹਨਾਂ ਦਾ ਪੂਰਾ ਨਾਂ ਓਮ ਪ੍ਰਕਾਸ਼ ਥਾਪਰ ਹੈ, ਬਾਰੇ ਲਿਖਣ ਵੇਲੇ ਮੈਂ ਇਕੱਲਿਆਂ ਬੈਠ ਕੇ ਉਹਨਾਂ ਨੱਲ ਗੁਜ਼ਾਰੇ ਸਾਰੇ ਪਲ ਚੇਤੇ ਕੀਤੇ ਕਿ ਕਦੋਂ ਮੈਂ ਉਹਨਾਂ ਨੂੰ ਨੇੜਤਾ ਨਾਲ ਮਿਲਿਆ। ਉਸ ਤੋਂ ਪਹਿਲਾਂ ਵੀ ਸੰਗੀਤ ਸਮਾਗਮਾਂ ਜਾਂ ਹੋਰ ਪ੍ਰੋਗਰਾਮਾਂ ਤੇ ਉਹਨਾਂ ਨੂੰ ਸਿਰਫ ਸਟੇਜ ਤੋਂ ਹੀ ਸੁਣਿਆ ਸੀ।

ਮੈਨੂੰ ਯਾਦ ਹੈ ਜਦ ਮੇਰੀ ਪਹਿਲੀ ਮੁਲਾਕਾਤ ਉਹਨਾਂ ਨਾਲ 2012 'ਚ ਹੋਈ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਇਹ ਮੁੰਡਾ ਅਧਿਆਪਕ ਹੈ ਤਾਂ ਉਹਨਾਂ ਨੇ ਮੈਨੂੰ ਕੁਝ ਸਵਾਲ ਪੁੱਛੇ ਤਾਂ ਮੈਂ ਕੁਝ ਦਾ ਜਵਾਬ ਹੀ ਦੇ ਸਕਿਆ। ਮੈਂ ਸੋਚਿਆ ਕਿ ਨਿਰਧਨ ਸਾਹਿਬ ਬਹੁਤ ਹੀ ਸੁਲਝੇ ਅਤੇ ਅਨੁਭਵੀ ਸ਼ਖਸੀਅਤ ਦੇ ਮਾਲਕ ਹਨ। ਇਹਨਾਂ ਨਾਲ ਸੰਗਤ ਕਰਨ ਨਾਲ ਮੈਂ ਉਮਰ ਦੇ ਤਜਰਬੇ ਤੋਂ ਪਹਿਲਾਂ ਬਹੁਤ ਕੁਝ ਸਿੱਖ ਲਵਾਂਗਾ, ਜਿਸ ਕਰਕੇ ਅੱਜ ਤੱਕ ਮੈਂ ਉਹਨਾਂ ਨਾਲ ਆਪਣੀ ਨੇੜਤਾ ਕਾਇਮ ਰੱਖੀ।

ਨਿਰਧਨ ਸਾਹਿਬ ਨੇ ਸਮਾਜ ਦੀਆਂ ਸਮੱਸਿਆਵਾਂ ਨੂੰ ਆਪਣੀ ਲਿਖਤ ਦਾ ਮਜ਼ਮੂਨ ਬਣਾਇਆ ਕਿਉਂਕਿ ਨਿਰਧਨ ਸਾਹਿਬ ਗੁਰਦਾਸ ਰਾਮ ਆਲਮ ਜੀ ਨਾਲ ਵੀ ਨੇੜਤਾ ਰੱਖਦੇ ਸਨ। ਗੁਰਦਾਸ ਰਾਮ ਆਲਮ ਨੇ ਵੀ ਆਪਣੀ ਕਵਿਤਾ ਦਾ ਵਿਸ਼ਾ, ਉਸ ਸਮਾਜ ਦੀ ਸਮੱਸਿਆ ਨੂੰ ਰੱਖਿਆ, ਜਿਹਨਾਂ ਨੂੰ ਸਦੀਆਂ ਤੋਂ ਹਾਸ਼ੀਏ ਤੇ ਧੱਕਿਆ ਗਿਆ ਸੀ।

ਨਿਰਧਨ ਸਾਹਿਬ ਨੇ ਭਾਗਮਲ ਪਾਗਲ ਜੀ ਤੋਂ ਕਵਿਤਾ ਦੀ ਸਿੱਖਿਆ ਹਾਸਲ ਕੀਤੀ। ਭਾਗਮੱਲ ਪਾਗਲ ਡਾ. ਬਾਬਾ ਸਾਹਿਬ ਅੰਬੇਡਕਰ ਦੇ ਸਮਕਾਲੀ ਸਨ ਅਤੇ ਉਹਨਾਂ ਦੀ ਪੰਜਾਬ ਫੇਰੀ ਵੇਲੇ ਉਹਨਾਂ ਨਾਲ ਹੀ ਰਹਿੰਦੇ ਸਨ ਅਤੇ ਭਾਗਮੱਲ ਪਾਗਲ ਜੀ ਕਰਕੇ ਹੀ ਨਿਰਧਨ ਸਾਹਿਬ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਮਿਲ ਸਕੇ। ਨਿਰਧਨ ਸਾਹਿਬ ਨੇ ਡਾ. ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਆਪਣੇ ਕਬਿੱਤ ਰਾਹੀਂ ਕੀਤਾ। ਜਿਵੇਂ-

ਤੇਰਾ ਭਾਸ਼ਨ ਗਰੀਬ ਨਵਾਜ ਸੁਣਕੇ,
ਜਰਿਆ ਗਿਆ ਨਾ ਬ੍ਰਾਹਮਣਵਾਦ ਕੋਲੋਂ
ਸਹਿਮੀ ਝਿੰਝਕੀ ਨਾ ਡਰੀ ਡੋਲੀ,
ਗੈਰਤ ਅਣਖ ਤੇਰੀ ਜਾਬਰ ਜਲਾਦ ਕੋਲੋਂ
ਤੇਰੇ ਕਦਮ ਕਿਆਮਤ ਨਾ ਰੋਕ ਸਕੀ
ਰੁਕੀ ਕਲਮ ਨਾ ਤੇਰੀ ਵਾਦ-ਵਿਵਾਦ ਕੋਲੋਂ
ਜ਼ੁਲਮ ਸਹਿਣਾ ਵੀ ਹੈ ਇਕ ਅਪਰਾਧ ਨਿਰਧਨ,
ਸਾਵਧਾਨ ਰਹਿਣਾ ਇਸ ਅਪਰਾਧ ਕੋਲੋਂH

ਨਿਰਧਨ ਸਾਹਿਬ ਆਪਣੇ ਸਮਕਾਲੀ ਅੰਬੇਡਕਰੀ ਵਿਚਾਰਧਾਰਕ ਆਰ. ਸੀ. ਸੰਗਰ ਅਤੇ ਲਾਹੌਰੀ ਰਾਮ ਬਾਲੀ ਜੀ ਦਾ ਬਹੁਤ ਸਤਿਕਾਰ ਕਰਦੇ ਸਨ ਕਿਉਂਕਿ ਪੰਜਾਬ ਵਿਚ ਇਹਨਾਂ ਦੋਹਾਂ ਸ਼ਖਸੀਅਤਾਂ ਨੇ ਡਾ. ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਨਿਰਧਨ ਸਾਹਿਬ ਦੇ ਗੀਤਾਂ ਨੂੰ ਪੰਜਾਬ ਦੇ ਉਘੇ ਫਨਕਾਰਾਂ ਵੱਲੋਂ ਗਾਇਆ ਗਿਆ, ਜਿਹਨਾਂ ਵਿਚ ਉਹਨਾਂ ਦਾ ਅਜ਼ੀਜ਼ ਸਾਬਰ ਕੋਟੀ ਹੈ, ਜਿਸ ਨੇ ਸਭ ਤੋਂ ਪਹਿਲਾਂ ਉਹਨਾਂ ਦਾ ਹੀ ਗੀਤ ਗਾਇਆ ਅਤੇ ਮਕਬੂਲ ਹੋਇਆ:

ਕਰ ਗਈ ਏ ਸੌਦਾ, ਸਾਡਾ ਮੁੱਲ ਵੀ ਨਾ ਤਾਰਿਆ
ਤੇਰੇ ਇਤਬਾਰ ਤੇ ਗਰੀਬ ਗਿਆ ਮਾਰਿਆ।

ਇਸ ਤੋਂ ਇਲਾਵਾ ਪਦਮਸ਼੍ਰੀ ਪੂਰਨ ਚੰਦ ਵਡਾਲੀ (ਵਡਾਲੀ ਭਰਾ) ਨੇ ਵੀ ਉਹਨਾਂ ਦਾ ਗੀਤ ਗਾਇਆ।ਪਦਮਸ਼੍ਰੀ ਹੰਸ ਰਾਜ ਹੰਸ ਅਤੇ ਸਰਬਜੀਤ ਕੌਰ ਆਦਿ ਗਾਇਕਾਂ ਨੇ ਉਹਨਾਂ ਦੇ ਗੀਤਾਂ ਨੂੰ ਗਾਇਆ।

ਨਿਰਧਨ ਕਰਤਾਰਪੁਰੀ ਜੀ ਸੁਹਿਰਦ ਪਾਠਕਾਂ ਅਤੇ ਲੇਖਕਾਂ ਲਈ ਚਾਨਣ ਮੁਨਾਰੇ ਹਨ। ਉਹਨਾਂ ਨੇ ਗੀਤਕਾਰਾਂ ਨੂੰ ਚੰਗੀਆਂ ਲਿਖਤਾਂ ਦੇ ਕੇ ਵੰਗਾਰਿਆ ਹੈ।

ਸਮਝ ਲੈ ,ਸੋਚ ਲੈ ,ਤੂੰ ਅੱਜ ਦੇ ਗੀਤਕਾਰਾ
ਭਲਕੇ ਸਿਰ ਨਾ ਤੇਰੇ ਕੋਈ ਇਲਜ਼ਾਮ ਆ ਜਾਵੇ।
ਮਾਰ ਕਲਮ ਦੀ ਐਸੀ ਚਪੇੜ ਖਿੱਚ ਕੇ
ਮੂੰਹ ਪਾਟੇ ਮੂੰਹ ਨੂੰ ਲਗਾਮ ਆ ਜਾਵੇ।
ਜਿਹਦੇ ਨਾਲ ਸਮਾਜ ਦਾ ਭਲਾ ਹੋਵੇ
ਕਰਨੀ ਲੋਕਾਂ ਦੀ ਸੇਵਾ ਨਿਸ਼ਕਾਮ ਆ ਜਾਵੇ।
ਛੰਦ ਰਚਨਾ ਦੇ ਨਿਯਮਾਂ ਅਨੁਸਾਰ ਨਿਰਧਨ
ਮੈਨੂੰ ਵੀ ਲਿਖਣਾ ਕਲਾਮ ਆ ਜਾਵੇ।

ਨਿਰਧਨ ਕਰਤਰਪੁਰ ਜੀ ਇਕ ਨਿਧੜਕ ਅਤੇ ਯਥਾਰਥਵਾਦੀ ਕਵੀ ਹਨ। ਇਹ ਸਾਰਾ ਕੁਝ ਉਹਨਾਂ ਦੀਆਂ ਰਚਨਾਵਾਂ ਤੋਂ ਭਲੀ-ਭਾਂਤ ਦੇਖਣ ਨੂੰ ਮਿਲਦਾ ਹੈ-

ਹਿੰਦੂ ਕੋ ਸਿੱਖ ਸੇ, ਸਿੱਖ ਕੋ ਮੁਸਲਮਾਨ ਸੇ ਖਤਰਾ ਹੈ,
ਧਰਮ ਕੋ ਪੰਥ ਸੇ, ਪੰਥ ਕੋ ਈਮਾਨ ਸੇ ਖਤਰਾ ਹੈ
ਨਹੀਂ ਖਤਰਾ ਕਿਸੀ ਕੋ ਕਿਸੀ ਸੇ ਨਿਰਧਨ
ਸੱਚ ਕਹਿਨੇ ਵਾਲੇ ਕੀ ਜਾਨ ਕੋ ਖਤਰਾ ਹੈ।

ਅਗਲੇ ਸ਼ੇਅਰ ਵਿਚ ਉਹ ਹੋਰ ਵੀ ਸਪਸ਼ਟ ਕਰਦੇ ਹਨ।

ਮੈਂ ਆਪਣੇ ਆਪ ਨੂੰ ਹਰ ਮਜ਼ਹਬ ਤੋਂ ਨਿਰਪੱਖ ਰੱਖਦਾ ਹਾਂ,
ਸ਼ੀਸ਼ਾਂ ਵ'ਖ ਰਖਦਾ ਹਾਂ, ਪੱਥਰ ਵ'ਖ ਰਖਦਾ ਹਾਂ
ਮੈਂ ਸ਼ਾਇਰ ਹਾਂ ਸਮਝਦਾ ਹਾਂ, ਜੋ ਮੇਰਾ ਫਰਜ਼ ਬਣਦਾ ਹੈ
ਮੈਂ ਹਰ ਹਰਕਤ ਸਮੇਂ ਦੀ ਤੇ, ਉ'ਚੇਚੀ ਅੱਖ ਰੱਖਦਾ ਹਾਂ।

ਨਿਰਧਨ ਸਾਹਿਬ ਨਾਲ ਕਈ ਵਾਰ ਗੁਫਤਗੂ ਕਰਦਿਆਂ ਉਹਨਾਂ ਦੱਸਿਆ ਕਿ ਸਰਕਾਰਾਂ ਸਾਨੂੰ ਸਨਮਾਨਿਤ ਕਿਉਂ ਕਰਨ, ਅਸੀਂ ਤਾਂ ਬਾਗੀ ਹੋ ਕੇ ਉਹਨਾਂ ਨੂੰ ਨੰਗਾ ਕਰਦੇ ਹਾਂ ਤੇ ਜਿਹੜਾ ਉਹਨਾਂ ਦੇ ਪੋਤੜੇ ਖੋਲ੍ਹੂਗਾ ਉਹਨੂੰ ਉਹ ਕਿਉਂ ਸਨਮਾਨਿਤ ਕਰਨ। ਉਹ ਲਿਖਦੇ ਹਨ:

ਕੱਠ ਕਰਕੇ ਭਾਈਚਾਰੇ ਦਾ, ਰਿਬਨ ਕਟਵਾਵੇ ਚੋਰਾਂ ਤੋਂ।
ਕੀ ਹਾਸਲ ਕਰਨਾ ਚਾਹੁੰਦਾ ਹੈ, ਚਿੱਟੇ ਕਾਂ ਤੇ ਨੀਲੇ ਮੋਰਾਂ ਤੋਂ।

ਹਿੰਦੋਸਤਾਨ ਟਾਈਮਜ਼ ਅਖਬਾਰ ਦੇ ਐਡੀਟਰ ਨੇ ਨਿਰਧਨ ਸਾਹਿਬ ਬਾਰੇ ਇਕ ਆਰਟੀਕਲ ਛਾਪਿਆ, ਜਿਸ ਦਾ ਟਾਈਟਲ ਸੀ 'ਵਰਡ ਸਮਿੱਥ ਨਿਰਧਨ ਕਰਤਾਰਪੁਰੀ' ਭਾਵ ਸ਼ਬਦਘਾੜਾ ਨਿਰਧਨ ਕਰਤਾਰਪੁਰੀ।

ਸਵਾਮੀ ਕਿਸ਼ਨ ਦਾਸ ਗਧੰਰਵ ਸੰਗੀਤ ਵਿਦਿਆਲਾ ਵੱਲੋਂ ਨਿਰਧਨ ਕਰਤਾਰਪੁਰੀ ਜੀ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ 2015 ਵਿਚ ਸਨਮਾਨਿਤ ਕੀਤਾ ਗਿਆ।

ਮੇਰੇ ਬਹੁਤ ਹੀ ਅਜ਼ੀਜ਼ ਦੋਸਤ ਸੋਢੀ ਸੁਲਤਾਨ ਸਿੰਘ ਜੋ ਇਸ ਵੇਲੇ ਅਮਰੀਕਾ ਦੇਂ ਦੇ ਕੈ-ਲੇਫੋਰਨੀਓਂ ਵਿ'ਚ ਹਨ, ਜਿਹਨਾਂ ਨੇ ਮੁਲਕੋ-ਮੁਲਕ ਸਾਈਕਲਨਾਮਾ, ਹਿੰਦੂ ਸਾਮਰਾਜਵਾਦ ਦਾ ਇਤਿਹਾਸ ਅਤੇ ਅਫਗਾਨ ਖਾਨਾ ਜੰਗੀ ਤੇ ਅਹਿਮਦ ਮਸੂਦ ਖਾਂ ਨਾਮਕ ਕਿਤਾਬਾਂ ਲਿਖੀਆਂ,ਅੁਹ ਨਿਰਧਨ ਸਾਹਿਬ ਨੂੰ ਆਪਣਾ ਉਸਤਾਦ ਮੰਨਦਾ ਹੈ। ਉਸ ਮੁਤਾਬਕ ਨਿਰਧਨ ਸਾਹਿਬ ਦੀ ਪ੍ਰੇਰਨਾ ਅਤੇ ਸੰਗਤ ਕਰਕੇ ਹੀ ਮੈਂ ਲਿਖਣਾ ਸ਼ੁਰੂ ਕੀਤਾ।

ਕਈ ਵਾਰ ਜਦ ਨਿਰਧਨ ਸਾਹਿਬ ਮੇਰੇ ਕੋਲ ਕਪੂਰਥਲਾ ਆਉਂਦੇ ਤਾਂ ਮੈਂ ਵੀਡੀਓ ਕੱਲ ਰਾਹੀਂ ਸੌਂਹੀ ਸੁਲਤਾਨ ਸਿੰਘ ਨਾਲ ਉਹਨਾਂ ਦੀ ਗੱਲਬਾਤ ਕਰਵਾਉਂਦਾ ਹਾਂ। ਪਰ ਵਡੇਰੀ ਉਮਰ ਹੋਣ ਕਾਰਨ ਉਹਨਾਂ ਨੂੰ ਉਂਚੀ ਸੁਣਦਾ ਹੈ। ਜਿਸ ਕਾਰਨ ਗੱਲਬਾਤ ਵਿਚ ਵਿਘਨ ਪੈਂਦਾ ਸੀ।

ਨਿਰਧਨ ਕਰਤਾਰਪੁਰੀ ਜੀ ਨੇ ਆਪਣੇ ਤਖੱਲਸ ਵਾਂਗ ਸਾਰੀ ਜ਼ਿੰਦਗੀ ਹੀ ਮੁਫਲਿਸੀ ਦੀ ਹਾਲਤ ਵਿਚ ਗੁਜ਼ਾਰੀ। ਆਪਣੀ ਪਰਿਵਾਰਕ ਜ਼ਿੰਦਗੀ ਸਮਾਜ ਅਤੇ ਆਲੇ-ਦੁਆਲੇ ਦੀਆਂ ਸਮੱਸਿਆਵਾਂ ਚਾਹੇ ਉਹ ਰਿਸ਼ਵਤਖੋਰੀ, ਦਾਜ ਦਹੇਜ, ਨਸ਼ਾ, ਏਡਜ਼, ਪਰਿਵਾਰ ਨਿਯੋਜਨ, ਪੰਜਾਬੀ ਵਿਰਸੇ ਵਿਚ ਆ ਰਹੀ ਗਿਰਾਵਟ ਹੋਵੇ, ਹਰ ਵਿਸ਼ੇ ਨੂੰ ਬਹੁਤ ਸੰਜੀਦਗੀ ਨਾਲ ਨੇੜਿਉਂ ਦੇਖ ਕੇ ਲਿਖਿਆ।

ਸਰਦਾ ਬਣਦਾ ਦਾਜ ਦੇਵੋ ਨਾ ਸਮਝੋ ਆਪਣੀ ਹਾਨੀ।
ਪੁੱਤਾਂ ਵਾਲੇ ਮੰਗਤੇ ਹੁੰਦੇ, ਧੀਆਂ ਵਾਲੇ ਦਾਨੀ।

ਉਹਨਾਂ ਦੀਆਂ ਰਚਨਾਵਾਂ ਵਿਚੋਂ ਮੈਨੂੰ ਭਵਿੱਖ ਦੀਆਂ ਪੇਸ਼ੀਨਗੋਈਆਂ ਨਜ਼ਰ ਆਉਂਦੀਆਂ ਹਨ। ਇਵੇਂ ਲੱਗਦਾ ਹੈ ਕਿ ਜਿਵੇਂ ਜੋ ਨਿਰਧਨ ਸਾਹਿਬ ਨੇ ਲਿਖ ਦਿੱਤਾ, ਕਿਤੇ ਸੱਚ ਨਾ ਹੋ ਜਾਵੇ।

ਸਿੱਕਾ ਦੋਹਾਂ ਰਹਿਬਰਾਂ ਦਾ

ਕਰੀਏ ਰੱਜ ਰੱਜ ਦੇ ਸਤਿਕਾਰ, ਦੋਨੋਂ ਹੱਥੀਂ ਵੰਡ ਗਏ ਪਿਆਰ
ਇਕ ਦੇ ਗਏ ਬਾਣੀ ਸੀ, ਦੂਜੇ ਲਿਖ ਦਿੱਤਾ ਸੰਵਿਧਾਨ
ਸਿੱਕਾ ਦੋਹਾਂ ਰਹਿਬਰਾਂ ਦਾ, ਚੱਲਦਾ ਰਹੂਗਾ ਵਿਚ ਜਹਾਨ

ਗੁਰੂ ਰਵਿਦਾਸ ਤੇ ਬਾਬਾ ਸਾਹਿਬ, ਸਾਡੇ ਰਹਿਬਰ ਦੋ ਮਹਾਨ
ਸਾਡੀ ਖ਼ਾਲੀ ਝੋਲੀ ਸੀ ਗੁਰਾਂ ਨੇ ਰਹਿਮਤ ਦੇ ਨਾਲ ਭਰ ਤੀ
ਗੱਲ ਬਾਬਾ ਸਾਹਿਬ ਲਿਖਕੇ, ਗੁਰਾਂ ਦੀ ਹੱਥੀਂ ਪੂਰੀ ਕਰਤੀ
ਸਦਾ ਰਹਿਣੀ ਜੱਗ ਉੱਤੇ, ਇਨ੍ਹਾਂ ਦੀ ਉੱਚੀ ਸੁੱਚੀ ਸ਼ਾਨ
ਸਿੱਕਾਂ ਦੋਹਾਂ ਰਹਿਬਰਾਂ . . . . . .

ਕੰਮ ਪੱਕੇ ਪੈਰੀਂ ਹੀ ਰਹਿਬਰਾਂ ਕੀਤੇ ਸਮਝ ਕੇ ਚਾਲਾਂ
ਉਹ ਸਭ ਕੁਝ ਜਾਣਦੇ ਸੀ ਸਮੇਂ ਦੀ ਨਬਜ਼ ਕੌਮ ਦੇ ਹਾਲਾਂ
ਉਨ੍ਹਾਂ ਤਨ ਮਨ ਵਾਰ ਦਿੱਤਾ, ਕੌਮ ਦੇ ਸਿਰ ਤੋਂ ਵਾਰੀ ਜਾਨ
ਸਿੱਕਾਂ ਦੋਹਾਂ ਰਹਿਬਰਾਂ . . . . . .

ਕਦੇ ਭੁੱਲ ਨਹੀਂ ਸਕਦੇ, ਕਰ ਗਏ ਜੋ ਰਹਿਬਰ ਕੁਰਬਾਨੀ
ਕਰੋ ਕੋਟਿ ਕੋਟਿ ਸਜਿਦਾ, ਰਹਿਬਰ ਸਾਡੇ ਜੀਵਨ ਦਾਨੀ
ਸਾਨੂੰ ਕੱਢ ਹਨ੍ਹੇਰੇ ਚੋਂ, ਜਿਨ੍ਹਾਂ ਬਖਸ਼ਿਆ ਗੂੜ੍ਹ ਗਿਆਨ
ਸਿੱਕਾਂ ਦੋਹਾਂ ਰਹਿਬਰਾਂ . . . . . .

ਜੋ ਲਿਖਤਾਂ ਲਿਖ ਗਏ ਨੇ ਉਨ੍ਹਾਂ ਨੂੰ ਕੁੱਲ ਦੁਨੀਆਂ ਪਈ ਮੰਨੇ
ਗੁਰੂ ਰਵਿਦਾਸ ਦੀ ਬਾਣੀ ਨੇ, ਮੁੱਢ ਇਸ ਧਰਮ ਕਰਮ ਦੇ ਬੰਨ੍ਹੇ
'ਚੁੰਬਰਾ' ਬਾਬਾ ਸਾਹਿਬ ਜਿਹਾ ਨਹੀਂ ਸੂਰਮਾ ਤੇ ਵਿਦਵਾਨ
ਸਿੱਕਾਂ ਦੋਹਾਂ ਰਹਿਬਰਾਂ . . . . . .

ਦੋ ਰਹਿਬਰਾਂ ਦੀ ਦੇਣ

ਸੁਣੋ ਸੁਣਾਵਾਂ ਕੌਮ ਦੇ ਲੋਕੋ, ਰਹਿਬਰਾਂ ਦਿੱਤਾ ਕੀ ਕੀ ਸੋਚੋ
ਕ੍ਰਾਂਤੀਕਾਰੀ ਸੋਚ ਨਾਲ ਸਤਿਗੁਰ ਨੇ ਜੋੜਿਆ ਸੀ
ਬੱਬਰ ਸ਼ੇਰ ਭੀਮ ਨੇ ਨੁਕਤੇ ਸਭ ਸਮਝਾਏ ਨੇ
ਗੁਰੂ ਰਵਿਦਾਸ ਦੀ ਬਾਣੀ ਮਾਰਗ ਦੱਸੇ ਹੱਕ ਸੱਚ ਦਾ

ਬਾਬਾ ਸਾਹਿਬ ਦੀ ਕਲਮ ਨੇ ਸਾਰੇ ਹੱਕ ਦੁਆਏ ਨੇ
ਕੌਮ ਲਈ ਕੁਰਬਾਨੀ ਜੋ ਦੋ ਰਹਿਬਰਾਂ ਕਰ ਦਿੱਤੀ
ਮੋਇਆਂ ਅੰਦਰ ਮੁੜਕੇ ਜਿਉਣ ਦੀ ਜੁਅੱਰਤ ਭਰ ਦਿੱਤੀ
ਲਿਖਤਾਂ ਵਿਚ ਨਹੀਂ ਸਿਫ਼ਤਾਂ ਕਦੇ ਸਮੋਈਆਂ ਜਾਣਗੀਆਂ
ਜੋ ਸਾਡੇ ਤੇ ਰਹਿਬਰਾਂ ਦੋਨਾਂ ਕਰਮ ਕਮਾਏ ਨੇ
ਗੁਰੂ ਰਵਿਦਾਸ ਦੀ . . . . . .

ਮੱਥਾ ਲਾ ਕੇ ਹਾਕਮ ਧਿਰਾਂ ਨੂੰ ਪੜ੍ਹਨੇ ਪਾਇਆ ਸੀ
ਬਾਣੀ ਅਤੇ ਕਾਨੂੰਨ ਨਾਲ ਦੋਨਾਂ ਸਮਝਾਇਆ ਸੀ
ਭਗਤ ਸ਼ਕਤੀ ਦਾਤ ਅਸਾਂ ਨੂੰ ਮਿਲੀ ਵਿਰਾਸਤ ਚੋਂ
ਝਾੜੂ ਖੋਕੇ ਹੱਥੀਂ ਭੀਮ ਨੇ ਪੈੱਨ ਫੜਾਏ ਨੇ
ਗੁਰੂ ਰਵਿਦਾਸ ਦੀ . . . . . .

ਨਾ ਤੀਰਾਂ ਤਲਵਾਰਾਂ ਦੀ ਜੰਗ ਲੜੀ ਵਿਚਾਰਾਂ ਦੀ
ਦੋਹਾਂ ਮੁਹਰੇ ਇਕ ਨਾ ਚੱਲੀ ਸੀ ਸਰਕਾਰਾਂ ਦੀ
ਕੌਮ ਲਈ ਇਤਿਹਾਸ ਰਹਿਬਰਾਂ ਐਸਾ ਰਚਿਆ ਏ
ਜਿਸ ਵਿਚ ਉਨ੍ਹਾ ਨੇ ਕੌਮ ਦੇ ਸਾਰੇ ਰੋਗ ਮਿਟਾਏ ਨੇ
ਗੁਰੂ ਰਵਿਦਾਸ ਦੀ . . . . . .

'ਚੁੰਬਰਾ' ਲੱਖ ਪ੍ਰਣਾਮ ਪੁਰਖਿਆਂ ਨੂੰ ਤੂੰ ਕਰਦਾ ਰਹੀਂ
ਇਨ੍ਹਾਂ ਦੀ ਹਾਮੀ ਮੋਹਣ ਬੰਗੜ ਦੇ ਵਾਂਗੂ ਭਰਦਾ ਰਹੀਂ
ਇਨ੍ਹਾਂ ਦੇ ਵਰਗਾ ਦਰਦੀ ਕੌਮ ਦਾ ਕਿਹੜਾ ਸੀ
ਜਿਨ੍ਹਾਂ ਨੇ ਜੀਵਨ ਆਪਣੇ ਕੌਮ ਦੇ ਲੇਖੇ ਲਾਏ ਨੇ
ਗੁਰੂ ਰਵਿਦਾਸ ਦੀ . . . . . .

ਕੁਲਦੀਪ ਚੁੰਬਰ, ਸ਼ਾਮਚੁਰਾਸੀ 91-98151-37254

ਭੂਰੀ ਚਿੜੀਏ

ਭੂਰੀ ਚਿੜੀਏ ਭੂਰੀ ਚਿੜੀਏ
ਆਪਣੀ ਸੁਰੀਲੀ ਆਵਾਜ਼ ਸੁਣਾ।
ਦੇਖਣ ਨੂੰ ਨੈਣ ਤਰਸਦੇ ਨੇ,
ਸਾਡੇ ਘਰ ਨੂੰ ਚਾਰ ਚੰਨ ਲਾ।
ਰੌਸ਼ਨਦਾਨ ਵਿੱਚ ਆਲਣਾ ਪਾ ਕੇ,
ਆਪਣੀ ਸਿਆਣਪ ਨੂੰ ਦਿਖਾ।
ਉਦਾਸ ਪਏ ਮੇਰੇ ਵਿਹੜੇ ਵਿੱਚ,
ਆ ਕੇ ਰੌਣਕਾਂ ਤਾਂ ਲਗਾ।
ਖਾਣ ਨੂੰ ਦਾਣੇ, ਪੀਣ ਨੂੰ ਪਾਣੀ,
ਸਭ ਦਿਆਂਗੇ ਤੈਨੂੰ ਪਾ।
ਚਿੰਤਾ ਦੀ ਕੋਈ ਗੱਲ ਨਹੀਂ,
ਤੈਨੂ ਰੱਖਾਂਗੇ ਖੂਬ ਰਜਾ।
ਸਵੇਰੇ ਆਪਣੇ ਮਧੁਰ ਸੁਰਾਂ ਨਾਲ,
ਸਾਨੂੰ ਆਲਸੀਆਂ ਨੂੰ ਜਗਾ।
ਤੈਨੂ ਦੇਖ ਸਕੂਨ ਜਿਹਾ ਮਿਲਦਾ,
ਸਾਡੇ ਸੀਨੇ ਠੰਡਕ ਪਾ।
ਕਸੂਰ ਤੇਰਾ ਤਾਂ ਕੋਈ ਨਹੀਂ,
ਮਾਨਵ ਨੇ ਹੀ ਕੀਤੇ ਗੁਨਾਹ।
ਥਾਂ-ਥਾਂ ਤੇ ਟਾਵਰ ਲਗਾਏ,
ਨਾਲੇ ਰੁੱਖਾਂ ਨੂੰ ਦਿੱਤਾ ਕਟਾਅ।
ਕਾਸ਼ ਹੁਣ ਵੀ ਅਕਲ ਆ ਜਾਏ,
ਕੁਦਰਤੀ ਜੀਵਾਂ ਨੂੰ ਲਏ ਬਚਾਅ।

- ਚਮਨਦੀਪ ਸ਼ਰਮਾ
91-95010-33005

ਪੰਜਾਬ ਕੈਬਨਿਟ ਵੱਲੋਂ ਮੁੱਖ ਸਕੱਤਰ ਦੇ ਬਾਈਕਾਟ ਦਾ ਮਤਾ ਪਾਸ

ਚੰਡੀਗੜ੍ਹ- ਪੰਜਾਬ ਕੈਬਨਿਟ ਨੇ ਅੱਜ ਸਰਬਸੰਮਤੀ ਨਾਲ ਮੁੱਖ ਸਕੱਤਰ ਦੇ ਬਾਈਕਾਟ ਦਾ ਮਤਾ ਪਾਸ ਕਰ ਦਿੱਤਾ ਹੈ ਜਿਸ ਬਾਰੇ ਆਖਰੀ ਫੈਸਲਾ ਲੈਣ ਦੇ ਅਖਤਿਆਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੇ ਦਿੱਤੇ ਗਏ ਹਨ। ਸੁਖਾਵੇਂ ਮਾਹੌਲ ਲਈ ਅੱਜ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਮੰਤਰੀ ਮੰਡਲ ਦੀ ਮੀਟਿੰਗ ਤੋਂ ਲਾਂਭੇ ਕਰ ਦਿੱਤਾ ਗਿਆ ਪ੍ਰੰਤੂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਪ੍ਰਵਾਨਗੀ ਨਾਲ ਅੱਜ ਮੁੱਖ ਸਕੱਤਰ ਅੱਧੇ ਦਿਨ ਦੀ ਛੁੱਟੀ 'ਤੇ ਚਲੇ ਗਏ ਸਨ। ਵਧੀਕ ਮੁੱਖ ਸਕੱਤਰ (ਗ੍ਰਹਿ) ਸਤੀਸ਼ ਚੰਦਰਾ ਨੇ ਬਤੌਰ ਕਾਰਜਕਾਰੀ ਮੁੱਖ ਸਕੱਤਰ ਦੀ ਭੂਮਿਕਾ ਨਿਭਾਈ।

ਦੱਸਣਯੋਗ ਹੈ ਕਿ ਸ਼ੁੱਕਰਵਾਰ ਨੂੰ ਆਬਕਾਰੀ ਨੀਤੀ 'ਤੇ ਵਿਚਾਰ ਚਰਚਾ ਦੌਰਾਨ ਤਿੰਨ ਵਜ਼ੀਰਾਂ ਅਤੇ ਮੁੱਖ ਸਕੱਤਰ ਦਰਮਿਆਨ ਤਲਖ਼ੀ ਹੋ ਗਈ ਸੀ ਜਿਸ ਪਿੱਛੋਂ ਵਜ਼ੀਰ ਮੀਟਿੰਗ 'ਚੋਂ ਵਾਕਆਊਟ ਕਰ ਗਏ ਸਨ। ਅੱਜ ਪੰਜਾਬ ਭਵਨ ਵਿੱਚ ਮੰਤਰੀ ਮੰਡਲ ਮੁੜ ਜੁੜਿਆ ਜਿਸ 'ਚ ਆਬਕਾਰੀ ਨੀਤੀ ਦੀ ਸਮੀਖਿਆ 'ਤੇ ਕੋਈ ਚਰਚਾ ਨਹੀਂ ਹੋ ਸਕੀ। ਸਰਬਸੰਮਤੀ ਨਾਲ ਮੰਤਰੀ ਮੰਡਲ ਨੇ ਰਾਜ ਆਬਕਾਰੀ ਨੀਤੀ ਬਾਰੇ ਵੀ ਨਵਾਂ ਫੈਸਲਾ ਲੈਣ ਲਈ ਭਰੋਸਾ ਜ਼ਾਹਿਰ ਕਰਦੇ ਹੋਏ ਮੁੱਖ ਮੰ

ਦਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ

ਦਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ
ਪਾ ਕੇ ਵੋਟਾਂ ਤੈਨੂੰ ਗੱਦੀ ਉਤੇ ਚਾੜਿਆ
ਰੁਲ਼ੇ ਦਰੋਂ ਇਹ ਦਰ, ਹੋਏ ਘਰੋਂ-ਬੇਘਰ
ਘਰ ਬਾਰ ਗਿਆ ਸਾਰਾ ਹੀ ਉਜਾੜਿਆ
ਦਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ ।

ਇਹਨਾਂ ਦੀਆਂ ਵੋਟਾਂ ਨਾਲ ਬੈਠੇ ਗੱਦੀ ਸ਼ਾਂਭ ਕੇ
ਹੁੰਦੀ ਇਹਦੀ ਕੁੱਟ ਵੇਖ ਚੁੱਪ ਬੈਠੇ ਜਾਣ ਕੇ
ਇਹ ਭੁੱਖ ਨਾਲ ਰੋਏ, ਕੀਤੇ ਕੁੱਟ ਅਧਮੋਏ
ਧੱਕ-ਧੱਕ ਵਾਂਗ ਜੇਲ੍ਹਾਂ ਜਿਵੇਂ ਵਾੜਿਆ
ਦਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ ।

ਭੁੱਖ ਦੇ ਇਹ ਮਾਰੇ ਘਰੋਂ ਦੂਰ ਬੈਠੇ ਆਣ ਕੇ
ਲੈਣ ਸੁਰੱਗੀ ਆਏ ਘਰੋਂ ਇਹ ਠਾਣ ਕੇ
ਕਰੋਨੇ ਦਾ ਹੈ ਕਹਿਰ, ਘੋਲੀ ਧਰਮ ਦੀ ਜ਼ਹਿਰ
ਸੀਨੇ ਲੋਕਾਂ ਦੇ ਨੂੰ ਹੋਰ ਵੀ ਸਾੜਿਆ
ਦਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ ।

ਗਡੀਆਂ,ਜਹਾਜਾਂ ਦੀ ਅਮੀਰਾਂ ਲਈ ਛੋਟ ਏ
ਇਹ ਰੱਖੇ ਬੰਨ-ਬੰਨ ਦਸ ਕਿਹੜੀ ਖੋਟ ਏ
ਪਿੱਛੇ ਲੁੱਟ ਗਿਆ ਘਰ, ਦਿੱਤਾ ਡੰਡੇ ਦਾ ਏ ਡਰ
ਪੈਰ-ਪੈਰ ਤੇ ਪੁਲਿਸ ਨੇ ਤਾੜਿਆ
ਦਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ ।

ਰੈਲੀਆਂ 'ਚ' ਮੁਫ਼ਤ ਬੱਸਾਂ,ਰੇਲਾਂ ਲੈ ਜਾਂਦੇ ਹੋ
ਮਜਬੂਰ ਹੋਏ ਕਾਮੇ ਤਾਂ ਪੈਸ਼ੇ ਭਰਵਾਉਂਦੇ ਹੋ
ਟੁੱਟ ਗਿਆ ਏ ਭਰੋਸਾ, ਹੋਇਆ ਮਨ ਵਿੱਚ ਰੋਸਾ
ਗਿਆ ਮਜ਼ਦੂਰ ਨੂੰ ਹੈ ਥਾਂ-ਥਾਂ ਲਿਤਾੜਿਆ
ਦਸ ਕਾਮਿਆਂ ਨੇ ਤੇਰਾ ਕੀ ਵਿਗਾੜਿਆ ।

– ਰਬਿੰਦਰ ਸ਼ਰਮਾ

ਕੁਦਰਤ ਦਾ ਸਰਾਪ : ਕਰੋਨਾ

ਕਰੋਨਾ ਰੂਪ ਚੁ ਕੁਦਰਤ ਨੇ ਦਿੱਤਾ, ਬਹੁਤ ਵੱਡਾ ਸਰਾਪ ਏ।
ਹਰ ਕੋਈ ਅੱਜਕੱਲ੍ਹ ਭੁਗਤ ਰਿਹਾ, ਕਿੱਡਾ ਵੱਡਾ ਸੰਤਾਪ ਏ।.

ਪਾਪ ਪਸਾਰਾ ਵਧਿਆ ਦੇਖ ਕੇ, ਕੁਦਰਤ ਖੇਲਿਆ ਇਹ ਖੇਲ੍ਹ,
ਕੋਈ ਇਲਾਜ ਵੀ ਕੰਮ ਨ੍ਹੀ ਆਇਆ, ਸਾਇਸ ਵੀ ਹੋਗੀ ਫੇਲ੍ਹ,
ਇਸ ਦੁੱਖ ਉਹ ਮਟਾਊ, ਜੋ ਸਭਨਾਂ ਦਾ ਬਾਪ ਏ।
ਕਰੋਨਾ ਰੂਪ ਚੁ ਕੁਦਰਤ ਨੇ ਦਿੱਤਾ, ਬਹੁਤ ਵੱਡਾ ਸਰਾਪ ਏ।

ਅੱਤ ਚੱਕੀ ਸੀ ਬਹੁਤ ਸੈਤਾਨਾਂ, ਲਾਹ ਰੱਖੀ ਸੀ ਸਰਮ ਬੇਇਮਾਨਾਂ,
ਆਪਣੇ ਆਪ ਸੀ ਰੱਬ ਹੋ ਗਏ, ਆਪਣੇ ਬੰਦਾ ਬਣਿਆ ਦਾਨਾ,
ਦਿਲਾਂ ਚ ਭਰੇ ਹੋਏ ਕੂੜ ਦੇ ਤਾਈਂ, ਸਕਦਾ ਨ੍ਹੀਂ ਕੋਈ ਨਾਪ ਏ।
ਕਰੋਨਾ ਰੂਪ ਚੁ ਕੁਦਰਤ ਨੇ ਦਿੱਤਾ, ਬਹੁਤ ਵੱਡਾ ਸਰਾਪ ਏ।

ਸੈਤਾਨ, ਮਾਨਵ ਦਾ ਰੱਬ ਸੀ ਬਣਿਆ, ਰੱਖਦਾ ਸੀ ਸਦਾ ਸੀਨਾ ਤਣਿਆ,
ਮਾਨਵਤਾ ਦਾ ਉਹ ਵੈਰੀ ਸੀ ਹੋਇਆ, ਹਰ ਕੋਈ ਏਥੇ ਜਣਿਆ ਖਣਿਆ,
ਆਪਣੇ ਆਪ ਨੂੰ ਪਿਆ ਜਤਾਉਂਦਾ, ਜਿਉਂ ਸਭ ਦਾ ਉਹ ਬਾਪ ਏ।
ਕਰੋਨਾ ਰੂਪ ਚੁ ਕੁਦਰਤ ਨੇ ਦਿੱਤਾ, ਬਹੁਤ ਵੱਡਾ ਸਰਾਪ ਏ।

ਗੁਰਬਾਣੀ ਤੋਂ ਸੀ ਉਹ ਪਿੱਛੇ ਭੱਜਦਾ, ਕੰਮ ਨਾ ਕੋਈ ਕੀਤਾ ਸੀ ਚੱਜ ਦਾ,
ਪਰਸੋਤਮ ਆਪੇ ਬੰਦੇ ਦੇ ਭੀਤਰ, ਕੂੜ ਦਾ ਸੀਗਾ ਘੰਟਾ ਵੱਜਦਾ,
ਹੁਣ ਆਖੇ ਕਰੋਨਾ ਤੋਂ ਬਚਣ ਲਈ, ਪੈਣਾ ਬਾਣੀ ਦਾ ਕਰਨਾ ਜਾਪ ਏ।
ਕਰੋਨਾ ਰੂਪ ਚੁ ਕੁਦਰਤ ਨੇ ਦਿੱਤਾ, ਬਹੁਤ ਵੱਡਾ ਸਰਾਪ ਏ।

– ਪਰਸੋਤਮ ਲਾਲ ਸਰੋਏ
91-92175-44348

ਲਿਖ ਕਵੀਆ ਮੇਰੀ ਦਰਦ ਕਹਾਣੀ

ਨਾ ਮੈਂ ਸੱਸੀ ਨਾ ਮੈਂ ਸੋਹਣੀ
ਨਾ ਮੈਂ ਗੋਲੀ ਨਾ ਪਟਰਾਣੀ।
ਮੈਂ ਸਦੀਆਂ ਦੀ ਪੀੜ ਪਰੁੰਨ੍ਹੀ
ਲਿਖ ਕਵੀਆਂ ਮੇਰੀ ਦਰਦ ਕਹਾਣੀ ।

ਨਾ ਲਿਖ ਮੇਰੇ ਰੂਪ ਦੇ ਜਲਵੇ
ਲਿਖ ਨਾ ਮੇਰੀ ਮਸਤ ਜੁਆਨੀ ।
ਮੱਸਿਆ ਵਰਗੇ ਕੇਸ ਲਿਖੀਂ ਨਾ
ਲਿਖ ਨਾ ਤੋਰ ਤੁਰਾਂ ਮਸਤਾਨੀ ।
ਲਿਖ ਨਾ ਨੀਲੇ ਨੈਣ ਨਸ਼ੀਲੇ
ਲੱਭਦੇ ਫਿਰਨ ਹਾਣ ਦਾ ਹਾਣੀ ।
ਮੈਂ ਸਦੀਆਂ ਦੀ ਪੀੜ ਪਰੁੰਨ੍ਹੀ.....

ਮੈਂ ਕਲਮੂੰਹੀ , ਮੈਂ ਵਿਸ਼-ਗੰਦਲ,
ਮੈਂ ਅਬਲਾ, ਪੱਥਰ ਸਦਵਾਈ।
ਗੁੱਤ ਪਿੱਛੇ ਮੱਤ ਵਾਲੀ ਆਖਣ
ਵੇ ਕਵੀਆਂ ਮੈਨੂੰ ਤੇਰੇ ਭਾਈ।
ਪੈਰ ਦੀ ਜੁੱਤੀ ਸਮਝੇ ਮੈਨੂੰ
ਬੇਅਕਲੇ ਮਰਦਾਂ ਦੀ ਢਾਣੀ ।
ਮੈਂ ਸਦੀਆਂ ਦੀ ਪੀੜ ਪਰੁੰਨ੍ਹੀ ....

ਘੂਰਾਂ, ਘੱਪੇ, ਤਾਅਨੇ, ਮਿਹਣੇ ,
ਮੇਰੀ ਕਿਸਮਤ ਦੇ ਵਿਚ ਮਾਰਾਂ।
ਮੈਂ ਸੰਪਤ, ਨਿਰ ਜਿੰਦ ਵਸਤੂ ਮੈਂ ,
ਮੈਂ ਤਨ ਤੇ ਲੱਖ ਕਸ਼ਟ ਸਹਾਰਾਂ ।
ਬੱਸ ਭੋਗਣ ਦੀ ਚੀਜ਼ ਸਮਝਦੀ
ਜਾਤ ਮਰਦ ਦੀ ਮਰ ਮੁੱਕ ਜਾਣੀ।
ਮੈਂ ਸਦੀਆਂ ਦੀ ਪੀੜ ਪਰੁਨ੍ਹੀ.....

ਮੈਂ ਦਰਦਾਂ ਦੀ ਲੰਮੀ ਗਾਥਾ,
ਲੋੜਾਂ ਇੱਕ ਹੁੰਗਾਰਾ ।
ਮੈਂ ਪਲਮਦੀ ਵੇਲ "ਲਾਲ" ਵੇ
ਤੱਕਦੀ ਸਦਾ ਸਹਾਰਾ।
ਮੈਂ ਰੋਹੀ ਦਾ ਰੁੱਖ ਵੇ ਅੜਿਆ
ਭਾਵੇਂ ਘੁੱਗ ਵੱਸਦੀ 'ਸੁਲਹਾਣੀ'।
ਮੈਂ ਸਦੀਆਂ ਦੀ ਪੀੜ ਪਰੁਨ੍ਹੀ....

–ਲਾਲ ਸਿੰਘ ਸੁਲਹਾਣੀ
91-98721-55120

ਐ ਭੀਮ ! ਨਾਇਕ ਤੂੰ

ਅਣਦਿਸਦੇ ਰੱਬ ਦਾ ਪਤਾ ਨਹੀ
ਸਾਡੇ ਲਈ ਰੱਬ ਦੀ ਥਾਂ ਏ ਤੂੰ ।
ਐ ਭੀਮ! ਨਾਇਕ ਤੂੰ ਬਹੁਜਨ ਦਾ
ਗੁੰਗਿਆਂ ਲਈ ਇਕ ਜਬਾਂ ਏਂ ਤੂੰ ।

ਜੁਗਾਂ ਤੋਂ ਨ੍ਹੇਰਾ ਢੋਂਹਦੇ ਸੀ
ਜੋ ਪਸ਼ੂ ਵਾਂਗ ਦੁਰਕਾਰੀ ਦੇ।
ਬਦਤਰ ਅਛੂਤ ਗੁਲਾਮਾਂ ਤੋਂ,
ਸਨ ਡੰਗਰਾਂ ਵਾਂਗਰ ਮਾਰੀਦੇ।
ਪਨਾਂਹਗੀਰ ਜੋ ਸਦੀਆਂ ਦੇ
ਉਹਨਾਂ ਲਈ ਭੀਮ ਪਨਾਂਹ ਏਂ ਤੂੰ।
ਐ ਭੀਮ-----

ਇਕ ਝਟਕੇ ਦੇ ਨਾਲ ਤੋੜ ਦਿੱਤੀ
ਬੰਨ੍ਹੀ ਮਰਿਆਦਾ ਮੰਨੂੰ ਦੀ।
ਸਭ ਹੱਕ ਬਰਾਬਰ ਕਰ ਦਿੱਤੇ
ਭੰਨੀ ਮਰਿਆਦਾ ਮੰਨੂੰ ਦੀ।
ਤਪਦੇ, ਲੁਛਦੇ, ਸੜਦਿਆਂ ਲਈ
ਪਿੱਪਲਾਂ ਦੀ ਠੰਡੀ ਛਾਂ ਏ ਤੂੰ।
ਐ ਭੀਮ!------

ਭੰਡ, ਪੈਰ ਦੀ ਜੁੱਤੀ ਕਹਿ ਭੰਡਿਆ
ਜੱਗਜਨਣੀ ਜੱਗ ਦੀ ਨਾਰੀ ਨੂੰ ।
ਬਾਘਣ, ਨਾਗਣ, ਵਿਸ਼-ਗੰਦਲ
ਕਹਿ ਕਹਿ ਕੇ ਦੰਡਿਆ ਨਾਰੀ ਨੂੰ ।
ਉਹਨੂੰ ਸਿਰ ਦਾ ਤਾਜ ਬਣਾ ਦਿੱਤਾ
ਸਾਡੀ ਸੋਚ ਤੋਂ ਬਹੁਤ ਉਤਾਂਹ ਏ ਤੂੰ ।
ਐ ਭੀਮ!--------

ਦੱਤਾ ਨਾ ਜੋ ਭਗਵਾਨਾਂ ਨੇ
ਉਹ ਦਿੱਤਾ ਕੌਮ ਨਿਮਾਣੀ ਨੂੰ ।
ਤੇਰਾ ਲੋਹਾ ਦੁਸ਼ਮਣ ਮੰਨ ਗਏ
ਏਹ ਮਾਣ 'ਲਾਲ ਸੁਲਹਾਣੀ' ਨੂੰ ।
ਤੂੰ ਗਿਆਨ ਦਾ ਮਘਦਾ ਸੂਰਜ ਏਂ
ਸਾਡੇ ਸਾਹ, ਪ੍ਰਾਣ, ਜਿੰਦ ਜਾਂ ਏ ਤੂੰ ।
ਐ ਭੀਮ------

ਮੇਰੀ ਮਾਂ

ਤੂੰ ਮੈਨੂੰ ਗੋਦੀ ਚੁੱਕ ਕੇ ਖਿਡਾਇਆ,
ਮੈਨੂੰ ਰੋਂਦੇ ਨੂੰ ਗਲ ਨਾਲ ਲਾਇਆ।
ਤੇਰੀਆਂ ਸੁਣ ਕੇ ਲੋਰੀਆਂ ਤੇ ਬਾਤਾਂ,
ਮੇਰੀਆਂ ਚੰਗੀਆਂ ਲੰਘਦੀਆਂ ਸੀ ਰਾਤਾਂ।
ਹੌਲੀ ਹੌਲੀ ਮੈਨੂੰ ਬੋਲਣਾ ਸਿਖਾਇਆ,
ਵੱਡਿਆਂ ਦਾ ਆਦਰ ਕਰਨਾ ਸਿਖਾਇਆ।
ਤੂੰ ਮੇਰੇ ਲਈ ਕੀਤੀਆਂ ਦਿਨ ਰਾਤ ਦੁਆਵਾਂ,
ਤਾਂ ਹੀ ਨੇੜੇ ਮੇਰੇ ਆਈਆਂ ਨਾ ਬਲਾਵਾਂ।
ਫਿਰ ਤੂੰ ਮੈਨੂੰ ਸਕੂਲੇ ਪੜ੍ਹਨਾ ਪਾਇਆ,
ਘਰ ਆਏ ਨੂੰ ਹੋਮ ਵਰਕ ਕਰਾਇਆ।
ਹੌਲੀ ਹੌਲੀ ਕੀਤੀ ਪੜ੍ਹਾਈ ਮੈਂ ਪੂਰੀ,
ਮੈਨੂੰ ਮਿਲੇ ਨੌਕਰੀ, ਖ਼ਾਹਿਸ਼ ਸੀ ਤੇਰੀ।
ਫਿਰ ਮੈਂ ਕੀਤਾ ਬੈਂਕ ਦਾ ਟੈਸਟ ਪਾਸ,
ਨੌਕਰੀ ਮਿਲਣ ਦੀ ਬੱਝ ਗਈ ਆਸ।
ਇੰਟਰਵਿਊ ਪਿੱਛੋਂ ਮਿਲ ਗਈ ਨੌਕਰੀ,
ਰੱਬ ਨੇ ਤੇਰੀ ਫਰਿਆਦ ਸੁਣ ਲਈ।
ਮਾਏ ਮੇਰੀਏ, ਇਹੋ ਹੈ ਖ਼ਾਹਿਸ਼ ਮੇਰੀ,
ਮਿਲਦੀ ਰਹੇ ਮੈਨੂੰ ਸਦਾ
ਠੰਢੀ ਛਾਂ ਤੇਰੀ।

ਮਹਿੰਦਰ ਸਿੰਘ ਮਾਨ
91-99158-03554

ਮਾਂ

ਅੱਖ ਖੁਲੀ ਤਾਂ ਮਾਂ ਵੇਖ ,ਮੈਂ ਰੱਬ ਨੂੰ ਨਹੀ ਤੱਕਿਆ।
ਉਹ ਥਾਵਾਂ ਤੇ ਮਾਂ ਬੌੜੀ,ਜਿਥੇ ਰੱਬ ਬੌਹੜ ਨਹੀ ਸਕਿਆ।
ਪੀੜ ਜਨੇਪੇ ਦੀ ਕੱਲਾ ,ਮੇਰਾ ਰੱਬ ਜਰਦਾ ਏ।
ਮੇਰੀ ਮਾਂ ਨੀ ਰੱਬ ਦੇ ਵਰਗੀ,ਰੱਬ ਮੇਰੀ ਮਾਂ ਵਰਗਾ ਏ।

ਉਹਦਾ ਦਰਜ਼ਾ ਕਿਵੇਂ ਦੇ ਦਿਆਂ,ਮੈਂ ਦੁਨੀਆਂ ਦੇ ਰੱਬ ਨੂੰ।
ਉਹਦਾ ਸ਼ੁਕਰੀਆ ਕਿਵੇਂ ਕਰਾਂ ਨਾ,ਜੀਹਨੇ ਵਿਖਾਇਆ ਜੱਗ ਨੂੰ।
ਕਿਉਂ ਪੱਥਰ ਫਿਰ ਪੂਜਾ,ਜਦ ਮੇਰੀ ਮਾਂ ਤੇ ਸਰਦਾ ਏ।
ਮੇਰੀ ਮਾਂ ਨੀ ਰੱਬ ਦੇ ਵਰਗੀ,ਰੱਬ ਮੇਰੀ ਮਾਂ ਵਰਗਾ ਏ

ਮੇਰੀ ਗਿੱਲੀ ਥਾਂ ਤੇ ਮਾਂ ਸੁਤੀ,ਦਿਨ ਰਾਤ ਨੀਂਦਰੇ ਕੱਟੇ।
ਇੱਕ ਦਿਨ ਮੈਨੂੰ ਮਾਂ ਦੀ ਥਾਂ ਤੇ,ਰੱਬ ਸੁੱਤਾ ਤਾਂ ਦੱਸੇ।।
ਭੁੱਖ ਤੇਹ ਰੱਬ ਮੇਰਾ ਕੱਟਦਾ ,ਪਰ ਢਿੱਡ ਮੇਰਾ ਭਰਦਾ ਏ।
ਮੇਰੀ ਮਾਂ ਨੀ ਰੱਬ ਦੇ ਵਰਗੀ,ਰੱਬ ਮੇਰੀ ਮਾਂ ਵਰਗਾ ਏ।

ਵੀਰਪਾਲ ਦੀ ਏਨੀ ਔਕਾਤ ਨਹੀ, ਕਿ ਮਾਂ ਦਾ ਕਰਜ਼ ਉਤਾਰੇ।
ਹੈ ਭੱਠਲ ਮਾਂ ਦੇ ਚਰਨਾਂ ਦੇ ਵਿੱਚ,ਜੰਨਤ ਜਿਹੇ ਨਜ਼ਾਰੇ
ਰੱਬ ਗਲਤੀ ਦੀ ਸਜ਼ਾ ਦਿੰਦਾ,ਮਾਂ ਰੱਖਦੀ ਪਰਦਾ ਏ।
ਮੇਰੀ ਮਾਂ ਨੀ ਰੱਬ ਦੇ ਵਰਗੀ,ਰੱਬ ਮੇਰੀ ਮਾਂ ਵਰਗਾ ਏ।

– ਵੀਰਪਾਲ ਕੌਰ ਭੱਠਲ
91-97810-13953

ਜਮਸ਼ੇਰ ਖਾਸ ਤੋਂ ਮੁੰਬਈ ਤੱਕ ਦਾ ਫ਼ਿਲਮੀ ਸਫ਼ਰ ਤੈਅ ਕਰਨ ਵਾਲਾ

ਪਹਿਚਾਣ ਬਣਾਉਣ ਲਈ ਦਿਨ ਰਾਤ ਮਿਹਨਤ ਕਰ ਰਿਹੈ ਬਲਕਾਰ ਸਿੰਘ

ਗੁਰਬਾਜ ਗਿੱਲ
91-98723-62507

ਪੰਜਾਬੀ ਸਿਨੇਮਾ ਲਗਾਤਾਰ ਤਰੱਕੀਆਂ ਦੀ ਰਾਹ ਤੇ ਚੱਲ ਰਿਹਾ ਹੈ। ਹਰ ਹਫਤੇ ਦੋ ਤਿੰਨ ਪੰਜਾਬੀ ਫ਼ਿਲਮਾਂ ਰਿਲੀਜ਼ ਹੋ ਰਹੀਆਂ ਹਨ। ਪਾਲੀਵੁੱਡ ਸਿਨੇਮਾ ਆਪਣਾ ਮੁਕਾਮ ਬਾਲੀਵੁੱਡ ਸਿਨੇਮੇ ਦੇ ਹਾਣ ਦਾ ਕਰਨ ਲਈ ਨਿਰੰਤਰ ਨਵੇਂ ਕਦਮ ਪੁੱਟ ਰਿਹਾ ਹੈ। ਪੰਜਾਬੀ ਸਿਨੇਮੇ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਦੇ ਪਿੱਛੇ ਕੰਮ ਕਰ ਰਹੀਆਂ ਟੈਕਨੀਕਲ ਟੀਮਾਂ ਤੇ ਪਰਦੇ ਉੱਪਰ ਦਿਖਣ ਵਾਲੇ ਕਲਾਕਾਰ। ਇਹਨਾਂ ਹੀ ਕਲਾਕਾਰਾਂ ਵਿੱਚ ਇੱਕ ਨਾਮ ਐ ਬਲਕਾਰ ਸਿੰਘ।

ਪਿੰਡ ਜਮਸ਼ੇਰ ਖਾਸ ਤੋਂ ਮੁੰਬਈ ਤੱਕ ਦਾ ਫ਼ਿਲਮੀ ਸਫ਼ਰ ਤੈਅ ਕਰਨ ਵਾਲਾ ਅਦਾਕਾਰ ਬਲਕਾਰ ਸਿੰਘ, ਜਲੰਧਰ ਜ਼ਿਲੇ ਦੇ ਨਾਲ ਲੱਗਦੇ ਪਿੰਡ ਜਮਸ਼ੇਰ ਖਾਸ ਦਾ ਰਹਿਣ ਵਾਲਾ ਹੈ। ਇੱਕ ਸਥਾਪਿਤ ਅਦਾਕਾਰ ਵਜੋਂ ਆਪਣਾ ਨਾਂ ਬਣਾਉਣ ਲਈ ਅਦਾਕਾਰ ਬਲਕਾਰ ਸਿੰਘ ਨਿਰੰਤਰ ਸਖਤ ਮਿਹਨਤ ਕਰ ਰਿਹਾ ਹੈ। ਉਸ ਦੀ ਇਸ ਮਿਹਨਤ ਦੇ ਬੂਟੇ ਨੇ ਜੜ੍ਹ ਫੜ ਲਈ ਹੈ ਤੇ ਜਲਦੀ ਹੀ ਇਹ ਬੂਟਾ ਵੱਡਾ ਦਰੱਖਤ ਬਣ ਜਾਏਗਾ, ਜੋ ਕਿ ਪਾਲੀਵੁੱਡ ਸਿਨੇਮੇ ਦੀ ਪਹਿਚਾਣ ਦਾ ਚਿੰਨ੍ਹ ਹੋਵੇਗਾ। ਬਲਕਾਰ ਸਿੰਘ ਦਾ ਕਹਿਣਾ ਹੈ ਕਿ ਉਸ ਦੇ ਪਿਤਾ ਸ. ਦਰਸ਼ਨ ਸਿੰਘ ਦਾ ਸੁਪਨਾ ਹੈ ਕਿ ਉਹ ਇੱਕ ਕਲਾਕਾਰ ਵਜੋਂ ਨਾਂ ਕਮਾ ਕੇ ਪਿੰਡ ਦਾ ਨਾਂ ਰੌਸ਼ਨ ਕਰੇ। ਬਲਕਾਰ ਸਿੰਘ ਨੇ ਆਪਣਾ ਫ਼ਿਲਮੀ ਸਫਰ ਦੂਰਦਰਸ਼ਨ ਦੇ ਪ੍ਰੋਗਰਾਮ 'ਕੁਝ ਤੇ ਕਰੋ ਵਿਚਾਰ' ਨਾਲ ਸ਼ੁਰੂ ਕੀਤਾ, ਉਸ ਤੋਂ ਬਾਅਦ ਚੜ੍ਹਦੀਕਲਾ ਟਾਈਮ ਟੀ ਵੀ ਤੇ ਪ੍ਰਸਾਰਿਤ ਹੋਏ ਸੀਰੀਅਲ 'ਖੇਲ ਤਕਦੀਰਾਂ ਦੇ' ਵਿਚ ਬਤੌਰ ਹੀਰੋ ਕੰਮ ਕੀਤਾ। ਫੇਰ ਅਗੇ ਚੱਲ ਕੇ ਹੋਰ ਸੀਰੀਅਲ ਕੀਤੇ 'ਮੌਕਾ ਏ ਵਾਰਦਾਤ' ਤੇ 'ਕਾਲੇ ਗੁਲਾਬ' ਆਦਿ। ਬਲਕਾਰ ਸਿੰਘ ਨੇ ਲਗਭਗ 80 ਤੋਂ ਉਪਰ ਗੀਤਾਂ ਵਿੱਚ ਪੰਜਾਬੀ ਗੀਤਾਂ ਚ ਵੀ ਬਤੌਰ ਮਾਡਲ ਕੰਮ ਕੀਤਾ। ਛੋਟੇ ਪਰਦੇ ਤੋਂ ਵੱਡੇ ਪਰਦੇ ਵੱਲ ਉਸਦੇ ਸਫਰ ਦੀ ਸੁਰੂਆਤ ਉਦੋਂ ਹੋਈ ਜਦੋ ਉਸਨੂੰ ਬਾਲੀਵੁੱਡ ਦੀ ਬਹੁਚਰਚਿਤ ਫਿਲਮ 'ਦੰਗਲ' ਵਿੱਚ ਸੁਪਰ ਸਟਾਰ ਆਮਿਰ ਖਾਨ ਨਾਲ ਕੰਮ ਕਾਰਨ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਪੰਜਾਬੀ ਫ਼ਿਲਮਾਂ ਚ ਉਸ ਦੀ ਆਮਦ ਹੋਈ ਅਤੇ ਉਸਨੇ ਪੰਜਾਬੀ ਫਿਲਮ' ਗੁਮਰਾਹ' ਕੀਤੀ, ਜਿਸਦੇ ਡਾਇਰੈਕਟਰ ਵਿਜੈ ਪਾਹਵਾ ਸਨ,

ਫੇਰ ਅਗਲੀ ਫਿਲਮ 'ਚੰਨ ਤਾਰਾ' ਕੀਤੀ, ਜਿਸ ਨੂੰ ਵਨੀਤ ਅਟਵਾਲ ਜੀ ਨੇ ਡਾਇਰੈਕਟ ਕੀਤਾ। ਇਸ ਫਿਲਮ ਚ ਨਵ ਬਾਜਵਾ, ਅਰੁਣ ਬਖਸ਼ੀ ਤੇ ਸ਼ਿਵਾ ਵਰਗੇ ਕਲਾਕਾਰਾਂ ਨਾਲ ਕੰਮ ਕੀਤਾ। ਸਾਲ 2019 ਵਿੱਚ ਉਸ ਦੀਆਂ 8-9 ਪੰਜਾਬੀ ਫ਼ਿਲਮਾਂ ਹਫਤਾ-ਦਰ-ਹਫਤਾ ਰਿਲੀਜ਼ ਹੋਈਆਂ, 15 ਮਈ ਨੂੰ ਉਸ ਦੀ ਫਿਲਮ ਵੱਡੇ ਪਰਦੇ ਤੇ ਆਈ 'ਗੈਂਗਸਟਰ ਵਰਸ ਸਟੇਟ', ਕਪਿਲ ਬੱਤਰਾ ਪ੍ਰੋਡਕਸ਼ਨ ਦੀ ਇਸ ਫ਼ਿਲਮ ਵਿੱਚ ਉਸ ਦੇ ਕਿਰਦਾਰ ਨੂੰ ਖ਼ੂਬ ਸਲਾਹਿਆ ਗਿਆ। ਇਸੇ ਮਹੀਨੇ ਦੀ 31 ਮਈ ਨੂੰ ਉਸ ਦੀ ਦੂਸਰੀ ਫਿਲਮ 'ਬਲੈਕ ਐਂਡ ਵ੍ਹਾਈਟ ਟੀ ਵੀ' ਵੱਡੇ ਪਰਦੇ ਤੇ ਪਰਦਾਪੇਸ਼ ਹੋਈ। ਨਿਰਮਾਤਾ-ਨਿਰਦੇਸ਼ਕ ਸੁਖਪਾਲ ਸਿੱਧੂ ਦੀ ਇਸ ਫ਼ਿਲਮ ਵਿੱਚ ਉਸ ਨੇ ਹੀਰੋ ਦੇ ਦੋਸਤ ਦਾ ਕਿਰਦਾਰ ਨਿਭਾਇਆ। ਜੁਲਾਈ ਮਹੀਨੇ ਵਿੱਚ ਬਲਕਾਰ ਸਿੰਘ ਦੀਆਂ ਤਿੰਨ ਫੀਚਰ ਫਿਲਮਾਂ ਰਿਲੀਜ਼ ਹੋਈਆਂ, 5 ਜੁਲਾਈ ਨੂੰ ਬਹੁ-ਚਰਚਿਤ ਫਿਲਮ 'ਡੀਐਸਪੀ ਦੇਵ', 12 ਜੁਲਾਈ ਨੂੰ 'ਜੱਦੀ ਸਰਦਾਰ' ਅਤੇ ਦੂਜੀ 'ਜੱਟ ਜੁਗਾੜੀ ਹੁੰਦੇ ਨੇ'। ਫਿਲਮ 'ਜੱਦੀ ਸਰਦਾਰ' ਮਨਭਾਵਨ ਸਿੰਘ ਵੱਲੋਂ ਨਿਰਦੇਸ਼ਿਤ ਕੀਤੀ ਗਈ ਸੀ। ਇਸ ਫ਼ਿਲਮ ਵਿੱਚ ਉਹ ਗੁੱਗੂ ਗਿੱਲ , ਸਿੱਪੀ ਗਿੱਲ, ਦਿਲਪ੍ਰੀਤ ਢਿੱਲੋਂ ਵਰਗੇ ਦਿੱਗਜ ਕਲਾਕਾਰਾਂ ਨਾਲ ਨਜ਼ਰ ਆਇਆ। ਜ਼ਿਕਰਯੋਗ ਹੈ ਕਿ ਬਲਕਾਰ ਸਿੰਘ ਦੀਆਂ ਹੁਣ ਤੱਕ ਲਘੂ ਫ਼ਿਲਮਾਂ 'ਉਮਰਾਂ ਦੇ ਸੰਤਾਪ', 'ਪੰਗੇ ਸਰਪੰਚੀ ਦੇ', 'ਡਰੱਗਜ਼', 'ਭੂਤਾਂ ਵਾਲੀ ਹਵੇਲੀ', '15 ਅਗਸਤ' ਅਤੇ 'ਮਾਂ ਦਾ ਦਾਜ' ਬਤੌਰ ਹੀਰੋ ਰਿਲੀਜ਼ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਇਹ ਕਲਾਕਾਰ ਕਮਰਸ਼ਲ ਐਡ ਫ਼ਿਲਮਾਂ (ਮਸ਼ਹੂਰੀਆਂ) ਵਿੱਚ ਵੀ ਕੰਮ ਕਰ ਚੁੱਕਾ ਹੈ।

ਅਦਾਕਾਰ ਹੋਣ ਦੇ ਨਾਲ-ਨਾਲ ਬਲਕਾਰ ਸਿੰਘ ਪਰਦੇ ਪਿੱਛੇ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ, ਪਰਦੇ ਦੇ ਪਿੱਛੇ ਤਕਨੀਕੀ ਵਿਭਾਗ ਚ ਉਹ ਬਤੌਰ ਪ੍ਰੋਡਕਸ਼ਨ ਮੈਨੇਜਰ ਅਤੇ ਕਾਸਟਿੰਗ ਡਾਇਰੈਕਟਰ ਵਜੋਂ ਕੰਮ ਕਰਦਾ ਹੈ, ਉਸਦਾ ਆਪਣਾ 'ਕੇ ਕੇ ਫਿਲਮਸ' ਨਾਮ ਦਾ ਪ੍ਰੋਡਕਸ਼ਨ ਹਾਊਸ ਹੈ। ਪਰਦੇ ਦੇ ਪਿੱਛੇ ਹੁਣ ਤਕ ਉਹ ਕਈ ਹਾਲੀਵੁਡ, ਬਾਲੀਵੁੱਡ ਤੇ ਪਾਲੀਵੁੱਡ ਦੇ ਵੱਡੇ ਵੱਡੇ ਪ੍ਰੋਜੈਕਟਾਂ ਦਾ ਹਿੱਸਾ ਰਿਹਾ ਹੈ। ਜਿਵੇਂ ਕਿ ਹਾਲੀਵੁੱਡ ਵੈੱਬ ਸੀਰੀਜ਼ 'ਦਾ ਗਾਇਡਿੰਗ ਲਾਈਟ' ਵਿਚ, ਬਾਲੀਵੁੱਡ ਦੀ ਵੈੱਬ ਸੀਰੀਜ਼ 'ਹੂ ਇਜ਼ ਯੂਅਰ ਡੈਡੀ' ਅਤੇ 45 ਡੇਅਸ ਵਿਚ ਕੰਮ ਕੀਤਾ, ਸੋ

Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404

Indian Restaurant
For Sale In Stockton
All Equipment & Fixtures Included
Listing Price: $149,900

Smoke Shop for Sale in Sacramento
Monthly Gross Sales: $50K
Listing Price: $89,000

Gas Station, Liquor Store,
Deli, & Laundromat!
In Contra Costa County, CA
Listing Price: $1,200,000

Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA

Liquor Store for Sale in Santa Clara
Monthly Gross Sale: $90K
Listing Price: $649,000 plus Inventory

Subway
for Sale in Sacramento
Listing Price: $224,900

Indian Restaurant
for Sale in Sacramento
Listing Price: $149,000

Coffee Shop for Sale
Monthly Gross Sales: $25,000
Listing Price: $150,000

7Eleven
7 Eleven Store For Sale in Antioch, CA
Listing Price: $550,000



3 Bedroom 1 Bath Home on
10 Acre Lot
Listing Price: $1,500,000

BERKSHIRE HATHAWAY BH HS HOMESERVICES

Elite Real Estate
Home Services

BERKSHIRE HATHAWAY

Have you been thinking of buying Rental Properties?

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

OFFICE: 7412 ELSIE AVE., SACRAMENTO, CA 95828

KB USED AUTO SALES

8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife

K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand	$99 + Labor
Recap Truck Tire	$ 249 + Labor
Recap Trailar Tires and Kind	$ 199 + Labor

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop